ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

ਕੈਨੇਡੀਅਨ
# ਪੰਜਾਬੀ ਪੋਸਟ

Award Winning Newspaper Canadian Punjabi Post

Vol 19*Issue 249 | Thursday, December 24, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਕੈਨੇਡਾ ਵਿਚ ਮਿਲੀ ਮਨਜ਼ੂਰੀ

ਓਟਵਾ, 23 ਦਸੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਅਮਰੀਕਾ ਦੀ ਬਾਇਓਟੈਕ ਫਰਮ ਮੌਡਰਨਾ ਦੀ ਕੋਵਿਡ-19 ਵੈਕਸੀਨ ਕੈਨੇਡਾ ਵਿੱਚ ਵਰਤੇ ਜਾਣ ਲਈ ਸੇਫ ਹੈ। ਇਹ ਦੂਜੀ ਅਜਿਹੀ ਵੈਕਸੀਨ ਹੈ ਜਿਸ ਨੂੰ ਕੈਨੇਡਾ ਵਿੱਚ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 9 ਦਸੰਬਰ ਨੂੰ ਫਾਈਜ਼ਰ ਦੀ ਬਾਇਓਐਨਟੈਕ ਵੈਕਸੀਨ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇੱਕ ਅੰਦਾਜ਼ੇ ਮੁਤਾਬਕ ਅਗਲੇ 48 ਘੰਟਿਆਂ ਵਿੱਚ ਮੌਡਰਨਾ ਇਸ ਵੈਕਸੀਨ ਦੀ ਖੇਪ ਕੈਨੇਡਾ ਭੇਜਣੀ ਸ਼ੁਰੂ ਕਰ ਦੇਵੇਗੀ। ਦਸੰਬਰ ਦੇ ਅੰਤ ਤੱਕ ਮੌਡਰਨਾ ਦੀਆਂ 168,000 ਡੋਜ਼ਾਂ ਤੇ ਮਾਰਚ ਦੇ ਅੰਤ ਤੱਕ ਦੋ ਮਿਲੀਅਨ ਡੋਜ਼ਾਂ ਕੈਨੇਡਾ ਪਹੁੰਚ ਜਾਣਗੀਆਂ।




2021 ਵਿੱਚ ਕੈਨੇਡਾ ਨੂੰ ਮੌਡਰਨਾਂ ਦੀਆਂ 40 ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਇਸ ਨਾਲ 20 ਮਿਲੀਅਨ ਲੋਕ ਵੈਕਸੀਨੇਟ ਹੋ ਜਾਣਗੇ ਜਾਂ ਇੰਜ ਕਹਿ ਲਿਆ ਜਾਵੇ ਕਿ ਕੈਨੇਡਾ ਦੀ ਬਾਲਗ ਆਬਾਦੀ ਦਾ ਦੋ ਤਿਹਾਈ ਵੈਕਸੀਨੇਟ ਹੋ ਜਾਵੇਗਾ। ਇਸ ਵੈਕਸੀਨ ਦੀ ਬੱਚਿਆਂ ਉੱਤੇ ਵਰਤੋਂ ਦੀ ਸਿਫਾਰਿਸ਼ ਨਹੀਂ ਕੀਤੀ ਗਈ ਹੈ ਕਿਉਂਕਿ ਐਡੋਲੋਸੈਂਟ ਉੱਤੇ ਹੀ ਟੈਸਟ ਦਸੰਬਰ ਵਿੱਚ ਸ਼ੁਰੂ ਹੋਏ ਤੇ 12 ਸਾਲ ਤੋਂ ਛੋਟੇ ਬੱਚਿਆਂ ਦੇ ਟੈਸਟ ਅਗਲੇ ਸਾਲ ਤੱਕ ਸ਼ੁਰੂ ਨਹੀਂ ਹੋਣਗੇ।

ਕੈਨੇਡਾ ਲਈ ਮੌਡਰਨਾ ਦੀਆਂ ਡੋਜ਼ਾਂ ਯੂਰਪ ਵਿੱਚ ਤਿਆਰ ਕੀਤੀਆਂ ਗਈਆਂ ਹਨ। ਇਸ ਵੈਕਸੀਨ ਦੀਆਂ ਪਹਿਲੀਆਂ ਡੋਜ਼ਾਂ ਫਰੰਟ ਲਾਈਨ ਹੈਲਥ ਸਟਾਫ, ਲਾਂਗ ਟਰਮ ਕੇਅਰ ਦੇ ਰੈਜ਼ੀਡੈਂਟਸ ਤੇ ਵਰਕਰਜ਼, ਮੂਲਵਾਸੀ ਕਮਿਊਨਿਟੀਜ਼ ਦੇ ਦੂਰ ਦਰਾਜ ਇਲਾਕੇ ਵਿੱਚ ਰਹਿਣ ਵਾਲੇ ਐਡਲਟਸ, ਤੇ ਕਮਿਊਨਿਟੀ ਦੇ 80 ਸਾਲ ਤੋਂ ਵੱਧ ਉਮਰ ਦੇ ਸੀਨੀਅਰਜ਼ ਨੂੰ ਦਿੱਤੀਆਂ ਜਾਣਗੀਆਂ।

**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ, ਅਸੀਂ ਕਾਮਨਾ ਕਰਦੇ ਹਾਂ ਕਿ ਆਉਣ ਵਾਲਾ ਨਵਾਂ ਸਾਲ ਸਭ ਲਈ ਖੁਸ਼ੀਆਂ ਭਰਿਆ ਤੇ ਤੰਦਰੁਸਤੀ ਤੇ ਤਰੱਕੀਆਂ ਵਾਲਾ ਹੋਵੇ : ਮੁੱਖ ਸੰਪਾਦਕ**

## ਅੰਦਰ ਪੜ੍ਹੋ


ਮਿਸੀਸਾਗਾ ਦੇ ਹਸਪਤਾਲ ਵਿਚ ਰਜਿਸਟਰਡ ਨਰਸ ਨੂੰ ਦਿੱਤੀ ਗਈ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼




ਮੁੱਖ ਮੰਤਰੀ ਖੱਟਰ ਨੂੰ ਕਾਲੇ ਝੰਡੇ ਵਿਖਾਉਣ ਵਾਲੇ ਕਿਸਾਨਾਂ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ





## ਕ੍ਰਿਸਮਸ ਮੌਕੇ ਕੈਨੇਡਾ ਵਿੱਚ ਹੀ ਫਸੇ ਹੋਏ ਹਨ ਸੈਂਕੜੇ ਮਾਈਗ੍ਰੈਂਟ ਵਰਕਰ



ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਪਿਛਲੇ 33 ਸਾਲਾਂ ਤੋਂ ਹਰ ਸਾਲ ਚੰਦਰਬੋਸ ਮਹਾਦਿਓ ਛੇ ਮਹੀਨੇ ਕੈਨੇਡਾ ਦੇ ਇੱਕ ਫਾਰਮ ਵਿੱਚ ਕੰਮ ਕਰਕੇ ਆਪਣਾ ਤੇ ਆਪਣੇ ਤ੍ਰਿਨੀਦਾਦ ਅਤੇ ਟੋਬੈਗੋ ਰਹਿ ਰਹੇ ਪਰਿਵਾਰ ਦਾ ਗੁਜ਼ਾਰਾ ਚਲਾ ਰਿਹਾ ਹੈ।

ਛੇ ਮਹੀਨੇ ਤੱਕ ਉਹ ਅਜਿਹਾ ਔਖਾ ਕੰਮ ਕਰਦਾ ਹੈ ਜਿਹੜਾ ਕਾਫੀ ਚੁਣੌਤੀਆਂ ਭਰਿਆ ਹੈ ਤੇ ਕੈਨੇਡੀਅਨ ਉਹ ਕੰਮ ਨਹੀਂ ਕਰਨਾ ਚਾਹੁੰਦੇ। ਉਹ ਛੇ ਮਹੀਨੇ ਆਪਣੇ ਬੱਚਿਆਂ ਤੇ ਗ੍ਰੈਂਡਚਿਲਡਰਨ ਤੋਂ ਦੂਰ ਰਹਿੰਦਾ ਹੈ। ਪਰ ਇਹ ਸਾਲ ਥੋੜ੍ਹਾ ਵੱਖਰਾ ਰਿਹਾ। ਮਹਾਦਿਓ ਨੇ ਆਖਿਆ ਕਿ ਆਮ ਤੌਰ ਉੱਤੇ ਉਹ ਅਪਰੈਲ ਵਿੱਚ ਆਉਂਦੇ ਹਨ ਤੇ ਅਕਤੂਬਰ ਵਿੱਚ ਚਲੇ ਜਾਂਦੇ ਹਨ ਪਰ ਇਸ ਸਾਲ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਉਹ ਕਦੋਂ ਜਾਣਗੇ। ਵਾਢੀ ਦਾ ਸੀਜ਼ਨ ਕਾਫੀ ਪਹਿਲਾਂ ਹੀ ਮੁੱਕ ਚੁੱਕਿਆ ਹੈ। ਇਸ ਲਈ ਮਹਾਦਿਓ ਲਈ ਕੈਨੇਡਾ ਬੈਠੇ ਰਹਿਣ ਦਾ ਕੋਈ ਹੋਰ ਕਾਰਨ ਨਜ਼ਰ ਨਹੀਂ ਆ ਰਿਹਾ। ਅਸਲ ਵਿੱਚ ਉਸ ਦੇ ਇੰਪਲੌਇਮੈਂਟ ਕਾਂਟਰੈਕਟ ਅਨੁਸਾਰ ਵੀ ਉਸ ਨੂੰ ਇਸ ਸਮੇਂ ਤੱਕ ਦੇਸ਼ ਵਿੱਚ ਨਹੀਂ ਹੋਣਾ ਚਾਹੀਦਾ। ਪਰ ਇਹੋ ਸੱਭ ਕੁੱਝ ਇਸ ਸਾਲ ਕਈ ਹੋਰਨਾਂ ਨਾਲ ਵੀ ਵਾਪਰਿਆ। ਤ੍ਰਿਨੀਦਾਦ ਅਤੇ ਟੋਬੈਗੋ ਨੇ ਨੋਵਲ ਕਰੋਨਾਵਾਇਰਸ ਨੂੰ ਆਪਣੇ ਟਾਪੂ ਉੱਤੇ ਫੈਲਣ ਤੋਂ ਰੋਕਣ ਲਈ ਬਹੁਤ ਸਖਤ ਪਾਬੰਦੀਆਂ ਲਾਈਆਂ ਹੋਈਆਂ ਹਨ।

ਹਾਲਾਂਕਿ ਸਰਕਾਰ ਵੱਲੋਂ ਕਈ ਵਾਰੀ ਵਿਸ਼ੇਸ਼ ਉਡਾਨਾਂ ਦਾ ਪ੍ਰਬੰਧ ਵੀ ਕੀਤਾ ਗਿਆ ਪਰ ਇਸ ਬਾਰੇ ਫਾਰਮ ਤੇ ਅਜਿਹੇ ਵਰਕਰਜ਼ ਤੱਕ ਇਹ ਖਬਰ ਹੀ ਨਹੀਂ ਪਹੁੰਚ ਸਕੀ।


...ਬਾਕੀ ਪੰਨਾ 5 'ਤੇ


## ਫਰਾਂਸ ਵਿੱਚ ਗੰਨਮੈਨ ਨੇ 3 ਪੁਲਿਸ ਅਧਿਕਾਰੀਆਂ ਨੂੰ ਜਾਨੋਂ ਮਾਰਿਆ



ਪੈਰਿਸ, 23 ਦਸੰਬਰ (ਪੋਸਟ ਬਿਊਰੋ) : ਦੱਖਣੀ ਫਰਾਂਸ ਵਿੱਚ ਇੱਕ ਗੰਨਮੈਨ ਨੇ ਆਪਣੀ ਮਹਿਲਾ ਸਾਥੀ ਨੂੰ ਪਹਿਲਾਂ ਕੁੱਟਿਆ ਮਾਰਿਆ ਤੇ ਫਿਰ ਉਸ ਨੂੰ ਬੰਦੀ ਬਣਾ ਲਿਆ। ਉਸ ਮਹਿਲਾ ਦੀ ਮਦਦ ਲਈ ਪਹੁੰਚੇ ਤਿੰਨ ਪੁਲਿਸ ਵਾਲਿਆਂ ਨੂੰ ਉਸ ਵਿਅਕਤੀ ਨੇ ਜਾਨੋਂ ਮਾਰ ਦਿੱਤਾ ਤੇ ਫਿਰ ਮੌਕਾ-ਏ-ਵਾਰਦਾਤ ਤੋਂ ਫਰਾਰ ਹੋ ਗਿਆ। ਪੁਲਿਸ ਵੱਲੋਂ ਵੱਡੀ ਪੱਧਰ ਉੱਤੇ ਉਸ ਦੀ ਭਾਲ ਦਾ ਕੰਮ ਸ਼ੁਰੂ ਕੀਤਾ ਗਿਆ। ਬਾਅਦ ਵਿੱਚ ਉਸ ਦੀ ਲਾਸ਼ ਮਿਲੀ।

ਫਰਾਂਸ ਦੇ ਗ੍ਰਹਿ ਮੰਤਰੀ ਗੇਰਾਰਡ ਡਾਰਾਮੈਨਿਨ ਬੁੱਧਵਾਰ ਨੂੰ ਲਿਓਨ ਤੋਂ ਦੱਖਣਪੱਛਮ ਵੱਲ ਟਾਊਨ ਆਫ ਸੇਂਟ ਨੇੜੇ ਮੌਕੇ ਦਾ ਮੁਆਇਨਾ ਕਰਨ ਪਹੁੰਚੇ। ਗੈਂਡਾਰਮ ਸਰਵਿਸ ਦੇ ਬੁਲਾਰੇ ਨੇ ਦੱਸਿਆ ਕਿ ਆਪਣੇ ਪਾਰਟਨਰ ਵੱਲੋਂ ਧਮਕੀਆਂ ਦਿੱਤੇ ਜਾਣ ਤੋਂ ਬਾਅਦ ਮਹਿਲਾ ਨੇ ਮਦਦ ਲਈ ਪੁਲਿਸ ਨੂੰ ਸੱਦਿਆ ਸੀ। ਪਰ ਕਾਫੀ ਦੇਰ ਤੱਕ ਖੜੋਤ ਬਣੀ ਰਹਿਣ ਤੋਂ ਬਾਅਦ ਗੰਨਮੈਨ ਨੇ ਤਿੰਨ ਪੁਲਿਸ ਅਧਿਕਾਰੀਆਂ ਨੂੰ ਜਾਨੋਂ ਮਾਰ ਦਿੱਤਾ ਤੇ ਇੱਕ ਹੋਰ ਜ਼ਖ਼ਮੀ ਹੋ ਗਿਆ। ਇਸ ਤੋਂ ਬਾਅਦ ਗੰਨਮੈਨ ਮੌਕੇ ਤੋਂ ਫਰਾਰ ਹੋ ਗਿਆ।


...ਬਾਕੀ ਪੰਨਾ 5 'ਤੇ


## ਕ੍ਰਿਸਮਸ ਮੌਕੇ ਭਾਰੀ ਮੀਂਹ ਤੋਂ ਬਾਅਦ ਹੋ ਸਕਦੀ ਹੈ ਬਰਫਬਾਰੀ



ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਮੌਸਮ ਸਬੰਧੀ ਸਪੈਸ਼ਲ ਬਿਆਨ ਅਨੁਸਾਰ ਟੋਰਾਂਟੋ ਵਿੱਚ ਕ੍ਰਿਸਮਸ ਮੌਕੇ ਭਾਰੀ ਮੀਂਹ ਤੋਂ ਬਾਅਦ ਹੋ ਸਕਦੀ ਹੈ ਭਾਰੀ ਬਰਫਬਾਰੀ।

ਇਹ ਬਿਆਨ ਕੱਲ੍ਹ ਸਵੇਰੇ 5:00 ਵਜੇ ਤੋਂ ਠੀਕ ਪਹਿਲਾਂ ਨੈਸ਼ਨਲ ਵੈਦਰ ਏਜੰਸੀ ਵੱਲੋਂ ਜਾਰੀ ਕੀਤਾ ਗਿਆ। ਘੱਟ ਦਬਾਅ ਵਾਲਾ ਸਿਸਟਮ ਬਣ ਜਾਣ ਕਾਰਨ ਬੁੱਧਵਾਰ ਰਾਤ ਨੂੰ ਮੀਂਹ ਸ਼ੁਰੂ ਹੋਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਐਨਵਾਇਰਮੈੱਟ ਕੈਨੇਡਾ ਦਾ ਕਹਿਣਾ ਹੈ ਕਿ ਇਹ ਮੀਂਹ ਵੀਰਵਾਰ ਨੂੰ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ ਤੇ ਵਿੱਚੋਂ ਵਿੱਚੋਂ ਭਾਰੀ ਮੀਂਹ ਵੀ ਪੈ ਸਕਦਾ ਹੈ। ਇਸ ਦੌਰਾਨ 15 ਤੋਂ 25 ਮਿਲੀਮੀਟਰ ਮੀਂਹ ਪੈਣ ਦੀ ਸੰਭਾਵਨਾ ਹੈ।

ਵੀਰਵਾਰ ਰਾਤ ਤੱਕ ਇਹ ਮੀਂਹ ਬਰਫਬਾਰੀ ਦਾ ਰੂਪ ਧਾਰ ਸਕਦਾ ਹੈ। ਐਨਵਾਇਰਮੈੱਟ ਕੈਨੇਡਾ ਦਾ ਕਹਿਣਾ ਹੈ ਕਿ ਬਰਫਬਾਰੀ ਵੀਰਵਾਰ ਰਾਤ ਤੋਂ ਸ਼ੁਰੂ ਹੋ ਕੇ ਸ਼ੁੱਕਰਵਾਰ ਸਵੇਰ ਤੱਕ ਜਾਰੀ ਰਹਿ ਸਕਦੀ ਹੈ। ਡਰਾਈਵਰਾਂ ਨੂੰ ਸਾਵਧਾਨੀ ਤੋਂ ਕੰਮ ਲੈਣ ਲਈ ਤੇ ਅਹਿਤਿਆਤ ਵਰਤਣ ਦੀ ਸਲਾਹ ਦਿੱਤੀ ਗਈ ਹੈ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 | 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McPhillipsStreet, Winnipeg

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 | 647 783 0049

Royal Pest Control
Residential | Commercial | Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licensed Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Happy New Year
2021
ਸਮੁੱਚੇ ਭਾਈਚਾਰੇ ਨੂੰ ਨਵੇਂ
ਸਾਲ ਦੀਆਂ ਲੱਖ-ਲੱਖ
ਵਧਾਈਆਂ
Trusted and Professinal advice
For Your Financial Goals
Sukhwinder Nahal
CFP, CLU | Financial Planner
Fair Advice
www.fairadvicefinancial.com Financial
TEL: 905-451-7900 Fax: 905-451-1308
7900 Hurontario St., Suite 308, Brampton, ON, L6Y 0P6


Punjabi Rifle & Recreation
Association of Ontario
Wishing You Very Very
Happy New Year
HAPPY
2021
NEW YEAR
Your Tradition
Your Rights....
SAVE THE AR-15 RIFLES
GET RID OF HEINRICH TRUDEAU
PUNJABI RIFLE & RECREATION
ASSOCIATION OF ONTARIO
Advisor
Yadwinder S Sahota
(416) 804 2321
Advisor
Harjeet Singh Dhadda
(647) 705 5492
Advisor
Sarbjit S Sra
(647) 705 5492


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


THE BOXING WEEK
SALES EVENT ON NOW
GIFT WITH ACTIVATION ($100 VALUE)
*WITH NEW ACTIVATION ON A $40/MO
DATA, TALK & TEXT PLAN OR HIGHER
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
*Valid at participating location(s) above between December 26th - December 31st, 2020. Get a gift $100 value only applicable with new activation on a $40/mo or higher Data, Talk & Text plan on auto-pay. Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਓਸਲਰ ਹੈਲਥ ਸਿਸਟਮ ਨੇ ਖੋਲ੍ਹਿਆ ਕੋਵਿਡ-19 ਵੈਕਸੀਨ ਕਲੀਨਿਕ



ਬਰੈਂਪਟਨ, 23 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਐਲਾਨੀਆਂ ਗਈਆਂ 17 ਕੋਵਿਡ-19 ਇਮਿਊਨਾਈਜ਼ੇਸ਼ਨ ਸਾਈਟਸ ਵਿੱਚੋਂ ਇੱਕ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਵੀ ਹੈ।

ਓਸਲਰ ਨੇ ਬਰੈਂਪਟਨ ਸਿਵਿਕ ਹਸਪਤਾਲ ਵਿਖੇ ਕੋਵਿਡ-19 ਵੈਕਸੀਨ ਕਲੀਨਿਕ ਖੋਲ੍ਹਣ ਲਈ ਤਿਆਰੀਆਂ ਮੁਕੰਮਲ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਓਸਲਰ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸੁਰੱਖਿਅਤ ਢੰਗ ਨਾਲ ਵੈਕਸੀਨ ਦੀ ਖੁਰਾਕ ਦੇਣ ਦਾ ਕੰਮ ਸਿਹਤ ਮੰਤਰਾਲੇ, ਓਨਟਾਰੀਓ ਹੈਲਥ ਤੇ ਪੀਲ ਪਬਲਿਕ ਹੈਲਥ ਨਾਲ ਰਲ ਕੇ ਨੇਪਰੇ ਚਾੜ੍ਹਿਆ ਜਾਵੇਗਾ। ਓਨਟਾਰੀਓ ਸਰਕਾਰ ਦੇ ਕੋਵਿਡ-19 ਇਮਿਊਨਾਈਜ਼ੇਸ਼ਨ ਪ੍ਰੋਗਰਾਮ ਦੇ ਸਬੰਧ ਵਿੱਚ ਓਸਲਰ ਪੜਾਅਵਾਰ ਵੈਕਸੀਨੇਸ਼ਨ ਦਾ ਕੰਮ ਸਿਰੇ ਚੜ੍ਹਾਵੇਗਾ।

ਪਹਿਲੇ ਪੜਾਅ ਵਿੱਚ ਹਾਈ ਰਿਸਕ ਏਰੀਆ ਵਿੱਚ ਕੰਮ ਕਰਨ ਵਾਲੇ ਹੈਲਥ ਕੇਅਰ ਵਰਕਰਜ਼ ਨੂੰ ਇਹ ਵੈਕਸੀਨ ਦਿੱਤੀ ਜਾਵੇਗੀ। ਕਮਿਊਨਿਟੀ ਓਸਲਰ ਕੋਵਿਡ-19 ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਲੋਕਾਂ ਦੀ ਸੇਵਾ ਕਰਦੀ ਹੈ ਤੇ ਅਜੇ ਵੀ ਇੱਥੇ ਕੋਵਿਡ-19 ਪਾਜ਼ੀਟਿਵ ਮਰੀਜ਼ਾਂ ਦੀ ਗਿਣਤੀ ਵਿੱਚ ਕੋਈ ਖਾਸ ਫਰਕ ਨਹੀਂ ਪਿਆ। ਓਸਲਰ ਨੇ ਆਖਿਆ ਕਿ ਆਪਣੇ ਲੋਕਾਂ ਦੀ ਸੇਫ ਵੈਕਸੀਨੇਸ਼ਨ ਜਾਨਾਂ ਬਚਾਉਣ ਵੱਲ ਚੁੱਕਿਆ ਜਾਣ ਵਾਲਾ ਪਹਿਲਾ ਕਦਮ ਹੈ ਤੇ ਇਸ ਨਾਲ ਵਾਇਰਸ ਨੂੰ ਨੱਥ ਪਾਉਣ ਵਿੱਚ ਵੀ ਮਦਦ ਮਿਲੇਗੀ।

# ਕ੍ਰਿਸਮਸ ਤੋਂ ਇਕ ਸ਼ਾਮ ਪਹਿਲਾਂ ਓਨਟਾਰੀਓ ਦੇ ਸਾਰੇ ਰੀਜਨਜ਼ ਮੁੜ ਲਾਕਡਾਊਨ ਵਿਚ ਹੋਣਗੇ



ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਕ੍ਰਿਸਮਸ ਤੋਂ ਇੱਕ ਸ਼ਾਮ ਪਹਿਲਾਂ ਓਨਟਾਰੀਓ ਦੇ ਸਾਰੇ ਰੀਜਨਜ਼ ਗ੍ਰੇਅ ਲਾਕਡਾਊਨ ਸਟੇਜ ਵਿੱਚ ਦਾਖਲ ਹੋ ਜਾਣਗੇ।

ਕ੍ਰਿਸਮਸ ਤੋਂ ਇੱਕ ਦਿਨ ਪਹਿਲਾਂ ਰਾਤੀਂ 12:01 ਵਜੇ ਪ੍ਰੋਵਿੰਸ ਭਰ ਵਿੱਚ ਗੈਰ ਜ਼ਰੂਰੀ ਰਿਟੇਲ ਤੇ ਇੰਡੋਰ ਡਾਈਨਿੰਗ ਉੱਤੇ ਪਾਬੰਦੀ ਲਾਗੂ ਹੋ ਜਾਵੇਗੀ। ਸਰਕਾਰ ਦੇ ਇੱਕ ਸੀਨੀਅਰ ਸਰੋਤ ਅਨੁਸਾਰ ਲਾਕਡਾਊਨ ਦੀ ਮਿਆਦ ਰੀਜਨ ਦੇ ਹਿਸਾਬ ਨਾਲ ਵੱਖਰੀ ਹੋਵੇਗੀ, ਇਸ ਲਈ ਇਹ ਮਾਪਦੰਡ ਕਿੰਨਾਂ ਸਮਾਂ ਰਹਿਣਗੇ ਅਜੇ ਇਹ ਸਪਸ਼ਟ ਨਹੀਂ ਕੀਤਾ ਗਿਆ ਹੈ।

ਪ੍ਰੀਮੀਅਰ ਡੱਗ ਫੋਰਡ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਟੋਰਾਂਟੋ ਤੇ ਪੀਲ ਰੀਜਨ ਵਿੱਚ ਲਾਕਡਾਊਨ ਸਬੰਧੀ ਮਾਪਦੰਡ 4 ਜਨਵਰੀ ਤੱਕ ਵਧਾਏ ਜਾਣਗੇ ਤੇ ਸੋਮਵਾਰ ਤੋਂ ਹੈਮਿਲਟਨ ਵੀ ਗ੍ਰੇਅ ਲਾਕਡਾਊਨ ਜ਼ੋਨ ਵਿੱਚ ਦਾਖਲ ਹੋ ਜਾਵੇਗਾ। ਵੀਕੈਂਡ ਉੱਤੇ ਸਿਹਤ ਅਧਿਕਾਰੀਆਂ ਨਾਲ ਐਮਰਜੰਸੀ ਮੀਟਿੰਗਾਂ ਕਰਨ ਤੋਂ ਬਾਅਦ ਪ੍ਰੀਮੀਅਰ ਵੱਲੋਂ ਵਾਧੂ ਮਾਪਦੰਡਾਂ ਬਾਰੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ਵਿੱਚ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

ਹੈਲਥ ਕੇਅਰ ਸਿਸਟਮ ਉੱਤੇ ਵੱਧ ਰਹੇ ਬੋਝ ਨੂੰ ਘਟਾਉਣ ਲਈ ਵੱਖ ਵੱਖ ਮੈਡੀਕਲ ਆਰਗੇਨਾਈਜ਼ੇਸ਼ਨ ਵੱਲੋਂ ਪਾਏ ਗਏ ਦਬਾਅ ਦੇ ਚੱਲਦਿਆਂ ਫੋਰਡ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਐਸੋਸਿਏਸ਼ਨ ਆਫ ਜੀਟੀਏ ਹੌਸਪਿਟਲਜ਼ ਦੇ ਨਾਲ ਨਾਲ ਓਨਟਾਰੀਓ ਹੌਸਪਿਟਲ ਐਸੋਸਿਏਸ਼ਨ ਤੇ ਓਨਟਾਰੀਓ ਮੈਡੀਕਲ ਐਸੋਸਿਏਸ਼ਨ ਵੱਲੋਂ ਸਾਂਝੇ ਤੌਰ ਉੱਤੇ ਸਖ਼ਤ ਲਾਕਡਾਊਨ ਮਾਪਦੰਡ ਅਪਣਾਏ ਜਾਣ ਲਈ ਪਾਏ ਗਏ ਦਬਾਅ ਤੋਂ ਬਾਅਦ ਇਹ ਫੈਸਲਾ ਆਇਆ। ਗਰੁੱਪ ਨੇ ਆਖਿਆ ਕਿ ਹਾਲੀਡੇਅ ਸੀਜ਼ਨ ਕਾਰਨ ਹਾਲਾਤ ਹੋਰ ਬਦਤਰ ਹੋ ਸਕਦੇ ਹਨ।

ਗਰੁੱਪ ਨੇ ਆਖਿਆ ਕਿ ਫਰੰਟਲਾਈਨ ਹੈਲਥ ਕੇਅਰ ਵਰਕਰਜ਼ ਬਹੁਤ ਤਣਾਅ ਵਿੱਚ ਹਨ ਤੇ ਮਹਾਂਮਾਰੀ ਦੌਰਾਨ ਉਨ੍ਹਾਂ ਵੱਲੋਂ ਦਿਨ ਰਾਤ ਕੰਮ ਕੀਤੇ ਜਾਣ ਕਾਰਨ ਉਹ ਸੱਭ ਕਾਫੀ ਥੱਕ ਚੁੱਕੇ ਹਨ ਤੇ ਜੇ ਇਹੋ ਹਾਲ ਰਿਹਾ ਤਾਂ ਸਾਰਿਆਂ ਦੀ ਬੱਸ ਹੋ ਜਾਵੇਗੀ। ਹੁਣ ਤਾਂ ਸਟਾਫ ਵੀ ਬਿਮਾਰ ਪੈਣ ਲੱਗ ਪਿਆ ਹੈ ਤੇ ਬਹੁਤਾ ਚਿਰ ਕੰਮ ਕਰਨ ਤੋਂ ਅਸਮਰਥ ਹੋ ਰਿਹਾ ਹੈ। ਪਰ ਅਸੀਂ ਹੁਣ ਆਪਣੇ ਮਰੀਜ਼ਾਂ ਤੇ ਹੈਲਥ ਕੇਅਰ ਵਰਕਰਜ਼ ਨੂੰ ਹੋਰ ਖਤਰੇ ਵਿੱਚ ਨਹੀਂ ਪਾ ਸਕਦੇ। ਇਸ ਲਈ ਸਖ਼ਤ ਮਾਪਦੰਡ ਲਿਆਂਦੇ ਜਾਣੇ ਚਾਹੀਦੇ ਹਨ।

# ਮਿਸੀਸਾਗਾ ਦੇ ਹਸਪਤਾਲ ਵਿਚ ਰਜਿਸਟਰਡ ਨਰਸ ਨੂੰ ਦਿੱਤੀ ਗਈ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼




ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ ਦੇ ਲਾਂਗ ਟਰਮ ਕੇਅਰ ਹੋਮ ਦੀ ਰਜਿਸਟਰਡ ਨਰਸ ਅਜਿਹੀ ਪਹਿਲੀ ਮਹਿਲਾ ਹੈ ਜਿਸ ਨੂੰ ਪੀਲ ਰੀਜਨ ਵਿੱਚ ਕੋਵਿਡ-19 ਵੈਕਸੀਨ ਦਿੱਤੀ ਗਈ।

ਕੈਮਿਲਾ ਕੇਅਰ ਕਮਿਊਨਿਟੀ ਲਾਂਗ ਟਰਮ ਕੇਅਰ ਹੋਮ ਵਿੱਚ ਰਜਿਸਟਰਡ ਨਰਸ ਬੈਲਾ ਰੈਗੋ ਨੇ ਆਖਿਆ ਕਿ ਇਹ ਪਲ ਮੀਲਪੱਥਰ ਹੈ ਤੇ ਲਾਂਗ ਟਰਮ ਕੇਅਰ ਲਈ ਇੱਕ ਸਕਾਰਾਤਮਕ ਕਦਮ ਹੈ। ਉਨ੍ਹਾਂ ਆਖਿਆ ਕਿ ਆਪਣੀ ਸਿਹਤ, ਸਥਾਨਕ ਰੈਜ਼ੀਡੈਂਟਸ, ਪਰਿਵਾਰ ਤੇ ਦੋਸਤਾਂ ਲਈ ਇਹ ਤਜਰਬਾ ਕਾਫੀ ਵਧੀਆ ਰਿਹਾ। ਰੇਗੋ ਨੇ ਆਖਿਆ ਕਿ ਉਨ੍ਹਾਂ ਕੋਵਿਡ-19 ਕਾਰਨ ਆਪਣੇ ਲਾਂਗ ਕੇਅਰ ਹੋਮ ਦੇ ਰੈਜ਼ੀਡੈਂਟਸ ਤੋਂ ਇਲਾਵਾ ਆਪਣੇ ਸਹਿਯੋਗੀਆਂ ਤੇ ਹੋਰਨਾਂ ਲੋਕਾਂ ਦੀ ਤਬਾਹੀ ਦਾ ਮੰਜ਼ਰ ਆਪਣੇ ਅੱਖੀਂ ਵੇਖਿਆ ਹੈ। ਅਪਰੈਲ ਵਿੱਚ ਉਹ ਆਪ ਵੀ ਕੋਵਿਡ-19 ਪਾਜ਼ੀਟਿਵ ਆ ਗਈ ਸੀ ਤੇ ਉਸ ਨੂੰ ਕੰਮ ਉੱਤੇ ਪਰਤਣ ਤੋਂ ਪਹਿਲਾਂ ਇੱਕ ਮਹੀਨੇ ਲਈ ਹੋਮ ਆਈਸੋਲੇਟ ਕਰਨਾ ਪਿਆ।

ਉਨ੍ਹਾਂ ਆਖਿਆ ਕਿ ਦਿਲ ਦਹਿਲਾ ਦੇਣ ਵਾਲੇ ਹਾਲਾਤ ਵਿੱਚੋਂ ਲੰਘਣ ਤੋਂ ਬਾਅਦ ਇਹ ਸੱਭ ਤੋਂ ਮਹੱਤਵਪੂਰਣ ਗੱਲ ਹੈ ਜਿਹੜੀ ਉਸ ਨਾਲ ਹੋਈ ਹੈ। ਰੈਗੋ ਨੂੰ ਕੱਲ੍ਹ ਮਿਸੀਸਾਗਾ ਦੇ ਟ੍ਰਿਲੀਅਮ ਹੈਲਥ ਪਾਰਟਨਰਜ਼ ਵਿਖੇ ਕੋਵਿਡ-19 ਦੀ ਵੈਕਸੀਨ ਦੀ ਪਹਿਲੀ ਡੋਜ਼ ਦਿੱਤੀ ਗਈ। ਟ੍ਰਿਲੀਅਮ ਹੈਲਥ ਨੂੰ ਸੋਮਵਾਰ ਸਵੇਰੇ ਫਾਈਜ਼ਰ ਵੈਕਸੀਨ ਦੀ ਪਹਿਲੀ ਖੇਪ ਮਿਲੀ ਸੀ। ਪੀਲ ਰੀਜਨ ਵਿੱਚ ਸੱਭ ਤੋਂ ਪਹਿਲਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਹੈਲਥ ਕੇਅਰ ਵਰਕਰਜ਼ ਦਾ ਟੀਕਾਕਰਣ ਕੀਤਾ ਜਾਵੇਗਾ।

ਟ੍ਰਿਲੀਅਮ ਹੈਲਥ ਪ੍ਰੋਵਿੰਸ ਦੇ ਉਨ੍ਹਾਂ 17 ਹਸਪਤਾਲਾਂ ਵਿੱਚੋਂ ਇੱਕ ਹੈ ਜਿਸ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਅਗਲੇ ਦੋ ਹਫਤਿਆਂ ਵਿੱਚ ਉਨ੍ਹਾਂ ਨੂੰ ਫਾਈਜ਼ਰ ਕੋਵਿਡ-19 ਵੈਕਸੀਨ ਮਿਲ ਜਾਵੇਗੀ।

# ਅਕਤੂਬਰ ਵਿੱਚ ਅਰਥਚਾਰੇ ਵਿੱਚ ਹੋਇਆ 0·4 ਫੀ ਸਦੀ ਵਾਧਾ : ਸਟੈਟਸ ਕੈਨ



ਓਟਵਾ, 23 ਦਸੰਬਰ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਅਕਤੂਬਰ ਵਿੱਚ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ 0•4 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਹ ਵਿਕਾਸ ਲਗਾਤਾਰ ਛੇਵੇਂ ਮਹੀਨੇ ਦਰਜ ਕੀਤਾ ਗਿਆ ਹੈ।

ਫਾਇਨਾਂਸ਼ੀਅਲ ਡਾਟਾ ਫਰਮ ਰੀਫਿਨਿਟਿਵ ਅਨੁਸਾਰ ਸਤੰਬਰ ਮਹੀਨੇ ਇਹ ਵਿਕਾਸ ਦਰ 0•8 ਫੀ ਸਦੀ ਸੀ। ਅਰਥਸ਼ਾਸਤਰੀਆਂ ਨੂੰ ਅਕਤੂਬਰ ਵਿੱਚ 0•3 ਫੀ ਸਦੀ ਵਾਧੇ ਦੀ ਉਮੀਦ ਸੀ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਨਵੰਬਰ ਦੇ ਸਬੰਧ ਵਿੱਚ ਲਾਏ ਗਏ ਮੁੱਢਲੇ ਅੰਦਾਜ਼ੇ ਮੁਤਾਬਕ ਇਸ ਮਹੀਨੇ ਵੀ ਵਿਕਾਸ ਦਰ 0•4 ਫੀ ਸਦੀ ਰਹਿਣ ਦੀ ਉਮੀਦ ਹੈ।

# ਵਾਅਨ ਤੋਂ ਲਾਪਤਾ ਵਿਅਕਤੀ ਦੀ ਭਾਲ ਕਰ ਰਹੀ ਹੈ ਪੁਲਿਸ



ਵਾਅਨ, 23 ਦਸੰਬਰ (ਪੋਸਟ ਬਿਊਰੋ) : ਯੌਰਕ ਪੁਲਿਸ ਵੱਲੋਂ ਵਾਅਨ ਵਿੱਚ ਇੱਕ 52 ਸਾਲਾਂ ਦੇ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਪੁਲਿਸ ਵੱਲੋਂ ਜਨਤਾ ਤੋਂ ਵੀ ਮਦਦ ਮੰਗੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਸੁੰਦਰਲਿੰਗਮ ਪੈਰੀਯਾਥਾਂਬੀ ਨਾਂ ਦੇ ਇਸ ਵਿਅਕਤੀ ਨੇ ਸਟੀਲਜ਼ ਐਵਨਿਊ ਤੇ ਮਾਰਟਿਨ ਗਰੂਵ ਡਰਾਈਵ ਨੇੜੇ ਸਥਿਤ ਸੇਂਟਫੀਲਡ ਡਰਾਈਵ ਸਥਿਤ ਆਪਣਾ ਘਰ ਕੱਲ੍ਹ ਦੁਪਹਿਰੇ 2:00 ਵਜੇ ਛੱਡਿਆ। ਉਸ ਨੂੰ ਆਖਰੀ ਵਾਰੀ ਹਰੇ, ਚਿੱਟੇ ਤੇ ਕਾਲੇ ਰੰਗ ਦੀ ਧਾਰੀਆਂ ਵਾਲੀ ਸਵੈਟਰ, ਬੀਜ ਪੈਂਟ ਤੇ ਕਾਲੇ ਬੂਟ ਪਾਇਆਂ ਵੇਖਿਆ ਗਿਆ।

ਪੁਲਿਸ ਅਧਿਕਾਰੀਆਂ ਵੱਲੋਂ ਸਟੀਲਜ਼ ਤੇ ਮਾਰਟਿਨ ਗਰੂਵ ਨੇੜੇ ਕਮਾਂਡ ਪੋਸਟ ਕਾਇਮ ਕੀਤੀ ਗਈ ਹੈ ਤੇ ਨਾਲ ਲੱਗਦੇ ਜੰਗਲੀ ਇਲਾਕੇ ਵਿੱਚ ਵੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਉਸ ਨੂੰ ਕਮਜ਼ੋਰ ਦੱਸਦਿਆਂ ਆਖਿਆ ਕਿ ਜਾਂਚਕਾਰ ਤੇ ਉਸ ਦਾ ਪਰਿਵਾਰ ਉਸ ਦੇ ਸਹੀ ਸਲਾਮਤ ਹੋਣ ਦੀ ਚਿੰਤਾ ਕਰ ਰਹੇ ਹਨ।

# ਟੋਰਾਂਟੋ ਸਥਿਤ ਹੈੱਡ ਆਫਿਸ ਵੇਚੇਗੀ ਸਿਨੇਪਲੈਕਸ




ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਸਿਨੇਪਲੈਕਸ ਇਨਕਾਰਪੋਰੇਸ਼ਨ ਵੱਲੋਂ ਇਹ ਖੁਲਾਸਾ ਕੀਤਾ ਗਿਆ ਹੈ ਕਿ ਉਹ ਟੋਰਾਂਟੋ ਸਥਿਤ ਆਪਣਾ ਹੈੱਡ ਆਫਿਸ 57 ਮਿਲੀਅਨ ਡਾਲਰ ਵਿੱਚ ਵੇਚਣ ਜਾ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਿਨੇਪਲੈਕਸ ਆਪਣੇ ਸਿਰ ਚੜ੍ਹਿਆ ਕਰਜ਼ਾ ਉਤਾਰਨਾ ਚਾਹੁੰਦੀ ਹੈ। ਇਸ ਥਿਏਟਰ ਚੇਨ ਦਾ ਕਹਿਣਾ ਹੈ ਕਿ ਉਹ ਆਪਣੇ ਟੋਰਾਂਟੋ ਸਥਿਤ ਆਫਿਸ ਨੂੰ ਇੱਕ ਦਹਾਕੇ ਲਈ ਲੀਜ਼ ਉੱਤੇ ਦੇਣਾ ਜਾਰੀ ਰੱਖੇਗੀ। ਕੋਵਿਡ-19 ਮਹਾਂਮਾਰੀ ਦਾ ਸਿਨੇਪਲੈਕਸ ਉੱਤੇ ਬਹੁਤ ਮਾੜਾ ਅਸਰ ਪਿਆ ਹੈ ਤੇ ਇਨ੍ਹਾਂ ਗਰਮੀਆਂ ਵਿੱਚ 2019 ਦੀਆਂ ਗਰਮੀਆਂ ਦੇ ਮੁਕਾਬਲੇ 91 ਫੀ ਸਦੀ ਘੱਟ ਲੋਕ ਮੂਵੀ ਵੇਖਣ ਲਈ ਆਏ।

ਚੀਫ ਐਗਜ਼ੈਕਟਿਵ ਐਲਿਸ ਜੇਕਬ ਨੇ ਆਖਿਆ ਕਿ ਅਗਲੇ ਸਾਲ ਵਾਸਤੇ ਉਨ੍ਹਾਂ ਨੂੰ ਪੂਰੀ ਆਸ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕੋਵਿਡ-19 ਵੈਕਸੀਨ ਆ ਜਾਣ ਤੋਂ ਬਾਅਦ ਸੋਸ਼ਲ ਗਤੀਵਿਧੀਆਂ ਵੀ ਤੇਜ਼ ਹੋ ਜਾਣਗੀਆਂ। ਜੇਕਬ ਨੇ ਆਖਿਆ ਕਿ 57 ਮਿਲੀਅਨ ਡਾਲਰ ਦਾ ਟੋਰਾਂਟੋ ਹੈੱਡ ਆਫਿਸ ਵੇਚਣ ਦੇ ਨਾਲ ਨਾਲ ਸਕੋਸ਼ੀਆਬੈਂਕ ਨਾਲ ਹੋਏ ਤਾਜ਼ਾ ਸਮਝੌਤੇ ਨਾਲ ਸਿਨੇਪਲੈਕਸ ਸਿਰ ਚੜ੍ਹਿਆ ਕਰਜ਼ਾ ਲਾਹੁਣ ਲਈ 117 ਮਿਲੀਅਨ ਡਾਲਰ ਦਾ ਜੁਗਾੜ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਨਾਲ ਸਾਡੀ ਸਥਿਤੀ ਸਥਿਰ ਹੋਣ ਦਾ ਸਾਨੂੰ ਪੂਰਾ ਭਰੋਸਾ ਹੈ।

# ਗੁੱਸੇ ਵਿੱਚ ਆਏ ਵਿਅਕਤੀ ਵੱਲੋਂ ਕੀਤੇ ਹਮਲੇ ਕਾਰਨ 3 ਪੁਲਿਸ ਅਧਿਕਾਰੀ ਜ਼ਖ਼ਮੀ




ਹੈਮਿਲਟਨ, 22 ਦਸੰਬਰ (ਪੋਸਟ ਬਿਊਰੋ) : ਸ਼ਹਿਰ ਦੇ ਡਾਊਨਟਾਊਨ ਵਿੱਚ ਲੋਕਾਂ ਨੂੰ ਪਰੇਸ਼ਾਨ ਕਰ ਰਹੇ ਵਿਅਕਤੀ ਦੇ ਮਾਮਲੇ ਦੀ ਜਾਂਚ ਕਰਨ ਗਏ ਹੈਮਿਲਟਨ ਪੁਲਿਸ ਦੇ ਤਿੰਨ ਅਧਿਕਾਰੀਆਂ ਉੱਤੇ ਉਸੇ ਵੱਲੋਂ ਤੇਜ਼ ਧਾਰ ਹਥਿਆਰਾਂ ਨਾਲ ਵਾਰ ਕੀਤੇ ਜਾਣ ਕਾਰਨ ਤਿੰਨੇ ਅਧਿਕਾਰੀ ਜ਼ਖ਼ਮੀ ਹੋ ਗਏ । ਇਨ੍ਹਾਂ ਤਿੰਨਾਂ ਪੁਲਿਸ ਅਧਿਕਾਰੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਦੁਪਹਿਰੇ 3:00 ਵਜੇ ਪੁਲਿਸ ਨੂੰ ਰਿਪੋਰਟਾਂ ਮਿਲੀਆਂ ਕਿ ਜੇਮਜ਼ ਤੇ ਰੌਬਰਟਸ ਸਟਰੀਟ ਨੇੜੇ ਇੱਕ ਵਿਅਕਤੀ ਹਥਿਆਰ ਲੈ ਕੇ ਗੁੱਸੇ ਨਾਲ ਘੁੰਮ ਰਿਹਾ ਹੈ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਦੀ ਉਸ ਵਿਅਕਤੀ ਨਾਲ ਤਕਰਾਰ ਹੋ ਗਈ। ਇਸ ਦੌਰਾਨ ਤਿੰਨੇ ਅਧਿਕਾਰੀਆਂ ਉੱਤੇ ਉਸ ਵਿਅਕਤੀ ਨੇ ਵਾਰ ਕਰ ਦਿੱਤੇ। ਪੁਲਿਸ ਅਧਿਕਾਰੀਆਂ ਦੇ ਸਿਰ ਤੇ ਗਲੇ ਉੱਤੇ ਤੇਜ਼ ਧਾਰ ਹਥਿਆਰ ਨਾਲ ਕੀਤੇ ਵਾਰਾਂ ਦੇ ਜ਼ਖਮ ਪਾਏ ਗਏ। ਤਿੰਨਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਉਸ ਉੱਤੇ ਹਥਿਆਰ ਨਾਲ ਹਮਲਾ ਕਰਨ ਦੇ ਤਿੰਨ ਮਾਮਲੇ ਦਰਜ ਕੀਤੇ ਗਏ ਹਨ। ਉਸ ਨੂੰ ਵੀ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਫਲਾਈਟ ਰੱਦ ਹੋਣ ’ਤੇ ਯਾਤਰੀਆਂ ਨੂੰ ਰੀਫੰਡ ਲਈ ਨਵੇਂ ਨਿਯਮ ਕਾਇਮ ਕਰਨ ਦੇ ਹੁਕਮ



ਓਟਵਾ, 23 ਦਸੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੈਨੇਡੀਅਨ ਟਰਾਂਸਪੋਰਟੇਸ਼ਨ ਏਜੰਸੀ ਨੂੰ ਏਅਰਲਾਈਨਜ਼ ਨੂੰ ਇਹ ਹਦਾਇਤ ਦੇਣ ਦੀ ਤਾਕੀਦ ਕੀਤੀ ਜਾ ਰਹੀ ਹੈ ਕਿ ਰੱਦ ਹੋਈਆਂ ਉਡਾਨਾਂ ਲਈ ਯਾਤਰੀਆਂ ਨੂੰ ਰੀਫੰਡ ਕੀਤਾ ਜਾਵੇ।

ਕੱਲ੍ਹ ਜਾਰੀ ਕੀਤੇ ਇੱਕ ਬਿਆਨ ਵਿੱਚ ਫੈਡਰਲ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਆਖਿਆ ਕਿ ਮਹਾਂਮਾਰੀ ਕਾਰਨ ਏਅਰਲਾਈਨਜ਼ ਵੱਲੋਂ ਆਪਣੇ ਯਾਤਰੀਆਂ ਲਈ ਮੁਹੱਈਆ ਕਰਵਾਈ ਜਾਣ ਵਾਲੀ ਪ੍ਰੋਟੈਕਸ਼ਨ ਵਿੱਚ ਵੱਡਾ ਪਾੜਾ ਸਾਹਮਣੇ ਆਇਆ। ਇਸ ਤਰ੍ਹਾਂ ਦੀ ਲੰਮੀਂ ਦੇਰ ਲਈ ਇਹ ਪ੍ਰੋਟੈਕਸ਼ਨ ਡਿਜ਼ਾਈਨ ਨਹੀਂ ਕੀਤੀ ਗਈ। ਗਾਰਨਿਊ ਨੇ ਆਖਿਆ ਕਿ ਭਵਿੱਖ ਵਿੱਚ ਅਜਿਹੇ ਹਾਲਾਤ ਦੇ ਮੱਦੇਨਜ਼ਰ ਇਸ ਪਾੜੇ ਨੂੰ ਖਤਮ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਟਰੈਵਲਰਜ਼ ਨਾਲ ਸਹੀ ਵਿਵਹਾਰ ਹੋ ਸਕੇ।

ਮੌਜੂਦਾ ਸੀਟੀਏ ਨਿਯਮਾਂ ਵਿੱਚ ਕਿਤੇ ਵੀ ਇਹ ਦਰਜ ਨਹੀਂ ਹੈ ਕਿ ਜੇ ਏਅਰਲਾਈਨਜ਼ ਨਿਰਧਾਰਤ ਸਮਾਂ ਸੀਮਾਂ ਵਿੱਚ ਯਾਤਰੀਆਂ ਨੂੰ ਨਿਰਧਾਰਤ ਮੰਜ਼ਿਲ ਉੱਤੇ ਪਹੁੰਚਾਏ ਜਾਣ ਲਈ ਬਦਲਵੇਂ ਪ੍ਰਬੰਧ ਕਰ ਦਿੰਦੀ ਹੈ ਤਾਂ ਉਸ ਨੂੰ ਸਬੰਧਤ ਯਾਤਰੀ ਨੂੰ ਰੀਫੰਡ ਕਰਨ ਦੀ ਕੋਈ ਲੋੜ ਨਹੀਂ ਹੈ। ਮਿਸਾਲ ਵਜੋਂ ਕਿਤੇ ਬਰਫੀਲਾ ਤੂਫਾਨ ਆ ਜਾਂਦਾ ਹੈ ਤੇ ਯਾਤਰੀ ਨੂੰ ਅਗਲੇ ਦਿਨ ਦੀ ਉਡਾਨ ਦੀ ਪੇਸ਼ਕਸ਼ ਕਰ ਦਿੱਤੀ ਜਾਂਦੀ ਹੈ ਤਾਂ ਏਅਰਲਾਈਨ ਨੂੰ ਰੀਫੰਡ ਨਹੀਂ ਕਰਨਾ ਪਵੇਗਾ। ਪਰ ਯਾਤਰੀਆਂ ਦੇ ਪੈਰਵੀਕਰਤਾਵਾਂ ਦਾ ਕਹਿਣਾ ਹੈ ਕਿ ਇਸ ਨਿਯਮ ਨੂੰ ਉਸ ਸੂਰਤ ਵਿੱਚ ਕੰਮ ਨਹੀਂ ਕਰਨਾ ਚਾਹੀਦਾ ਜੇ ਮੌਜੂਦਾ ਹਾਲਾਤ ਵਾਂਗ ਅਣਮਿੱਥੇ ਸਮੇਂ ਲਈ ਟਿਕਟ ਹੋਲਡਰਜ਼ ਨੂੰ ਦੇਰ ਹੋ ਜਾਂਦੀ ਹੈ। ਇਸ ਦੇ ਨਾਲ ਹੀ ਲਾਬਿੰਗ ਕਰਕੇ ਸਰਕਾਰ ਨੂੰ ਰਾਜ਼ੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਵਿਡ-19 ਕਾਰਨ ਰੱਦ ਹੋਈਆਂ ਉਡਾਨਾਂ ਲਈ ਏਅਰਲਾਈਨਜ਼ ਟਰੈਵਲ ਵਾਊਚਰਜ਼ ਦੀ ਥਾਂ ਉੱਤੇ ਕੈਸ਼ ਰੀਫੰਡ ਕਰਨ।

ਏਅਰ ਪੈਸੈਂਜਰ ਰਾਈਟਜ਼ ਦੇ ਬਾਨੀ ਗੇਬਰ ਲੁਕਾਕਸ ਅਨੁਸਾਰ ਕੋਵਿਡ-19 ਕਾਰਨ ਰੱਦ ਹੋਈਆਂ ਉਡਾਨਾਂ ਕਾਰਨ 3•9 ਮਿਲੀਅਨ ਯਾਤਰੀ ਪ੍ਰਭਾਵਿਤ ਹੋਏ ਹਨ। ਸੀਟੀਏ ਦੇ ਚੇਅਰ ਤੇ ਚੀਫ ਐਗਜ਼ੈਕਟਿਵ ਆਫੀਸਰ ਸਕੌਟ ਸਟਰੇਨਰ ਦਾ ਕਹਿਣਾ ਹੈ ਕਿ ਏਜੰਸੀ ਦਾ ਟੀਚਾ ਅਗਲੀਆਂ ਗਰਮੀਆਂ ਤੱਕ ਇਨ੍ਹਾਂ ਨਵੇਂ ਨਿਯਮਾਂ ਨੂੰ ਹੋਂਦ ਵਿੱਚ ਲਿਆਉਣਾ ਹੈ। ਇਸ ਲਈ ਏਜੰਸੀ ਵੱਲੋਂ ਹੁਣ ਤੋਂ ਲੈ ਕੇ 28 ਜਨਵਰੀ ਤੱਕ ਇੱਕ ਪਬਲਿਕ ਕੰਸਲਟੇਸ਼ਨ ਲਾਂਚ ਕੀਤੀ ਜਾ ਰਹੀ ਹੈ ਤਾਂ ਕਿ ਅਜਿਹੇ ਸਵਾਲਾਂ ਦੇ ਨਾਲ ਨਾਲ ਇਸ ਨਾਲ ਮੇਲ ਖਾਂਦੇ ਹੋਰਨਾਂ ਸਵਾਲਾਂ ਦੇ ਜਵਾਬ ਹਾਸਲ ਕੀਤੇ ਜਾ ਸਕਣ।

# ਕੈਨੇਡਾ ਵਿੱਚ ਸਰਹੱਦੀ ਕੰਟਰੋਲ ਦੁਨੀਆਂ ਭਰ ਨਾਲੋਂ ਸਖ਼ਤ : ਬਲੇਅਰ




ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਦਾ ਕਹਿਣਾ ਹੈ ਕਿ ਕੈਨੇਡੀਅਨਾਂ ਨੂੰ ਕੋਵਿਡ-19 ਤੋਂ ਬਚਾਉਣ ਲਈ ਫੈਡਰਲ ਸਰਕਾਰ ਸਰਹੱਦੀ ਪਾਬੰਦੀਆਂ ਲਾ ਕੇ ਕਾਫੀ ਕੋਸ਼ਿਸ਼ਾਂ ਕਰ ਰਹੀ ਹੈ।

ਬਲੇਅਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਕੈਨੇਡਾ ਦੇ ਬਾਰਡਰ ਕੰਟਰੋਲ ਦੁਨੀਆ ਭਰ ਵਿੱਚ ਸੱਭ ਤੋਂ ਸਖ਼ਤ ਹਨ। ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡਾ ਵਿੱਚ ਕੋਵਿਡ-19 ਦੇ 98 ਫੀ ਸਦੀ ਮਾਮਲੇ ਕੌਮਾਂਤਰੀ ਟਰੈਵਲ ਕਾਰਨ ਨਹੀਂ ਸਗੋਂ ਕਮਿਊਨਿਟੀ ਟਰਾਂਸਮਿਸ਼ਨ ਕਾਰਨ ਉਪਜੇ ਹਨ। ਬਲੇਅਰ ਨੇ ਮੰਗਲਵਾਰ ਨੂੰ ਆਖਿਆ ਕਿ ਕੌਮਾਂਤਰੀ ਟਰੈਵਲ ਕਾਰਨ ਦੇਸ਼ ਵਿੱਚ ਸਿਰਫ 1.9 ਫੀ ਸਦੀ ਮਾਮਲੇ ਹੀ ਸਾਹਮਣੇ ਆਏ ਹਨ। ਬਲੇਅਰ ਨੇ ਅੱਗੇ ਆਖਿਆ ਕਿ ਬਾਰਡਰ ਉੱਤੇ ਵੀ ਪਬਲਿਕ ਹੈਲਥ ਮਾਪਦੰਡ ਵਧਾ ਦਿੱਤੇ ਗਏ ਹਨ।

ਬਲੇਅਰ ਦੀਆਂ ਇਨ੍ਹਾਂ ਟਿੱਪਣੀਆਂ ਦੀ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਸਖ਼ਤ ਨੁਕਤਾਚੀਨੀ ਕੀਤੀ ਗਈ। ਫੋਰਡ ਨੇ ਹੀ ਸੋਮਵਾਰ ਨੂੰ ਇਹ ਵੀ ਆਖਿਆ ਸੀ ਕਿ ਦੇਸ਼ ਵਿੱਚ ਨੋਵਲ ਕਰੋਨਾਵਾਇਰਸ ਲਿਆਉਣ ਵਾਲੇ ਕੌਮਾਂਤਰੀ ਟਰੈਵਲਰਜ਼ ਨੂੰ ਰੋਕਣ ਲਈ ਫੈਡਰਲ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਹੋਣਗੇ। ਇੱਕ ਵਾਰੀ ਮੁੜ ਫੈਡਰਲ ਸਰਕਾਰ ਉੱਤੇ ਵਾਰ ਕਰਦਿਆਂ ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਆਖਿਆ ਕਿ ਫੈਡਰਲ ਸਰਕਾਰ ਨੂੰ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਕੈਨੇਡੀਅਨ ਧਰਤੀ ਉੱਤੇ ਪੈਰ ਧਰਨ ਤੋਂ ਪਹਿਲਾਂ ਟਰੈਵਲਰਜ਼ ਦਾ ਕੋਵਿਡ-19 ਟੈਸਟ ਹਰ ਹਾਲ ਨੈਗੇਟਿਵ ਆਏ।

ਜ਼ਿਕਰਯੋਗ ਹੈ ਕਿ ਯੂਕੇ ਵਿੱਚ ਕੋਵਿਡ-19 ਦਾ ਨਵਾਂ ਵੇਰੀਐਂਟ ਪਾਏ ਜਾਣ ਤੋਂ ਬਾਅਦ ਕੈਨੇਡਾ ਵੱਲੋਂ 21 ਦਸੰਬਰ ਤੋਂ ਉੱਥੋਂ ਆਉਣ ਜਾਣ ਵਾਲੀਆਂ ਫਲਾਈਟਾਂ ਉੱਤੇ ਰੋਕ ਲਾ ਦਿੱਤੀ ਗਈ ਹੈ।

# ਬਰੈਂਪਟਨ ਵਿੱਚ ਓਸਲਰ ਨੇ ਕੋਵਿਡ-19 ਵੈਕਸੀਨ ਦੀ ਦਿੱਤੀ ਪਹਿਲੀ ਡੋਜ਼



ਬਰੈਂਪਟਨ, 23 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਸਿਵਿਕ ਹਸਪਤਾਲ ਵਿੱਚ ਆਪਣਾ ਕੋਵਿਡ-19 ਵੈਕਸੀਨ ਕਲੀਨਿਕ ਖੋਲ੍ਹਣ ਤੋਂ ਬਾਅਦ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਵੱਲੋਂ ਅੱਜ ਬਰੈਂਪਟਨ ਦੀ ਪਹਿਲੀ ਕੋਵਿਡ-19 ਵੈਕਸੀਨ ਦਿੱਤੀ ਗਈ।

ਇਸ ਕਲੀਨਿਕ ਵੱਲੋਂ ਸੱਭ ਤੋਂ ਪਹਿਲਾਂ ਇਹ ਵੈਕਸੀਨ ਹਾਈ ਰਿਸਕ ਏਰੀਆਜ਼ ਵਿੱਚ ਕੰਮ ਕਰਨ ਵਾਲੇ ਹੈਲਥ ਕੇਅਰ ਵਰਕਰਜ਼ ਨੂੰ ਮੁਹੱਈਆ ਕਰਵਾਈ ਜਾਵੇਗੀ। ਇਸ ਲਈ ਪੀਲ ਰੀਜਨ ਦੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਸਟਾਫ ਨੂੰ ਤਰਜੀਹ ਦਿੱਤੀ ਜਾਵੇਗੀ। ਓਨਟਾਰੀਓ ਸਰਕਾਰ ਦੇ ਤਿੰਨ ਪੜਾਵੀ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਤਹਿਤ ਟੁਲਾਮੋਰ ਕੇਅਰ ਕਮਿਊਨਿਟੀ ਵਿਖੇ ਕੰਮ ਕਰਨ ਵਾਲੀ ਪਰਸਨਲ ਸਪੋਰਟ ਵਰਕਰ ਵਿਲਮਾ ਵਾਈਟ ਨੂੰ ਫਾਈਜ਼ਰ ਬਾਇਓਐਨਟੈਕ ਵੈਕਸੀਨ ਦੀ ਪਹਿਲੀ ਡੋਜ਼ ਦਿੱਤੀ ਗਈ।

ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਤੇ ਸੀਈਓ ਡਾ• ਨਵੀਦ ਮੁਹੰਮਦ ਨੇ ਆਖਿਆ ਕਿ ਅੱਜ ਕੋਵਿਡ-19 ਨਾਲ ਨਜਿੱਠਣ ਲਈ ਸਾਡੀਆਂ ਸਾਂਝੀਆਂ ਕੋਸ਼ਿਸ਼ਾਂ ਵਾਸਤੇ ਬਹੁਤ ਹੀ ਖਾਸ ਦਿਨ ਹੈ। ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਸਾਡੇ ਹੈਲਥ ਕੇਅਰ ਵਰਕਰਜ਼ ਨੂੰ ਵੈਕਸੀਨ ਦੇ ਕੇ ਸਾਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਕੋਵਿਡ-19 ਵੈਕਸੀਨ ਕਲੀਨਿਕ ਖੋਲ੍ਹਣ ਨਾਲ ਨਵੀਂ ਆਸ ਦੀ ਕਿਰਨ ਬੱਝੀ ਹੈ ਤੇ ਇਸ ਨਾਲ ਸਾਨੂੰ ਕਮਿਊਨਿਟੀ ਭਰ ਵਿੱਚ ਲੋਕਾਂ ਦੀਆਂ ਜਾਨਾਂ ਬਚਾਉਣ ਵਿੱਚ ਮਦਦ ਹੋਵੇਗੀ।

ਇਸ ਦੌਰਾਨ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਚੀਫ ਆਪਰੇਟਿੰਗ ਆਫੀਸਰ ਕਿਕੀ ਫੇਰਾਰੀ ਨੇ ਆਖਿਆ ਕਿ ਵੈਕਸੀਨ ਪਹੁੰਚਣ ਨਾਲ ਅਸੀਂ ਕਾਫੀ ਉਤਸ਼ਾਹਿਤ ਹਾਂ। ਪਰ ਸਾਨੂੰ ਇਹ ਵੀ ਪਤਾ ਹੈ ਕਿ ਅਜੇ ਮਹਾਂਮਾਰੀ ਦਾ ਦੌਰ ਖ਼ਤਮ ਨਹੀਂ ਹੋਇਆ ਤੇ ਅਜੇ ਵੀ ਹਾਲਾਤ ਨਾਸਾਜ਼ ਹਨ। ਸਾਨੂੰ ਅਜੇ ਵੀ ਪਬਲਿਕ ਹੈਲਥ ਤੇ ਸੇਫਟੀ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਲੋੜ ਹੈ।

## ਅੱਜ ਨਾਮਾ

ਕਰਦਾ ਮੋਦੀ ਹੈ ਮਤਲਬ ਦੀ ਗੱਲ ਮੀਆਂ,
ਮੁੱਦੇ ਅਸਲ ਦੇ ਆਉਂਦਾ ਨਾ ਵੱਲ ਮੀਆਂ।
ਅਸਲੀ ਗੱਲ ਉਹ ਗੱਲਾਂ ਵਿੱਚ ਟਾਲ ਜਾਂਦਾ,
ਏਧਰ-ਓਧਰ ਖੜਕਾਉਂਦਾ ਹੈ ਟੱਲ ਮੀਆਂ।
ਮਹੀਨਾ ਪੋਹ ਤੇ ਕਹਿਰ ਦਾ ਪਿਆ ਕੱਕਰ,
ਸਿਰੜੀ ਲੋਕ ਰਹੇ ਸੜਕ ’ਤੇ ਝੱਲ ਮੀਆਂ।
ਦੁਨੀਆ ਪੂਰੀ ਵਿੱਚ ਲੋਕ ਮਹਿਸੂਸ ਕਰ ਕੇ,
ਸੁਣਿਆ ਕਾਫੀ ਹਮਾਇਤ ਰਹੇ ਘੱਲ ਮੀਆਂ।
ਕਰਦੀ ਆਪ ਸਰਕਾਰ ਨਹੀਂ ਤਰਸ ਮਾਸਾ,
ਆਈ ਬਾਹਰੋਂ ਇਮਦਾਦ ਤਾਂ ਭੜਕਦੀ ਊ।
ਚੁਣੀ ਜਨਤਾ ਸੀ ਆਪ ਸਰਕਾਰੀ ਜਿਹੜੀ,
ਬਿਜਲੀ ਵਾਂਗ ਉਹ ਲੋਕਾਂ ’ਤੇ ਕੜਕਦੀ ਊ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਖੱਟਰ ਨੂੰ ਕਾਲੇ ਝੰਡੇ ਵਿਖਾਉਣ ਵਾਲੇ ਕਿਸਾਨਾਂ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ



ਜੀਂਦ, 23 ਦਸੰਬਰ, (ਪੋਸਟ ਬਿਊਰੋ)- ਜਿਹੜੇ ਕਿਸਾਨਾਂ ਨੇ ਇੱਕ ਦਿਨ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਖਿਲਾਫ ਮੁਜ਼ਾਹਰਾ ਕੀਤਾ ਅਤੇ ਕਾਲੇ ਝੰਡੇ ਵਿਖਾਏ ਸਨ, ਉਨ੍ਹਾਂ ਵਿੱਚੋਂ 13 ਦੇ ਖਿਲਾਫਹਰਿਆਣਾ ਪੁਲਸ ਨੇ ਕਤਲ ਦੀ ਕੋਸ਼ਿਸ਼ ਤੇ ਦੰਗੇ ਦੀ ਕੋਸ਼ਿਸ਼ ਕਰਨ ਦਾ ਕੇਸ ਦਰਜ ਕਰ ਲਿਆ ਹੈ। ਇੱਕ ਦਿਨ ਪਹਿਲਾਂ ਹੀ ਇਨ੍ਹਾਂ ਕਿਸਾਨਾਂ ਨੇ ਜਦੋਂ ਕੇਂਦਰ ਸਰਕਾਰ ਦੇ ਨਵੇਂ ਖੇਤੀਬਾੜੀ ਕਾਨੂੰਨ ਦਾ ਵਿਰੋਧ ਕਰਨ ਲਈਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਕਾਫਲੇ ਨੂੰ ਰੋਕ ਕੇ ਕਾਲੇ ਝੰਡੇ ਦਿਖਾਏ ਸਨ ਤਾਂ ਕਾਫਲੇ ਦੀਆਂ ਗੱਡੀਆਂ ਨੂੰ ਲਾਠੀਆਂ ਵੀ ਮਾਰੀਆਂ ਸਨ।

ਵਰਨਣ ਯੋਗ ਹੈ ਕਿ ਕਿਸਾਨਾਂ ਖਿਲਾਫਇਹ ਕੇਸ ਅੰਬਾਲਾ ਵਿੱਚ ਹੀ ਦਰਜ ਕੀਤਾ ਗਿਆ ਹੈ, ਜਿੱਥੇ ਮੰਗਲਵਾਰ ਨੂੰ ਪ੍ਰਦਰਸ਼ਨ ਕਰਦੇ ਕਿਸਾਨਾਂ ਦੇ ਇੱਕਗਰੁੱਪ ਨੇ ਮੁੱਖ ਮੰਤਰੀ ਖੱਟਰ ਨੂੰ ਉਨ੍ਹਾਂ ਦਾ ਕਾਫਲਾ ਅੰਬਾਲਾ ਸ਼ਹਿਰ ਤੋਂ ਲੰਘਣ ਵੇਲੇ ਕਾਲੇ ਝੰਡੇ ਵਿਖਾਏ ਸਨ। ਮਨੋਹਰ ਲਾਲ ਖੱਟਰ ਅਗਲੀਆਂ ਸਿਵਲ ਚੋਣਾਂ ਲਈ ਪਾਰਟੀ ਉਮੀਦਵਾਰਾਂ ਦੇ ਸਮੱਰਥਨ ਵਿੱਚਇੱਕ ਜਲਸੇ ਨੂੰ ਸੰਬੋਧਨ ਕਰਨ ਲਈ ਇਸ ਸ਼ਹਿਰ ਵਿੱਚ ਆਏ ਸਨ। ਉਸ ਵੇਲੇ ਅਗਰਸੇਨ ਚੌਕ ਉੱਤੇ ਕਿਸਾਨਾਂ ਨੇ ਮੁੱਖ ਮੰਤਰੀ ਦੇ ਕਾਫਲੇ ਨੂੰ ਵੇਖ ਕੇ ਕਾਲੇ ਝੰਡੇ ਲਹਿਰਾਏ ਅਤੇਸਰਕਾਰ ਦੇਖਿਲਾਫ ਨਾਅਰੇਬਾਜੀ ਕੀਤੀ ਸੀ। ਅੱਜਬੁੱਧਵਾਰ ਨੂੰ ਪੁਲਸ ਨੇ ਕਿਹਾ ਕਿ ਕੁਝ ਕਿਸਾਨਾਂ ਨੇ ਕਾਫਲੇ ਵੱਲ ਵਧਣ ਦੀ ਕੋਸ਼ਿਸ਼ ਕੀਤੀ ਅਤੇ ਕੁਝ ਸਮੇਂ ਲਈ ਰਸਤਾ ਰੋਕ ਦਿੱਤਾ ਸੀ। ਪੁਲਸ ਮੁਤਾਬਕ ਉਨ੍ਹਾਂ ਵਿੱਚੋਂ ਕੁੱਝ ਪ੍ਰਦਰਸ਼ਨਕਾਰੀਆਂ ਨੇ ਵਾਹਨਾਂ ਉੱਤੇ ਲਾਠੀਆਂ ਮਾਰੀਆਂ ਸਨ। ਹਰਿਆਣਾ ਪੁਲਸ ਦੀ ਇਸ ਕਾਰਵਾਈਬਾਰੇ ਹਰਿਆਣਾ ਕਾਂਗਰਸ ਦੀ ਪ੍ਰਧਾਨ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਕਿਸਾਨਾਂ ਵਿਰੁੱਧਇਰਾਦਾ ਕਤਲ ਤੇ ਹੋਰ ਧਾਰਾਵਾਂ ਦਾਕੇਸ ਦਰਜ ਕਰਨ ਤੋਂ ਇਸ ਸਰਕਾਰ ਦੀ ਨਿਰਾਸ਼ਾ ਦਾ ਪਤਾ ਚੱਲਦਾ ਹੈ। ਉਨ੍ਹਾ ਕਿਹਾ ਕਿ ਲੋਕਤੰਤਰ ਵਿੱਚ ਸਭ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ ਅਤੇ ਜਦੋਂ ਲੋਕਾਂ ਦੀ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ ਤਾਂ ਉਹ ਆਪਣੇ ਅਧਿਕਾਰਾਂ ਲਈ ਸੜਕਾਂ ਉੱਤੇ ਆਉਣ ਨੂੰ ਮਜ਼ਬੂਰ ਹੋ ਜਾਂਦੇ ਹੈ।

ਅੰਬਾਲਾ ਸਿਟੀ ਪੁਲਸ ਨੇ ਆਈ ਪੀ ਸੀ ਦੀ ਧਾਰਾ 147 (ਦੰਗਾ ਕਰਨਾ), 148 (ਦੰਗਾਈ ਦਾ ਜਾਨਲੇਵਾ ਹਥਿਆਰ ਨਾਲ ਲੈਸ ਹੋਣਾ), 149 (ਕਿਸੇ ਗੈਰ-ਕਾਨੂਨੀ ਗਰੋਹ ਦੇ ਕਿਸੇ ਮੈਂਬਰ ਵੱਲੋਂ ਕੀਤਾ ਅਪਰਾਧ), 186 (ਜਨਤਕ ਕੰਮਾਂ ਨੂੰ ਰੋਕ ਕੇ ਜਨਤਕ ਸੇਵਾ ਵਿਚ ਰੁਕਾਵਟ ਪਾਉਣਾ) ਦੇ ਤਹਿਤ ਕਿਸਾਨਾਂ ਉੱਤੇ ਕੇਸ ਦਰਜ ਕੀਤਾ ਤੇ ਨਾਲ ਆਈ ਪੀ ਸੀ ਦੀ ਧਾਰਾ 307 (ਕਤਲ ਦੀ ਕੋਸ਼ਿਸ਼), 353 (ਲੋਕ ਸੇਵਕ ਨੂੰ ਫਰਜ਼ ਨਿਭਾਉਣ ਤੋਂ ਰੋਕਣ ਦੇ ਲਈਹਮਲਾ ਜਾਂ ਅਪਰਾਧਿਕ ਸ਼ਕਤੀ) ਅਤੇ 506 (ਅਪਰਾਧਿਕ ਧਮਕੀ ਲਈ ਸਜ਼ਾ) ਵੀ ਕਿਸਾਨਾਂ ਦੇ ਖਿਲਾਫ ਲਾਈਆਂ ਗਈਆਂ ਹਨ।

# ਕ੍ਰਿਸਮਸ ਮੌਕੇ ਕੈਨੇਡਾ ਵਿੱਚ ਹੀ ਫਸੇ ਹੋਏ ਹਨ ਸੈਂਕੜੇ ਮਾਈਗ੍ਰੈਂਟ ਵਰਕਰ

...ਪੰਨਾ 1 ਦਾ ਬਾਕੀ

ਪਰ ਹੁਣ ਮਹਾਦਿਓ ਨੂੰ ਪਤਾ ਲੱਗਿਆ ਹੈ ਕਿ ਉਸ ਦੀ ਸੀਟ 28 ਦਸੰਬਰ ਨੂੰ ਉਡਾਨ ਭਰਨ ਵਾਲੇ ਜਹਾਜ਼ ਵਿੱਚ ਬੁੱਕ ਹੋਈ ਹੈ ਪਰ ਔਕੜ ਇਹ ਆ ਰਹੀ ਹੈ ਕਿ ਉਡਾਨ ਭਰਨ ਤੋਂ 72 ਘੰਟੇ ਪਹਿਲਾਂ ਨੈਗੇਟਿਵ ਕੋਵਿਡ ਟੈਸਟ ਹਾਸਲ ਕਰਨਾ ਕਾਫੀ ਮੁਸ਼ਕਲ ਹੈ।

ਕੌਲਿੰਗਵੁੱਡ, ਓਨਟਾਰੀਓ ਨੇੜੇ ਸਥਿਤ ਫਾਰਮ ਦੇ ਸਹਿ ਮਾਲਕ, ਜਿੱਥੇ ਮਹਾਦਿਓ ਤੇ ਪੰਜ ਹੋਰ ਤ੍ਰਿਨੀਦਾਦੀਅਨਜ਼ ਲੰਮੇਂ ਸਮੇਂ ਤੋਂ ਕੰਮ ਕਰਦੇ ਹਨ, ਰੇਅ ਫੈਰੀ ਨੇ ਆਖਿਆ ਕਿ ਉਹ ਉਸ ਸਮੇਂ ਤੱਕ ਕ੍ਰਿਸਮਸ ਦਾ ਮਜ਼ਾ ਨਹੀਂ ਲੈ ਸਕਦੇ ਜਦੋਂ ਤੱਕ ਇਹ ਵਰਕਰ ਇੱਥੇ ਇੱਕਲੇ ਆਪਣੇ ਪਰਿਵਾਰਾਂ ਤੋਂ ਦੂਰ ਰਹਿਣਗੇ। ਫੈਡਰਲ ਸਰਕਾਰ ਵੱਲੋਂ ਅਜਿਹੇ ਹਾਲਾਤ ਵਿੱਚ ਫਸੇ ਵਰਕਰਜ਼ ਨੂੰ ਬਿਨਾਂ ਕਿਸੇ ਖਰਚੇ ਦੇ ਓਪਨ ਵਰਕ ਪਰਮਿਟ ਲਈ ਅਪਲਾਈ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਨਾਲ ਵਰਕ ਪਰਮਿਟ ਦੀ ਮਿਆਦ ਵੱਧ ਜਾਂਦੀ ਹੈ।

# ਫਰਾਂਸ ਵਿੱਚ ਗੰਨਮੈਨ ਨੇ 3 ਪੁਲਿਸ ਅਧਿਕਾਰੀਆਂ ਨੂੰ ਜਾਨੋਂ ਮਾਰਿਆ

...ਪੰਨਾ 1 ਦਾ ਬਾਕੀ

ਉਸ ਦੀ ਭਾਲ ਲਈ 300 ਦੇ ਨੇੜੇ ਤੇੜੇ ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਭੇਜਿਆ ਗਿਆ ਤੇ ਕੁੱਝ ਅਪੁਸ਼ਟ ਹਾਲਾਤ ਵਿੱਚ ਉਹ ਗੰਨਮੈਨ ਮ੍ਰਿਤਕ ਪਾਇਆ ਗਿਆ। ਮਹਿਲਾ ਨੂੰ ਪੁਲਿਸ ਨੇ ਆਪਣੀ ਕੇਅਰ ਵਿੱਚ ਲੈ ਲਿਆ ਹੈ। ਫਰਾਂਸ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਪਿਛਲੇ ਸਾਲ 146 ਔਰਤਾਂ ਨੂੰ ਉਨ੍ਹਾਂ ਦੇ ਪਾਰਟਨਰਜ਼ ਵੱਲੋਂ ਮਾਰ ਮੁਕਾਇਆ ਗਿਆ। ਇਸ ਤੋਂ ਬਾਅਦ ਦੇਸ਼ ਭਰ ਵਿੱਚ ਘਰੇਲੂ ਹਿੰਸਾ ਖਿਲਾਫ ਮੁੰਹਿਮ ਚਲਾਉਣ ਦੀ ਵੀ ਚਰਚਾ ਛਿੜੀ।

# ਟਵਿੱਟਰ ਦੇ ਸੀ ਈ ਓ ਡੋਰਸੀ ਨੇ ਟਰੰਪ ਸਣੇ ਕਈ ਨੇਤਾਵਾਂ ਨੂੰ ਅਨ-ਫਾਲੋ ਕੀਤਾ




ਵਾਸ਼ਿੰਗਟਨ, 23 ਦਸੰਬਰ, (ਪੋਸਟ ਬਿਊਰੋ)- ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਦੇ ਸੀ ਈ ਓ ਜੈਕ ਡੋਰਸੀ ਇਸ ਵੇਲੇ ਆਪਣੇ ਅਕਾਊਂਟ ਦੀ ਸਫਾਈ ਕਰ ਰਹੇ ਹਨ ਤੇਇਹ ਖਬਰਾਂ ਹਨ ਕਿ ਇਸ ਪ੍ਰਕਿਰਿਆ ਵਿੱਚਜੈਕ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਈਡੇਨ ਸਣੇ ਕਈ ਵੱਡੇ ਨੇਤਾਵਾਂ ਨੂੰ ਅਨ-ਫਾਲੋ ਕਰ ਦਿੱਤਾ ਹੈ। ਜੈਕ ਦੇ ਟਵਿੱਟਰ ਅਕਾਊਂਟ ਉੱਤੇ ਬਦਲਾਅ ਨੂੰ ਵੱਡੀਆਂ ਟੈੱਕ ਕੰਪਨੀਆਂ ਨੇ ਨੋਟ ਕੀਤਾ ਹੈ। ਖਾਸ ਗੱਲ ਇਹ ਕਿ ਟਵਿੱਟਰ ਉੱਤੇ ਦਰਜਾ ਹੋਣ ਕਾਰਨ ਟਰੰਪ ਨੂੰ ਕਈ ਤਰ੍ਹਾਂ ਦੀਆਂ ਸੁਰੱਖਿਆ ਮਿਲੀ ਸੀ, ਪਰ ਜਦੋਂ ਬਾਇਡੇਨ ਅਹੁਦਾ ਸੰਭਾਲਣਗੇ ਤਾਂ ਟਰੰਪ ਦਾ ਇਹ ਵਿਸ਼ੇਸ਼ ਦਰਜਾ ਖੋਹ ਲਿਆ ਜਾਵੇਗਾ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਜੈਕ ਡੋਰਸੀ ਨੇ ਆਪਣੇ ਫਾਲੋਅਰਸ ਦੀ ਲਿਸਟ ਵਿੱਚਕਈ ਫੇਰਬਦਲ ਕੀਤੇ ਹਨ ਤੇ ਜੋਅ ਬਾਇਡੇਨ ਤੇਡੋਨਾਲਡ ਟਰੰਪ ਤੋਂ ਇਲਾਵਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਟਰੰਪ ਦੀ ਬੇਟੀ ਇਵਾਂਕਾ ਨੂੰ ਵੀ ਅਨ-ਫਾਲੋ ਕੀਤਾ ਹੈ। ਡੋਨ-ਾਲਡ ਟਰੰਪ ਟਵਿੱਟਰ ਦੇ ਵੱਡੇ ਯੂਜ਼ਰਸ ਵਿੱਚੋਂ ਹਨ। ਕਦੇ-ਕਦੇ ਉਨ੍ਹਾਂ ਨੇ ਇਕੋ ਦਿਨ ਇਸ ਅਕਾਊਂਟ ਤੋਂ 100 ਤੋਂ ਵੱਧ ਟਵੀਟ ਕੀਤੇ ਹਨ। ਉਹ ਆਪਣੇ ਟਵਿੱਟਰ ਅਕਾਊਂਟ ਦੀ ਵਰਤੋਂ ਸਮਰਥਕਾਂ ਨਾਲ ਗੱਲ ਕਰਨ, ਵਿਰੋਧੀਆਂ ਦੀ ਆਲੋਚਨਾ ਤੇ ਸਟਾਫ ਨੂੰ ਕੱਢਣ ਲਈ ਕਰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਰਾਜ ਵਿੱਚ ਕਈ ਨੀਤੀਆਂ ਦੀ ਜਾਣਕਾਰੀ ਵੀ ਟਵਿੱਟਰ ਉੱਤੇ ਹੀ ਦਿੱਤੀ ਸੀ।

# ਕਿਸਾਨ ਜੱਥੇਬੰਦੀਆਂ ਨੇ ਕੇਂਦਰ ਸਰਕਾਰ ਵੱਲੋਂ ਆਇਆ ਸੱਦਾ ਫਿਰ ਠੁਕਰਾਇਆ

*** ਸਰਕਾਰ ਨੂੰ ਪਹਿਲਾਂ ਠੋਸ ਤਜਵੀਜ਼ਾਂ ਭੇਜਣ ਲਈ ਕਿਹਾ**



ਨਵੀਂ ਦਿੱਲੀ, 23 ਦਸੰਬਰ, (ਪੋਸਟ ਬਿਊਰੋ)- ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਵੱਲੋਂ ਭੇਜੀ ਚਿੱਠੀ ਦਾ ਜਵਾਬ ਦੇਂਦੇ ਵਕਤ ਸਰਕਾਰ ਦੀ ਨੀਤ ਉਤੇ ਸਵਾਲ ਕੀਤੇ ਹਨ। ਅੱਜ ਕਿਸਾਨ ਸੰਗਠਨਾਂ ਦੀ ਸਾਂਝੀ ਮੀਟਿੰਗ ਵਿਚ ਇਸ ਚਿੱਠੀ ਉੱਤੇ ਚਰਚਾ ਦੇ ਬਾਅਦ ਸਰਕਾਰ ਨੂੰ ਜਵਾਬ ਦੇਂਦੇ ਵਕਤ ਕਿਸਾਨ ਜਥੇਬੰਦੀਆਂ ਨੇ ਕੇਂਦਰ ਦੀ ਨੀਤ ਉਤੇ ਸਵਾਲ ਕਰਦੇ ਹੋਏ ਕਿਹਾ ਕਿ ਬਹੁਤ ਦੁੱਖ ਨਾਲ ਕਹਿਣਾ ਪੈਂਦਾ ਕਿ ਸਰਕਾਰ ਵੱਲੋਂ ਲਿਖੀ ਚਿੱਠੀ ਵੀ ਕਿਸਾਨਾਂ ਨੂੰ ਬਦਨਾਮ ਕਰਨ ਵਾਲੀ ਹੈ ਅਤੇ ਸਰਕਾਰ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਠੀਕ ਵਿਹਾਰ ਨਹੀਂ ਕਰ ਰਹੀ।

ਇਸ ਸੰਬੰਧ ਵਿੱਚ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਸਰਕਾਰ ਬੁਨਿਆਦੀ ਜ਼ਰੂਰਤਾਂ ਨੂੰ ਸਿਰਫ ਕੁਝ ਸੋਧਾਂ ਤੱਕ ਸੀਮਤ ਰੱਖਣਾ ਚਾਹੁੰਦੀ ਹੈ, ਜਦ ਕਿ ਕਿਸਾਨਤਿੰਨਾਂ ਕਾਨੂੰਨ ਵਿੱਚ ਸੋਧਾਂ ਨਹੀਂ ਮੰਗਦੇ, ਕਾਨੂੰਨ ਰੱਦ ਕਰਾਉਣ ਲਈ ਲੜ ਰਹੇ ਹਨ। ਉਨ੍ਹਾ ਕਿਹਾ ਕਿ ਸਰਕਾਰ ਨੇ ਬਿਜਲੀ ਬਿੱਲ ਬਾਰੇ ਵੀ ਸਪੱਸ਼ਟ ਨਹੀਂ ਕੀਤਾ। ਕਿਸਾਨ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਨ, ਪਰ ਸਰਕਾਰ ਕੋਈ ਠੋਸ ਲਿਖਤੀ ਤਜਵੀਜ਼ ਭੇਜੇ ਤਾਂ ਜੋ ਉਹ ਗੱਲਬਾਤ ਕਰ ਸਕਣ। ਉਨ੍ਹਾ ਕਿਹਾ ਕਿ ਸਰਕਾਰ ਦੀ ਚਿੱਠੀ ਤੋਂ ਜ਼ਾਹਰ ਹੈ ਕਿ ਉਹ ਮਸਲੇ ਨੂੰ ਹਲਕੇ ਰੌਂਅਵਿੱਚ ਲੈ ਕੇ ‘ਸੰਘਰਸ਼ ਨੂੰ ਲੰਮਾ ਖਿੱਚਣਾ ਚਾਹੁੰਦੀ ਹੈ। 5ਵੇਂ ਗੇੜ ਦੀ ਗੱਲਬਾਤ ਵੇਲੇ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਇਸ ਕਾਨੂੰਨ ਦੀ ਮੁਸ਼ਕਲ ਬਾਰੇ ਪੁੱਛਿਆ ਤਾਂ ਅਸੀਂ ਕਾਨੂੰਨ ਦੀਆਂ ਸਮੱਸਿਆਵਾਂ ਬਾਰੇ ਦੱਸਿਆ ਸੀ ਤੇ ਅਮਿਤ ਸ਼ਾਹ ਨਾਲ ਗੱਲਬਾਤ ਵਿਚ ਸਰਕਾਰ ਵੱਲੋਂ ਲਿਖਤੀ ਤਜਵੀਜ਼ ਆਈ ਤਾਂ ਇਸ ਵਿੱਚ ਸਿਰਫ ਸੋਧਾਂ ਸਨ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਜਿੱਦ ਛੱਡੇ।’ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਚਿੱਠੀ ਵਿੱਚ ਕਿਹਾ ਹੈ ਕਿ ‘ਸਰਕਾਰ ਗੱਲਬਾਤ ਕਰਨਾ ਚਾਹੁੰਦੀ ਹੈ, ਕਿਸਾਨ ਆਗੂ ਨਹੀਂ ਮੰਨਦੇ’, ਇਹ ਝੂਠ ਹੈ, ਅਸੀਂਦਿੱਲੀ ਦੀਆਂ ਬਰੂੰਹਾਂ ਉੱਤੇ ਗੱਲ-ਬਾਤ ਕਰਨ ਵਾਸਤੇ ਹੀ ਆਏ ਹਾਂ।

# ਲਿਓਨ ਮੈਸੀ ਨੇ ਪੇਲੇ ਨੂੰ ਪਿੱਛੇ ਛੱਡਿਆ, ਅਗਲਾ ਰਿਕਾਰਡ ਤੋੜਨ ਉੱਤੇ ਨਜ਼ਰ ਟਿਕੀ



ਬਾਰਸੀਲੋਨਾ, 23 ਦਸੰਬਰ, (ਪੋਸਟ ਬਿਊਰੋ)- ਸੁਪਰ ਸਟਾਰ ਸਟ੍ਰਾਈਕਰ ਲਿਓਨ ਮੈਸੀ ਨੇ ਇਕ ਫੁੱਟਬਾਲਕਲੱਬ ਲਈ ਸਭ ਤੋਂ ਵੱਧ ਗੋਲ ਕਰਨ ਵਿਚ ਬ੍ਰਾਜ਼ੀਲ ਦੇ ਵੱਡੇ ਖਿਡਾਰੀ ਪੇਲੇ ਦਾ ਰਿਕਾਰਡ ਤੋੜ ਦਿੱਤਾ ਹੈ। ਇਹ ਪ੍ਰਾਪਤੀ ਲਿਓਨ ਮੈਸੀ ਨੇ ਸਪੈਨਿਸ਼ ਲੀਗ ਲਾ ਲੀਗਾ ਵਿਚ ਵਲਾਡੋਲਿਡਖ਼ਿਲਾਫ਼ ਖੇਡਦੇ ਹੋਏ ਕੀਤੀ ਹੈ। ਵਰਨਣ ਯੋਗ ਹੈ ਕਿ ਮੈਸੀ ਦੇ ਇਸ ਵੇਲੇ ਬਾਰਸੀਲੋਨਾ ਲਈ 644 ਗੋਲ ਹੋ ਗਏ ਹਨ। ਉਸ ਨੇ 17 ਸੈਸ਼ਨਾਂ ਵਿਚ 749 ਮੈਚ ਖੇਡੇ ਹਨ। ਮੈਸੀ ਤੋਂ ਪਹਿਲਾਂ ਪੇਲੇ ਨੇ ਸਾਂਤੋਸ ਕਲੱਬ ਲਈ 19 ਸੈਸ਼ਨਾਂ ਵਿਚ 643 ਗੋਲ ਕੀਤੇ ਸਨ। ਉਨ੍ਹਾਂ ਨੇ 15 ਸਾਲ ਦੀ ਉਮਰ ਵਿਚ ਸਾਂਤੋਸ ਲਈ ਖੇਡਣਾ ਸ਼ੁਰੂ ਕੀਤਾ ਸੀ ਅਤੇ 1956 ਤੋਂ 1974 ਤਕ 656 ਮੈਚਾਂ ਵਿਚ 643 ਗੋਲ ਕੀਤੇ ਸਨ।

ਤਾਜ਼ਾ ਮੈਚ ਵਿਚ ਬਾਰਸੀਲੋਨਾ ਨੂੰ 3-0 ਨਾਲ ਜਿੱਤ ਮਿਲੀ, ਜਿਸ ਵਿਚ ਕਲੇਮੈਂਟ ਲੈਂਗਲੇਟ, ਮਾਰਟਿਨ ਬ੍ਰੇਥਵੇਟ ਤੇ ਮੈਸੀ ਨੇ ਗੋਲ ਕੀਤੇ। ਇਸ ਦੇ ਨਾਲ ਮੈਸੀ ਨੇ ਇਸ ਸੈਸ਼ਨ ਵਿਚ ਪਹਿਲੀ ਵਾਰ ਕਿਸੇ ਖਿਡਾਰੀ ਦੇ ਗੋਲ ਕਰਨ ਵਿਚ ਮਦਦ ਕੀਤੀ ਤੇ ਉਨ੍ਹਾਂ ਦੀ ਮਦਦ ਨਾਲ ਲੈਂਗਲੇਟ ਨੇ 21ਵੇਂ ਮਿੰਟ ਵਿਚ ਟੀਮ ਲਈ ਪਹਿਲਾ ਗੋਲ ਕੀਤਾ। ਫਿਰ 14 ਮਿੰਟ ਬਾਅਦ ਬ੍ਰੇਥਵੇਟ ਨੇ ਟੀਮ ਦੀ ਬੜ੍ਹਤ ਨੂੰ ਵਧਾਉਣ ਵਿਚ ਦੇਰ ਨਹੀਂ ਕੀਤੀ। ਪਹਿਲਾ ਅੱਧ ਬਾਰਸੀਲੋਨਾ ਨੇ 2-0 ਨਾਲ ਆਪਣੇ ਨਾਂ ਕੀਤਾ। ਦੂਜੇ ਅੱਧ ਵਿਚ ਪੇਡ੍ਰੀ ਬੇਖੀਲ ਦੇ ਪਾਸ ਨੂੰ ਮੈਸੀ ਭੁਲੇਖਾ ਪਾ ਕੇ ਗੋਲ ਪੋਸਟ ਤਕ ਲੈ ਗਏ। ਗੋਲਕੀਪਰ ਜੋਰਡੀ ਮਸਿਪ ਬਾਰਸੀਲੋਨਾ ਦੇ ਮੈਸੀ ਦੇ ਮੂਹਰੇ ਸਨ, ਪਰ ਉਹ ਅਰਜਨਟੀਨਾ ਦੇ ਸੁਪਰ ਸਟਾਰ ਖਿਡਾਰੀ ਨੂੰ ਰੋਕ ਨਾ ਸਕੇ। ਮੈਸੀ ਨੇ ਆਪਣੇ ਖੱਬੇ ਪੈਰ ਨੂੰ ਹਲਕਾ ਜਿਹਾ ਮੋੜ ਕੇ ਗੇਂਦ ਨੂੰ ਗੋਲ ਪੋਸਟ ਵਿਚ ਪਾ ਕੇ ਟੀਮ ਦੀ ਜਿੱਤ ਦਾ ਫ਼ਰਕ ਵਧਾਇਆ।

ਮੈਸੀ ਨੇ ਜਦੋਂ ਪੇਲੇ ਦੇ ਰਿਕ-ਾਰਡ ਦੀ ਬਰਾਬਰੀ ਕੀਤੀ ਤਾਂ ਬ੍ਰਾਜ਼ੀਲ ਦੇ ਖਿਡਾਰੀ ਪੇਲੇ ਨੇ ਉਨ੍ਹਾਂ ਨੂੰ ਵਧਾਈ ਦੇ ਕੇ ਕਿਹਾ ਸੀ ਕਿ ਉਹ ਮੈਸੀ ਦਾ ਕਾਫੀ ਸਨਮਾਨ ਕਰਦੇ ਹਨ। ਉਸ ਦਾ ਰਿਕਾਰਡ ਤੋੜਨ ਦੇ ਬਾਅਦ ਉਹ ਪੇਲੇ ਦਾ ਇਕ ਹੋਰ ਰਿਕਾਰਡ ਤੋੜਨ ਦੇ ਨੇੜੇ ਹਨ। ਪੇਲੇ ਨੇ ਬ੍ਰਾਜ਼ੀਲ ਲਈ 77 ਗੋਲ ਕੀਤੇ ਸਨ, ਜੋ ਦੱਖਣੀ ਅਮਰੀਕੀ ਮਹਾਦੀਪ ਵਿਚ ਅਜੇ ਵੀ ਇਕ ਰਿਕਾਰਡ ਹੈ। ਮੈਸੀ ਇਸ ਵਕਤ ਪੇਲੇ ਦੇ ਇਸ ਰਿਕਾਰਡ ਨੂੰ ਤੋੜਨ ਤੋਂ ਸਿਰਫ਼ ਛੇ ਗੋਲ ਦੂਰ ਹਨ। ਮੈਸੀ ਨੇ ਅਜੇ ਤੱਕ ਅਰਜਨਟੀਨਾ ਲਈ 71 ਗੋਲ ਕੀਤੇ ਹਨ।

ਇਸ ਮੌਕੇ ਲਿਓਨ ਮੈਸੀ ਨੇ ਕਿਹਾ ਕਿ ਜਦ ਮੈਂ ਫੁੱਟਬਾਲ ਖੇਡਣਾ ਸ਼ੁਰੂ ਕੀਤਾ ਤਾਂ ਕਦੀ ਨਹੀਂ ਸੋਚਿਆ ਸੀ ਕਿ ਮੈਂ ਕੋਈ ਰਿਕਾਰਡ ਤੋੜਾਂਗਾ, ਖ਼ਾਸ ਕਰ ਕੇ ਇਸ ਰਿਕਾਰਡ ਬਾਰੇ ਨਹੀਂ,ਜਿਹੜਾ ਮੈਂ ਬਣਾਇਆ ਹੈ। ਮੈਂ ਉਨ੍ਹਾਂ ਸਭਲੋਕਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਮੇਰੀ ਇੰਨੇ ਸਾਲ ਮਦਦ ਕੀਤੀ। ਮੇਰੇ ਟੀਮ ਸਾਥੀ, ਮੇਰਾ ਪਰਿਵਾਰ, ਮੇਰੇ ਦੋਸਤ ਤੇ ਉਹ ਸਾਰੇ, ਜਿਨ੍ਹਾਂ ਨੇ ਹਰ ਦਿਨ ਮੇਰਾ ਸਮਰਥਨ ਕੀਤਾ ਹੈ।

# ਐਸ ਐਸ ਪੀ ਨੂੰ ਪਾਕਿਸਤਾਨੀ ਖੁਫੀਆ ਏਜੰਸੀ ਵੱਲੋਂ ਧਮਕੀ ਦੇਣ ਬਾਰੇ ਮੁੱਦਾ ਆਈ ਜੀ ਕੋਲ ਪੁੱਜਾ

ਬਟਾਲਾ, 23 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਇੰਟੈਲੀਜੈਂਸ (ਆਈ ਐਸ ਆਈ) ਵੱਲੋਂ ਬਟਾਲਾ ਦੇ ਐਸ ਐਸ ਪੀ ਰਛਪਾਲ ਸਿੰਘ ਨੂੰ ਧਮਕੀ ਦੇਣ ਦਾ ਮਾਮਲਾ ਆਈ ਜੀ ਪੁਲਸ (ਪੰਜਾਬ) ਬਾਰਡਰ ਜ਼ੋਨ ਦੇ ਕੋਲ ਪਹੁੰਚ ਗਿਆ ਹੈ। ਇਸ ਦੌਰਾਨ ਪੁਲਸ ਵਿਭਾਗ ਨੇ ਐਸ ਐਸ ਪੀ ਬਟਾਲਾ ਦੀ ਸੁਰੱਖਿਆ 'ਚ ਵਾਧਾ ਕਰ ਦਿੱਤਾ ਅਤੇ ਉਨ੍ਹਾਂ ਦੇ ਦਫਤਰ ਤੇ ਘਰ ਵਿੱਚ ਸੁਰੱਖਿਆ ਮੁਲਾਜ਼ਮਾਂ ਦਾ ਸਖਤ ਪਹਿਰਾ ਵੀ ਵਧਾ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਐਸ ਐਸ ਪੀ ਰਛਪਾਲ ਸਿੰਘ ਨੂੰ ਬੀਤੇ ਦਿਨੀਂ ਉਨ੍ਹਾਂ ਦੇ ਵਟਸਐਪ ਨੰਬਰ ਉਤੇ ਆਈ ਐਸ ਆਈ ਵੱਲੋਂ ਧਮਕੀ ਭਰਿਆ ਮੈਸੇਜ ਆਇਆ ਸੀ, ਜਿਸ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਇਸ ਦੀ ਪੁਸ਼ਟੀ ਕਰਦਿਆਂ ਐਸ ਐਸ ਪੀ ਬਟਾਲਾ ਰਛਪਾਲ ਸਿੰਘ ਨੇ ਕਿਹਾ ਕਿ ਉਹ ਏਦਾਂ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ। ਇਸ ਪਿੱਛੋਂ ਖੁਫੀਆ ਏਜੰਸੀਆਂ ਵੀ ਅਲਰਟ ਹੋ ਗਈਆਂ ਹਨ। ਐਸ ਐਸ ਪੀ ਬਟਾਲਾ ਨੇ ਪਿਛਲੇ ਸਮੇਂ ਦੌਰਾਨ ਹੈਰੋਇਨ ਸਮੱਗਲਿੰਗ ਦਾ ਨੈਟਵਰਕ ਤੋੜਨ 'ਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਈ ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਇਨ੍ਹਾਂ ਸਮੱਗਲਰਾਂ ਦੇ ਪਾਕਿਸਤਾਨ ਬੈਠੇ ਸਮੱਗਲਰਾਂ ਨਾਲ ਸੰਬੰਧ ਸਨ, ਜੋ ਪਾਕਿਸਤਾਨ ਦੀ ਆਈ ਐਸ ਆਈ ਦੇ ਇਸ਼ਾਰਿਆਂ ਉੱਤੇ ਭਾਰਤ ਦੇ ਸਰਹੱਦੀ ਖੇਤਰਾਂ ਵਿੱਚ ਹੈਰੋਇਨ ਸਪਲਾਈ ਕਰਦੇ ਹਨ।ਆਈ ਜੀ ਬਾਰਡਰ ਰੇਂਜ ਸੁਰਿੰਦਰ ਪਾਲ ਸਿੰਘ ਪਰਮਾਰ ਨੇ ਕਿਹਾ ਕਿ ਪਾਕਿਸਤਾਨ ਦੀ ਆਈ ਐਸ ਆਈ ਵੱਲੋਂ ਐਸ ਐਸ ਪੀ ਨੂੰ ਫੋਨ 'ਤੇ ਧਮਕੀ ਦਾ ਮਾਮਲਾ ਕਾਫੀ ਗੰਭੀਰ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ

# ਖੇਤੀ ਕਾਨੂੰਨਾਂ ਦਾ ਵਿਰੋਧ ਨਾ ਕਰਨ ਵਾਲੇ ਪੰਜਾਬ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦੇਣਗੇ

*** ਮੈਂ ਕਦੀ ਕਿਸੇ ਮੀਟਿੰਗ ਵਿੱਚ ਇਨ੍ਹਾਂ ਕਾਨੂੰਨਾਂ ਦੀ ਹਮਾਇਤ ਨਹੀਂ ਕੀਤੀ**



ਚੰਡੀਗੜ੍ਹ, 23 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੰਘਰਸ਼ ਕਰਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਅਕਾਲੀਦਲ ਤੇ ਆਮ ਆਦਮੀ ਪਾਰਟੀ ਨੂੰ ਖੇਤੀ ਕਾਨੂੰਨਾਂ ਦੇ ਮੁੱਦੇ ਉੱਤੇ ਸੌੜੀ ਸਿਆਸਤ ਨਾ ਖੇਡਣ ਵਾਸਤੇ ਨਸੀਹਤ ਦੇਂਦੇ ਹੋਏ ਕਿਹਾ ਕਿ ਇਹ ਮਸਲਾ ਸਿਆਸੀ ਨਹੀਂ, ਪੰਜਾਬ ਅਤੇ ਏਥੋਂ ਦੇ ਬੱਚਿਆਂ ਦੇ ਭਵਿੱਖ ਨਾਲ ਸੰਬੰਧ ਰੱਖਦਾ ਹੈ।

ਆਪਣੇ ਫੇਸਬੁੱਕ ਪ੍ਰੋਗਰਾਮ ‘ਕੈਪਟਨ ਨੂੰ ਸਵਾਲ’ ਦੇ ਤਾਜ਼ਾ ਗੇੜ ਦੌਰਾਨ ਲੋਕਾਂ ਨੂੰ ਸੰਬੋਧਤ ਹੁੰਦਿਆਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ, ‘ਇਹ ਰਾਜਨੀਤਕ ਮਸਲਾਨਹੀਂ, ਸਾਡੇ ਪੰਜਾਬ, ਖੇਤੀਬਾੜੀ ਅਤੇ ਸਾਡੇ ਬੱਚਿਆਂ ਦੇ ਭਵਿੱਖ ਨਾਲ ਜੁੜਿਆ ਮੁੱਦਾ ਹੈ। ਜੇ ਅਸੀਂ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਨਹੀਂ ਕਰਦੇ ਤਾਂ ਆਪਣੇ ਬੱਚਿਆਂ ਦਾ ਭਵਿੱਖ ਖ਼ਤਰੇ ਵਿੱਚ ਪਾ ਲਵਾਂਗੇ।’ ਉਨ੍ਹਾ ਨੇ ਕਿਸੇ ਨੂੰ ਵੀ ਕਿਸਾਨ ਅੰਦੋਲਨ ਉਤੇ ਸਿਆਸਤ ਨਾ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਕਿਸਾਨ ਬੀਤੇ 28 ਦਿਨਾਂ ਤੋਂ ਦਿੱਲੀਦੇ ਬਾਰਡਰ ਉੱਤੇ ਸੰਘਰਸ਼ ਦੌਰਾਨ ਹੱਡ ਚੀਰਵੀਂ ਠੰਢ ਨਾਲ ਜੂਝ ਰਹੇ ਹਨ, ਇਸ ਲਈ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਉਨ੍ਹਾਂ ਦੇ ਹੱਕਵਿੱਚ ਨਿੱਤਰਨਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਦੇ ਨਾਲ ਇਕਜੁਟਤਾ ਲਈ ਦਿੱਲੀ ਬਾਰਡਰ ਉੱਤੇ ਨਾ ਜਾਣ ਦਾ ਫੈਸਲਾ ਸੋਚ-ਸਮਝ ਕੇ ਲਿਆ ਹੈ। ਇਸ ਬਾਰੇ ਸੋਸ਼ਲ ਮੀਡੀਆਵਿੱਚ ਉਠੇ ਸਵਾਲਾਂ ਦੇ ਜਵਾਬ ਵਿੱਚਉਨ੍ਹਾ ਨੇ ਕਿਹਾ ਕਿ ਕਿਸਾਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਨੇ ਅਜਿਹਾ ਕੀਤਾ ਹੈ, ਕਿਉਂਕਿ ਕਿਸਾਨ ਸਾਫ ਕਹਿ ਚੁੱਕੇ ਹਨ ਕਿ ਉਹ ਕਿਸੇ ਸਿਆਸੀ ਧਿਰ ਦੀ ਹਾਜ਼ਰੀ ਨਹੀਂ ਚਾਹੁੰਦੇ। ਕੜਾਕੇ ਦੀ ਠੰਢ ਵਿੱਚ ਕਿਸਾਨਾਂ ਨੂੰ ਆਪਣਾ ਖਿਆਲ ਰੱਖਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਪੰਜਾਬ ਵਿੱਚ ਆਪਣੇ ਪਰਿਵਾਰਕ ਜੀਆਂ ਲਈ ਕਿਸੇ ਵੀ ਹੰਗਾਮੀ ਮਦਦ ਵਾਸਤੇ 1091 ਹੈਲਪਲਾਈਨ ਜਾਂ 112 ਪੁਲੀਸ ਹੈਲਪਲਾਈਨ ਉੱਤੇ ਕਾਲ ਕਰਨ ਨੂੰ ਕਿਹਾ। ਸੰਘਰਸ਼ ਦੌਰਾਨ 22 ਕਿਸਾਨਾਂ ਦੀ ਮੌਤ ਹੋਣ ਉੱਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰਮਸਲਾ ਛੇਤੀ ਸੁਲਝਾਉਣ ਲਈ ਕਿਹਾ ਹੈ। ਉਨ੍ਹਾ ਨੇ ਸ਼ਾਂਤਾ ਕੁਮਾਰ ਦੀ ਰਿਪੋਰਟ ਮੁਤਾਬਕ ਘੱਟੋ-ਘੱਟ ਸਮਰਥਨ ਮੁੱਲ ਐੱਮ ਐੱਸ ਪੀ ਸਿਸਟਮ ਅਤੇ ਐਫ ਸੀ ਆਈ ਦੀ ਖਰੀਦ ਦਾ ਅੰਤ ਹੋ ਜਾਣ ਬਾਰੇ ਕਿਸਾਨਾਂ ਦੇ ਸ਼ੱਕ ਦਾ ਹਵਾਲਾ ਦੇ ਕੇ ਕਿਹਾ ਕਿ ਗੇਂਦ ਤਾਂ ਕੇਂਦਰ ਸਰਕਾਰ ਦੇ ਪਾਸੇ ਹੈ। ਉਨ੍ਹਾਂ ਕਿਹਾ ਕਿ ਐਫ ਸੀ ਆਈ ਨੂੰ ਖਤਮ ਕਰ ਦਿੱਤਾ ਗਿਆਤਾਂ ਅਨਾਜ ਕੌਣ ਖਰੀਦੇਗਾ ਅਤੇ ਇਸ ਦੇ ਨਾਲ ਜਨਤਕ ਵੰਡ ਪ੍ਰਣਾਲੀ ਦਾ ਖਾਤਮਾ ਹੋ ਜਾਵੇਗਾ ਤਾਂ ਗਰੀਬ ਨੂੰ ਰੋਟੀ ਕੌਣ ਦੇਵੇਗਾ?

ਇਸ ਮੌਕੇ ਦੋਵਾਂ ਵਿਰੋਧੀ ਪਾਰਟੀਆਂ ਬਾਰੇਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਜਦੋਂ ਸਭ ਤੋਂ ਪਹਿਲਾਂ ਖੇਤੀ ਆਰਡੀਨੈਂਸ ਲੈ ਕੇ ਆਈ ਤਾਂ ਇਸ ਨੂੰ ਕੇਂਦਰੀ ਮੰਤਰੀ ਵਜੋਂਹਰਸਿਮਰਤ ਕੌਰ ਬਾਦਲ ਦੀ ਪ੍ਰਵਾਨਗੀ ਸੀ ਅਤੇ ਜਦੋਂ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਨੇ ਇਸ ਬਾਰੇ ਝੱਟਪਟ ਸਰਬ ਪਾਰਟੀ ਮੀਟਿੰਗ ਸੱਦੀ ਤਾਂ ਅਕਾਲੀ ਦਲ ਨੇ ਕੱਚਾ-ਪੱਕਾ ਸਟੈਂਡ ਲਿਆ ਅਤੇ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਬੋਲੇ ਸਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਵੀ ਓਦੋਂ ਇਨ੍ਹਾਂ ਆਰਡੀਨੈਂਸਾਂ ਦਾ ਪੱਖ ਪੂਰਿਆ ਤੇ ਵਿਧਾਨ ਸਭਾ ਸੈਸ਼ਨ ਦਾ ਅਕਾਲੀ ਆਗੂ ਬਾਈਕਾਟ ਕਰ ਗਏ ਸਨ। ਇਸ ਮੁੱਦੇ ਉੱਤੇ ਪੂਰੀ ਤਰ੍ਹਾਂ ਨੁੱਕਰੇ ਲੱਗਣ ਪਿੱਛੋਂ ਅਕਾਲੀਆਂ ਨੇ ਸੁਰ ਬਦਲੀ ਤੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਮੌਕੇ ਕਿਸਾਨਾਂ ਦਾ ਸਮੱਰਥਨ ਕੀਤਾ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਵੀ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਸਰਕਾਰ ਦੇ ਸਟੈਂਡ ਦੀ ਹਮਾਇਤ ਕੀਤੀ ਅਤੇ ਪੰਜਾਬ ਦੇ ਖੇਤੀ ਸੋਧ ਕਾਨੂੰਨ ਦੀਆਂ ਕਾਪੀਆਂ ਤੇ ਵਿਧਾਨ ਸਭਾ ਦਾ ਮਤਾ ਗਵਰਨਰ ਨੂੰ ਸੌਂਪਣ ਲਈ ਇਨ੍ਹਾਂ ਦੇ ਲੀਡਰ ਮੇਰੇ ਤੇ ਪੰਜਾਬ ਕਾਂਗਰਸ ਦੇ ਨੇਤਾਵਾਂ ਦੇ ਨਾਲ ਗਏ ਸਨ, ਪਰ ਅਗਲੇ ਦਿਨ ਇਨ੍ਹਾਂ ਨੇ ਪੈਰ ਪਿਛਾਂਹ ਖਿੱਚ ਲਏ। ਮੁੱਖ ਮੰਤਰੀ ਨੇ ਸਾਫ ਕਿਹਾ ਕਿ ਖੇਤੀ ਕਾਨੂੰਨਾਂ ਬਾਰੇ ਫੈਸਲਾ ਕਿਸੇ ਵੀ ਅਜਿਹੀ ਕਮੇਟੀ ਵਿੱਚਪਾਸ ਨਹੀਂ ਕੀਤਾ ਗਿਆ, ਜਿਸ ਦਾ ਪੰਜਾਬ ਮੈਂਬਰ ਹੋਵੇ। ਉਨ੍ਹਾਂ ਕਿਹਾ ਕਿਅਰਵਿੰਦ ਕੇਜਰੀਵਾਲ, ਸੁਖਬੀਰ ਸਿੰਘ ਬਾਦਲ, ਭਗਵੰਤ ਮਾਨ, ਸਾਰੇ ਝੂਠ ਮਾਰਦੇ ਅਤੇ ਸਿਆਸਤ ਖੇਡ ਰਹੇ ਹਨ। ਉਨ੍ਹਾ ਕਿਹਾ ਕਿ ਖੇਤੀ ਸੁਧਾਰਾਂ ਬਾਰੇ ਵਿਚਾਰ ਲਈ ਕੇਂਦਰ ਸਰਕਾਰ ਵੱਲੋਂਬਣਾਈ ਕਮੇਟੀ ਦੇ ਸ਼ੁਰੂਵਿੱਚ ਪੰਜਾਬ ਇਸ ਦਾ ਮੈਂਬਰ ਨਹੀਂ ਸੀ ਅਤੇ ਉਨ੍ਹਾਂ ਵੱਲੋਂ ਕੇਂਦਰ ਨੂੰ ਪੱਤਰ ਲਿਖਣ ਪਿੱਛੋਂ ਪੰਜਾਬ ਨੂੰ ਕਮੇਟੀ ਦਾ ਹਿੱਸਾ ਬਣਾਇਆ ਗਿਆ ਸੀ। ਇਸ ਤੋਂ ਬਾਅਦ ਕਮੇਟੀ ਦੀਆਂ ਦੋ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿੱਚੋਂ ਇਕ ਵਿੱਤ ਮਾਮਲਿਆਂ ਬਾਰੇ ਸੀ, ਜਿੱਥੇ ਮਨਪ੍ਰੀਤ ਸਿੰਘ ਬਾਦਲ ਗਏ ਤੇ ਦੂਸਰੀ ਮੀਟਿੰਗ ਵਿੱਚ ਸਿਰਫ ਅਫਸਰਾਂ ਨੂੰ ਸੱਦਿਆ ਗਿਆ ਤੇ ਉਨ੍ਹਾਂ ਨਾਲ ਇਕ ਖਰੜਾ ਸਾਂਝਾ ਕੀਤਾ ਗਿਆ, ਜਿਸ ਵਿੱਚ ਇਨ੍ਹਾਂ ਕਾਨੂੰਨਾਂ ਦਾ ਕੋਈ ਜ਼ਿਕਰ ਨਹੀਂ ਸੀ। ਪੰਜਾਬ ਸਰਕਾਰ ਨੇ ਖਰੜੇ ਵਿਚ ਕੇਂਦਰ ਸਰਕਾਰ ਵੱਲੋਂ ਦਿੱਤੇ ਸੁਝਾਵਾਂ ਉੱਤੇ ਇਤਰਾਜ਼ ਕੀਤਾ ਅਤੇ ਸਪੱਸ਼ਟ ਸਟੈਂਡ ਲਿਆ ਕਿ ਐਮ ਐਸ ਪੀ ਨਾਲ ਕਿਸੇ ਕੀਮਤ ਉੱਤੇ ਛੇੜਛਾੜ ਨਾ ਕੀਤੀ ਜਾਵੇ। ਉਨ੍ਹਾਂ ਨੇਕਿਹਾ ਕਿ ਪੰਜਾਬ ਸਰਕਾਰ ਨੇ ਮੰਗ ਕੀਤੀ ਸੀ ਕਿ ਇਕ ਖਰੀਦ ਪ੍ਰਣਾਲੀ ਵਿਕਸਤ ਕੀਤੀ ਜਾਵੇ ਐਮ ਐਸ ਪੀ ਕੀਮਤਾਂ ਉੱਤੇ ਦਾਲਾਂ, ਕਪਾਹ, ਮੱਕੀ ਅਤੇ ਹੋਰ ਫਸਲਾਂ ਦੀ ਖਰੀਦ ਕੀਤੀ ਜਾਵੇ।



# ਚੀਨੀ ਡਿਪਲੋਮੈਟਸ ਦੀ ਵਧਦੀ ਬਦਜ਼ੁਬਾਨੀ

-ਰਾਜਸੀ ਟਿਪਣੀਕਾਰ ਦੀ ਕਲਮ ਤੋਂ-

ਚੀਨ ਦੇ ਵਿਦੇਸ਼ ਵਿਭਾਗ ਦੀ ਬੁਲਾਰਾ ਹੁਆ ਛੁਨਯਿੰਗ ਨੇ ਇੱਕ ਪ੍ਰੈੱਸ ਕਾਨਫਰੰਸ 'ਚ ਜਰਮਨ ਮੀਡੀਆ ਵੱਲੋਂ ਚੀਨ ਲਈ 'ਵੂਲਫ ਵਾਰੀਅਰ' ਵਰਗੇ ਸ਼ਬਦਾਂ ਦੀ ਵਰਤੋਂ ਕੀਤੇ ਜਾਣ 'ਤੇ ਚੀਨ ਨੂੰ ਹਾਲੀਵੁੱਡ ਦੀ ਡਿਜ਼ਨੀ ਐਨੀਮੇਸ਼ਨ ਫਿਲਮ 'ਦਿ ਲਾਇਨ ਕਿੰਗ' ਦਾ ਸਿੰਬਲ ਦੱਸਿਆ ਹੈ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਇੱਕ ਜਰਮਨ ਅਖਬਾਰ 'ਡੇਰ ਤਾਗੇਸਪਿਯੇਗੇਲ' ਵਿੱਚ ਕੌਮਾਂਤਰੀ ਪੱਧਰ 'ਤੇ ਚੀਨ ਦੇ ਪਿਛਲੇ ਦਿਨਾਂ ਵਿੱਚ ਤੇਜ਼ ਹੋਏ ਹਮਲਾਵਰ ਰੁਖ਼ ਨੂੰ ਦੇਖ ਕੇ ਉਸ ਨੂੰ ਵੂਲਫ ਵਾਰੀਅਰ ਦਾ ਨਾਂਅ ਦਿੱਤਾ ਸੀ। ਇਸ ਉੱਤੇ ਚੀਨ ਬੜਬੋਲੇਪਨ 'ਤੇ ਆ ਗਿਆ। ਸਵਾਲ ਇਹ ਉਠ ਰਿਹਾ ਹੈ ਕਿ ਵਿਦੇਸ਼ੀ ਮੀਡੀਆ ਦੀਆਂ ਗੱਲਾਂ ਦਾ ਜਵਾਬ ਦੇਣ ਲਈ ਚੀਨ ਕੋਲ ਉਸ ਦਾ ਆਪਣਾ ਮੀਡੀਆ ਹੈ, ਫਿਰ ਚੀਨ ਦੇ ਵਿਦੇਸ਼ ਵਿਭਾਗ ਨੂੰ ਕਿਉਂ ਜਵਾਬ ਦੇਣ ਲਈ ਅੱਗੇ ਆਉਣਾ ਪਿਆ ਹੈ?

ਜਾਣਕਾਰਾਂ ਦੀ ਰਾਏ 'ਚ ਚੀਨ ਇਸ ਵਕਤ ਦੁਨੀਆ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਹੈ। ਜੇ ਚੀਨ ਦੇ ਪ੍ਰਾਚੀਨ ਯੁੱਧ ਕਲਾ ਦੇ ਵਿਦਵਾਨ ਸੁਨ ਜ਼ੂ ਦੀ ਗੱਲ ਮੰਨੀਏ ਤਾਂ ਉਨ੍ਹਾਂ ਦੇ ਮੁਤਾਬਕ ਜਦੋਂ ਤੁਸੀਂ ਤਾਕਤਵਰ ਹੋ ਤਾਂ ਦੁਨੀਆ ਲਈ ਨਰਮ ਰੁਖ਼ ਅਖਤਿਆਰ ਕਰੋ, ਨਿਮਰਤਾ ਨਾਲ ਵਿਹਾਰ ਕਰੋ, ਪਰ ਜਦੋਂ ਤੁਸੀਂ ਅੰਦਰੂਨੀ ਤੌਰ 'ਤੇ ਕਮਜ਼ੋਰ ਹੋ ਤਾਂ ਤੁਹਾਨੂੰ ਦੁਨੀਆ ਸਾਹਮਣੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ, ਆਪਣੇ ਵਚਨ ਵਿੱਚ ਸਖਤੀ ਵਰਤੋ, ਆਪਣੇ ਕੰਮਾਂ ਵਿੱਚ ਹਮਲਾਵਰਪੁਣਾ ਲਿਆਓ।

ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਨਾਲ ਚੱਲਦੇ ਵਪਾਰ ਦੇ ਟਕਰਾਅ ਕਾਰਨ ਚੀਨ ਦੇ ਐਕਸਪੋਰਟ ਉਦਯੋਗ ਨੂੰ ਬੜਾ ਨੁਕਸਾਨ ਝੱਲਣਾ ਪਿਆ ਹੈ, ਉਸ ਦੇ ਬਾਅਦ ਚੀਨ ਨੇ ਜਿਸ ਤਰ੍ਹਾਂ ਪੂਰੀ ਦੁਨੀਆ ਵਿੱਚ ਕੋਰੋਨਾ ਦੀ ਸੌਗਾਤ ਦਿੱਤੀ ਹੈ ਉਸ ਦੇ ਬਾਅਦ ਦੁਨੀਆ ਦੀ ਅਰਥ ਵਿਵਸਥਾ ਤਬਾਹ ਹੋ ਗਈ। ਇਸ ਦਾ ਨਤੀਜਾ ਵੀ ਚੀਨ ਨੂੰ ਭੁਗਤਣਾ ਪਿਆ। ਚੀਨ ਵਿੱਚ ਐਕਸਪੋਰਟ ਲਈ ਤਿਆਰ ਮਾਲ ਦਾ ਖਰੀਦਦਾਰ ਕੋਈ ਨਹੀਂ ਮਿਲਿਆ, ਇਸ ਨਾਲ ਚੀਨ ਨੂੰ ਦੋਹਰੀ ਮਾਰ ਝੱਲਣੀ ਪਈ। ਇਸ ਦਾ ਨਤੀਜਾ ਨਿਕਲਿਆ ਕਿ ਚੀਨ ਇਸ ਸਮੇਂ ਅੰਦਰੂਨੀ ਤੌਰ 'ਤੇ ਖੋਖਲਾ ਹੋ ਗਿਆ ਹੈ। ਆਪਣੀ ਇਸ ਕਮੀ ਨੂੰ ਛੁਪਾਉਣ ਲਈ ਚੀਨ ਦੁਨੀਆ ਨੂੰ ਆਪਣੇ ਤੇਵਰ ਦਿਖਾ ਰਿਹਾ ਹੈ।



ਹੁਆ ਛੁਨਯਿੰਗ ਨੇ ਇਸ ਘਟਨਾ ਉੱਤੇ ਦੁੱਖ ਪ੍ਰਗਟਾਉਣ ਦੀ ਥਾਂ ਬੇਤੁਕੀ ਬਿਆਨਬਾਜ਼ੀ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਜੇ ਚੀਨ ਉੱਤੇ ਕੋਈ ਅਜਿਹੇ ਦੋਸ਼ ਲਾਏਗਾ ਤਾਂ ਚੀਨ ਉਸ ਨੂੰ ਮੂੰਹ ਤੋੜ ਜਵਾਬ ਦੇਵੇਗਾ। ਜੇ ਇਹ ਗੱਲ ਕੋਈ ਫੌਜੀ ਕਹੇ ਤਾਂ ਸਮਝਿਆ ਜਾ ਸਕਦਾ ਹੈ, ਪਰ ਜੇ ਦੇਸ਼ ਦਾ ਰਾਜਦੂਤ ਅਜਿਹਾ ਬੋਲੇ ਤਾਂ ਖੁਦ ਸਮਝਿਆ ਜਾ ਸਕਦਾ ਹੈ ਕਿ ਅੰਦਰੂਨੀ ਚੱਕ-ਥੱਲ ਕਿੰਨੀ ਹੋ, ਜੋ ਸ਼ਬਦੀ ਜੰਗ ਦੇ ਪੱਧਰ 'ਤੇ ਉਤਰ ਆਈ ਹੈ। ਇਹ ਚੀਨ ਦੇ ਦਿਮਾਗੀ ਦੀਵਾਲੀਏਪਨ ਨੂੰ ਦਰਸਾਉਂਦਾ ਹੈ, ਜੋ ਹਮਲਾਵਰਪੁਣੇ ਦੀਆਂ ਹੱਦਾਂ ਟੱਪਦਾ ਜਾਂਦਾ ਹੈ। ਹੱਦ ਇਥੋਂ ਤੱਕ ਟੱਪੀ ਗਈ ਕਿ ਹੁਆ ਛੁਨਯਿੰਗ ਨੇ ਇਹ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਆਪਣੀ ਰੱਖਿਆ ਤੇ ਨਿਆਂ ਲਈ ਵੂਲਫ ਵਾਰੀਅਰ ਬਣਨ ਵਿੱਚ ਹਰਜ਼ ਹੀ ਕੀ ਹੈ?

ਹੁਆ ਨੇ ਅੱਜ ਦੇ ਡਿਪਲੋਮੈਟਸ ਦੀ ਬਦਜ਼ੁਬਾਨੀ ਦਾ ਬੜੀ ਬੇਸ਼ਰਮੀ ਨਾਲ ਬਚਾਅ ਕਰਦੇ ਹੋਏ ਚੀਨ ਦੇ ਕਾਮ-ਰੇਡ ਮਾਓ ਤਸੇ ਤੁੰਗ ਦੀ ਗੱਲ ਨੂੰ ਦੁਹਰਾਇਆ ਕਿ ਚੀਨ ਕਿਸੇ ਉਤੇ ਹਮਲਾ ਨਹੀਂ ਕਰਦਾ, ਪਰ ਜਦੋਂ ਚੀਨ 'ਤੇ ਹਮਲਾ ਹੋਵੇਗਾ ਤਾਂ ਚੀਨ ਵੀ ਮੋੜਵਾਂ ਵਾਰ ਕਰੇਗਾ। ਸੱਚਾਈ ਮਾਓ ਦੀ ਇਸ ਗੱਲ ਤੋਂ ਇਕਦਮ ਉਲਟ ਹੈ। ਪੰਚਸ਼ੀਲ ਦੀ ਗੱਲ ਕਰਨ ਵਾਲੇ ਮਾਓ ਨੇ ਭਾਰਤ 'ਤੇ 1962 ਵਿੱਚ ਹਮਲਾ ਕੀਤਾ ਸੀ। ਚੀਨ ਦੀ ਬਦਜ਼ੁਬਾਨੀ ਦੇ ਝੰਡਾਬਰਦਾਰ ਬਣੇ ਤਸਾਓ ਲੀਚੀਆਨ ਤਸਾਓ ਅਸਲ ਵਿੱਚ ਨੌਜਵਾਨ ਰਾਜਦੂਤਾਂ 'ਚ ਸਭ ਤੋਂ ਹਮਲਾਵਰ ਬਦਜ਼ੁਬਾਨ ਹਨ। ਪਿੱਛੇ ਜਿਹੇ ਉਨ੍ਹਾਂ ਨੇ ਆਸਟਰੇਲੀਆ ਨੂੰ ਨਾਰਾਜ਼ ਕਰ ਦਿੱਤਾ, ਜਦੋਂ ਟਵੀਟ ਕਰ ਕੇ ਆਸਟਰੇਲੀਆਈ ਫੌਜੀ 'ਤੇ ਅਫਗਾਨਿਸਤਾਨ 'ਚ ਇੱਕ ਬੱਚੇ ਦੀ ਹੱਤਿਆ ਦਾ ਦੋਸ਼ ਲਾਇਆ। ਚੀਨ ਦੀ ਬਦਜ਼ੁਬਾਨੀ ਉਸ ਦੀ ਦੁਸ਼ਮਣ ਬਣਦੀ ਜਾਂਦੀ ਹੈ। ਜਿਉਂ ਜਿਉਂ ਚੀਨ ਦਾ ਅਸਲੀ ਰੰਗ ਦੁਨੀਆ ਦੇਖ ਰਹੀ ਹੈ, ਉਹ ਆਪਣੀ ਦੂਰੀ ਚੀਨ ਤੋਂ ਵਧਾਉਂਦੀ ਜਾ ਰਹੀ ਹੈ।

ਇਸ ਦਾ ਅਸਰ ਚੀਨ ਨੂੰ ਆਰਥਿਕ ਨੁਕਸਾਨ ਉਠਾ ਕੇ ਅਦਾ ਕਰਨਾ ਹੋਵੇਗਾ, ਨਾਲ ਉਸ ਦੀ ਸਾਖ 'ਤੇ ਵੱਟਾ ਵੀ ਲੱਗ ਚੁੱਕਾ ਹੈ। ਇਸ ਦਾ ਭਾਵ ਇਹ ਹੋਇਆ ਕਿ ਚੀਨ ਦਾ ਅਸਲ ਟਕਰਾਅ ਸ਼ੁਰੂ ਹੋਵੇਗਾ। ਵਿਦੇਸ਼ਾਂ ਨਾਲ ਉਸ ਦੇ ਵਪਾਰਕ ਸੰਬੰਧ ਖਰਾਬ ਹੋਣਗੇ? ਦੁਨੀਆ ਦਾ ਸਰਗਨਾ ਬਣਨ ਦੀ ਉਸ ਦੀ ਰੀਝ ਨੂੰ ਧੱਕਾ ਲੱਗੇਗਾ ਕਿਉਂਕਿ ਕੋਈ ਵੀ ਦੇਸ਼ ਚੀਨ ਨੂੰ ਸਹਿਣ ਨਹੀਂ ਕਰਨਾ ਚਾਹੁੰਦਾ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਜਿਦ ਉੱਤੇ ਅੜਿਆ ਚਿਪਕੂ ਵਾਇਰਸ

-ਸੰਤੋਸ਼ ਤ੍ਰਿਵੇਦੀ

ਕੋਰੋਨਾ ਜੀ ਦੇ ਜਾਣ ਦੀ ਅਜੇ ਤੱਕ ਕੋਈ ਭਣਕ ਸਾਡੇ ਕੰਨਾਂ ਵਿੱਚ ਨਹੀਂ ਪਈ, ਹਾਲਾਂਕਿ ਉਨ੍ਹਾਂ ਦੇ ਸਮਾਜਕ ਹੋਣ ਨੂੰ ਲੈ ਕੇ ਰੋਜ਼ ਨਵੇਂ ਰਹੱਸ ਖੁੱਲ੍ਹ ਰਹੇ ਹਨ। ਇੱਕ ਤਾਜ਼ਾ ਖੋਜ ਦੱਸਦੀ ਹੈ ਕਿ ਵਾਇਰਸ ਜੀ ਵਿੱਚ 'ਮਿਲਣਸਾਰਤਾ' ਦਾ ਨਾਯਾਬ ਗੁਣ ਹੈ। ਇਹ ਜਿਨ੍ਹਾਂ ਦੀ ਦੇਹ ਵਿੱਚ ਸਰਗਰਮ ਹੁੰਦੇ ਹਨ, ਉਸ ਵਿੱਚ ਸਾਹਮਣੇ ਵਾਲੇ 'ਦੇਹਧਾਰੀ' ਨੂੰ ਮਿਲਣ ਦੀ ਅਜਬ ਬੇਚੈਨੀ ਹੋਣ ਲੱਗਦੀ ਹੈ। ਇਹ ਮਹਾਸ਼ੇ ਉਸ ਨੂੰ ਮਿਲਣ ਲਈ 'ਧਾਰਕ' ਨੂੰ ਉਕਸਾਉਂਦੇ ਰਹਿੰਦੇ ਹਨ। ਜਾਂ ਇੰਝ ਕਹਿ ਲਓ ਕਿ ਸਾਹਮਣੇ ਵਾਲੇ ਵੱਲ ਧੱਕਦੇ ਹਨ। ਇਸ ਲਈ ਜੇ ਇਸ ਤਰ੍ਹਾਂ ਦੀ 'ਮਿਲਣੀ' ਨਾਲ ਬਿਮਾਰੀ ਦੀ ਭਲਾਈ ਹੋ ਰਹੀ ਹੈ ਤਾਂ ਇਸ ਦਾ ਸਿਹਰਾ ਕੇਵਲ ਵਾਇਰਸ ਨੂੰ ਹੀ ਜਾਂਦਾ ਹੈ, ਬਿਮਾਰੀ 'ਧਾਰਕ' ਨੂੰ ਨਹੀਂ। ਇਸ ਦਾ ਮਤਲਬ ਹੈ ਕਿ ਇਹ ਆਪਣੀ ਸਰਗਰਮੀ ਨਾਲ ਅਨੋਖੇ ਕਿਸਮ ਦਾ ਅਜਿਹਾ ਪ੍ਰੇਮ-ਜਾਲ ਫੈਲਾਉਂਦੇ ਹਨ ਕਿ ਸਾਹਮਣੇ ਵਾਲਾ ਮਾਸਕ ਰਹਿਤ ਹੋ ਜਾਂਦਾ ਹੈ। ਇਸ ਲਿਹਾਜ਼ ਨਾਲ ਕੋਰੋਨਾ ਜੀ ਬੜੇ ਸ਼ਾਤਿਰ ਅਤੇ ਦਿਲਫੈਂਕ ਕਿਸਮ ਦੇ ਨਿਕਲੇ ਹਨ। ਬੇਸ਼ੱਕ ਇਨ੍ਹਾਂ ਦੀ ਇਹ ਅਦਾ ਕਿਸੇ ਹੋਰ ਦੀ ਜਾਨ ਲੈ ਲਵੇ! ਅਤੇ ਜਾਨ ਦਾ ਕੀ ਹੈ, ਕੋਰੋਨਾ ਜੀ ਨਾ ਲੈਣਗੇ ਤਾਂ ਦੂਸਰੇ ਤਮਾਮ ਆਮ ਆਦਮੀ ਦੀ ਜਾਨ ਦੇ ਪਿੱਛੇ ਪਏ ਹਨ। ਬਹਰਹਾਲ ਇਸ ਬਹਾਨੇ ਜਾਨ ਨਿਕਲੇਗੀ ਤਾਂ ਸਰਕਾਰ ਦੀ 'ਗਿਣਤੀ' ਵਿੱਚ ਤਾਂ ਆਏਗੀ।

ਓਧਰ ਵਿਗਿਆਨੀ ਹਾਰ ਮੰਨਣ ਨੂੰ ਤਿਆਰ ਨਹੀਂ ਅਤੇ ਇਧਰ ਕੋਰੋਨਾ ਜੀ ਡੋਨਾਲਡ ਟਰੰਪ ਚਰਚਾ ਦੀ ਤਰ੍ਹਾਂ ਜਿੱਤ ਦੀ ਜ਼ਿੱਦ 'ਤੇ ਅੜੇ ਹਨ। ਦੇਰ-ਸਵੇਰ ਬਿਮਾਰੀ ਦਾ ਟੀਕਾ ਬਣ ਜਾਏਗਾ, ਪਰ ਜ਼ਿੱਦ ਦਾ ਨਹੀਂ। ਵਿਗਿਆਨਕ ਟਰਾਇਲ 'ਤੇ ਟਰਾਇਲ ਕਰ ਰਹੇ ਹਨ, ਪਰ




ਕੋਰੋਨਾ ਦਾ ਅਜੇ 'ਹਿਊਮਨ ਟਰਾਇਲ' ਪੂਰਾ ਨਹੀਂ ਹੋਇਆ। ਪਹਿਲਾਂ ਨੱਕ ਤੋਂ, ਫਿਰ ਅੱਖਾਂ ਤੇ ਮੂੰਹ ਤੋਂ ਇਨ੍ਹਾਂ ਦੀ ਘੁਸਪੈਠ ਦੀਆਂ ਖਬਰਾਂ ਆਈਆਂ। ਬਾਅਦ ਵਿੱਚ ਪਤਾ ਲੱਗਾ ਕਿ ਇਹ ਮਹਾਸ਼ੇ ਇੰਨੇ ਕਾਰਸਾਜ ਹਨ ਕਿ ਹਵਾ ਅਤੇ ਕੰਨ ਤੋਂ ਵੀ ਮਨੁੱਖੀ ਦੇਹ ਤੋੜ ਸਕਦੇ ਹਨ। ਕਦੇ-ਕਦੇ ਇਹ ਭਗਵਾਨ ਤੋਂ ਉਚੀ ਚੀਜ਼ ਲੱਗਣ ਲੱਗਦੇ ਹਨ। ਤੁਲਸੀ ਬਾਬਾ ਨੇ ਪ੍ਰਮਾਤਮਾ ਦੇ ਬਾਰੇ ਲਿਖਿਆ ਹੈ, 'ਕਿਨੁ ਪਦ ਚਲਈ, ਸੁਨਈ ਬਿਨੁ ਕਾਨਾ। ਕਰ ਬਿਨੁ ਕਰਮ ਕਰਈ ਬਿਧਿ ਨਾਨਾ।' ਲਗਭਗ ਇਹੋ ਲੱਛਣ ਵਾਇਰਸ ਜੀ ਦੇ ਲੱਗਦੇ ਹਨ। ਉਹ ਰੰਗ-ਰੂਪ ਭੇਸ ਬਦਲ ਕੇ ਆਪਣੇ ਚਹੇਤਿਆਂ ਨੂੰ ਮਿਲਦੇ ਹਨ। ਇਸ ਤੋਂ ਜ਼ਾਹਰ ਹੈ ਕਿ ਇਨ੍ਹਾਂ ਦੇ ਅੰਦਰ 'ਮਿਲਣਸ-ਾਰਤਾ' ਦਾ ਕਿੰਨਾ ਵੱਡਾ 'ਡੋਜ਼' ਹੈ! ਕੁਝ ਸਰਕਾਰਾਂ ਦਾ ਮੰਨਣਾ ਹੈ ਕਿ ਕੋਰੋਨਾ ਜੀ 'ਨਿਸ਼ਾਚਰ' ਹਨ। ਇਨ੍ਹਾਂ ਨੂੰ ਰਾਤ ਨੂੰ ਵੱਧ ਦਿਸਦਾ ਹੈ ਅਤੇ ਇਸ ਲਈ ਇਹ ਚਮਚੜਿੱਕ ਦੀ ਪੈਦਾਇਸ਼ ਹਨ। ਇਸ ਲਈ ਰਾਤ ਨੂੰ ਕਰਫਿਊ ਦੀ ਮੁਨਾਦੀ ਕਰ ਦਿੱਤੀ ਗਈ ਹੈ। ਉਂਝ ਵੀ ਕੋਰੋਨਾ ਜੀ ਨੂੰ ਦਿਨ-ਦਿਹਾੜੇ ਸਭ ਨੂੰ 'ਮਿਲਣ' ਦੀ 'ਗਾਈਡ-ਲਾਈਨ' ਬਣ ਚੁੱਕੀ ਹੈ ਤਾਂ ਇਨ੍ਹਾਂ ਨੂੰ ਰਾਤ-ਬਰਾਤੇ ਮੂੰਹ ਮਾਰਨ ਦੀ ਜ਼ਰੂਰਤ ਹੀ ਕੀ?

ਕੋਰੋਨਾ ਜੀ ਨੇ ਸਮਾਜ ਦੇ ਇਲਾਵਾ ਸਾਹਿਤ ਵਿੱਚ ਵੀ ਗੰਭੀਰ ਦਖਲ ਦਿੱਤਾ ਹੈ। ਕਵੀ ਪੈਦਲ ਤਾਂ ਹੋਏ ਹੀ ਭਾਵਹੀਣ ਵੀ ਹੋ ਗਏ। ਸਾਨੂੰ ਸ਼ੁਰੂਆਤ ਤੋਂ ਹੀ ਕੋਰੋਨਾ ਜੀ ਪ੍ਰੇਮ-ਦੁਸ਼ਮਣ ਲੱਗੇ ਸਨ। ਇਨ੍ਹਾਂ ਦੇ ਰਹਿੰਦੇ ਹਰ ਖੂਬਸੂਰਤ ਚਿਹਰੇ ਨੂੰ ਮੋਏ ਮਾਸਕ ਵਿੱਚ ਕੈਦ ਹੋਣਾ ਪਿਆ। 'ਸਰੀਰਕ ਦੂਰੀ' ਅਤੇ 'ਮੂੰਹਬੰਦੀ' ਵਰਗੇ ਆਦਿ ਕਾਲ ਟੋਟਕੇ ਤਾਂ ਪ੍ਰੇਮ-ਪੁਜਾਰੀਆਂ ਦੇ ਲਈ ਕਹਿਰ ਬਣ ਕੇ ਟੁੱਟੇ ਹਨ। ਲਾਕਡਾਊਨ ਖੁੱਲ੍ਹਣ ਦੇ ਬਾਅਦ ਉਮੀਦ ਸੀ ਕਿ ਹਸੀਨ ਚਿਹਰੇ ਵੀ ਬੰਦ ਦਰਵਾਜ਼ਿਆਂ ਤੋਂ ਬਾਹਰ ਝਾਂਕਣਗੇ, ਪਰ ਤੌਬਾ-ਤੌਬਾ। ਇਸ ਦੇ ਲਈ ਜੁਰਮਾਨੇ ਤੱਕ ਦੀ ਨੌਬਤ ਆ ਗਈ। ਅਜਿਹੇ ਵਿੱਚ ਕੋਈ ਮੁਹੱਬਤ ਕਰੇ ਵੀ ਤਾਂ ਕਿਵੇਂ? ਆਸ਼ਿਕ ਅਤੇ ਸਿਰਫਿਰੇ ਲੋਕ ਬੇਰੋਜ਼ਗਾਰ ਬੈਠੇ ਹਨ, ਜਦ ਕਿ ਰੋਮਾਂਟਿਕ ਕਵੀ ਤੇ ਬੇਜ਼ਾਰ ਹਨ। ਉਨ੍ਹਾਂ ਨੂੰ 'ਮੈਚਿੰਗ-ਮਾਸਕ' ਤੋਂ ਪ੍ਰੇਰਣਾ ਲੈਣੀ ਪੈ ਰਹੀ ਹੈ। ਕੋਰੋਨਾ ਜੀ ਦੀ ਤੀਸਰੀ-ਚੌਥੀ ਲਹਿਰ ਦੇ ਵਿੱਚ ਕਵੀ ਮਹਾਸ਼ੇ ਦੇ ਦਿਲ ਦੀ ਲਹਿਰ ਕਿਤੇ ਗੁੰਮ ਹੋ ਗਈ ਹੈ। ਕੋਰੋਨਾ ਜੀ ਦੇ ਪ੍ਰਭਾਵ ਦੀ ਮਾਸਕ ਸਮਰੱਥਾ ਤਦ ਹੋਰ ਵਧ ਜਾਂਦੀ ਹੈ, ਜਦ ਇਹ 'ਰਾਜਧਾਨੀ-ਰਿਟਰਨ' ਹੋਵੇ! ਸੱਤਾ ਅਤੇ ਸਾਹਿਤ ਦੇ ਵਾਇਰਸ ਲੱਦੇ, ਜਦ ਇਹ ਸੁਦੂਰ ਸਥਾਨਾਂ 'ਤੇ ਪਹੁੰਚਦੇ ਹਨ ਤਾਂ ਉਥੇ ਵੀ ਸਰਕਾਰਾਂ ਦੇ ਮੂੰਹ ਵਿੱਚ ਪਏ ਤਾਲੇ ਖੁੱਲ੍ਹਣ ਲੱਗਦੇ ਹਨ। ਰਾਜਧਾਨੀ ਤੋਂ ਮੁੜਿਆ ਆਮ ਆਦਮੀ ਖਤਰਨਾਕ ਵਾਇਰਸ ਵਿੱਚ ਤਬਦੀਲ ਹੋ ਜਾਂਦਾ ਹੈ। ਇਸ ਲਈ ਉਸ ਦੀ ਜਾਂਚ-ਪੜਤਾਲ ਸਭ ਜਗ੍ਹਾ ਹੁੰਦੀ ਹੈ। ਸਰਕਾਰਾਂ ਦਾ ਮੰਨਣਾ ਹੈ ਕਿ ਉਹ ਯਾਤਰੀ ਨਹੀਂ, ਸਵਰਗ ਦਾ ਏਜੰਟ ਹੋ ਸਕਦਾ ਹੈ। ਇਥੇ ਅਜਿਹੇ ਲੋਕਾਂ ਦੀ ਗਿਣਤੀ ਅਣਗਿਣਤ ਹੈ, ਜੋ ਪਰਲੋਕ ਸੁਧਾਰਨ ਲਈ 'ਲੋਕ' ਵਿਗਾੜ ਰਹੇ ਹਨ। ਅਜਿਹੇ ਲੋਕ 'ਸਵਰਗ ਦਾ ਸੁੱਖ' ਪਾਉਣ ਨੂੰ ਮਰੇ ਜਾਂਦੇ ਹਨ। ਉਨ੍ਹਾਂ ਵਿੱਚ ਮੁਕਤੀ ਦੀ ਇੰਨੀ ਤੀਬਰ ਕਾਮਨਾ ਹੈ ਕਿ ਬਾਜ਼ਾਰਾਂ, ਬਾਰਾਤਾਂ ਤੇ ਰੇਲਗੱਡੀਆਂ ਵਿੱਚ ਉਮੜ ਰਹੇ ਹਨ। ਇਸ ਦੌਰਾਨ ਦੇਸ਼ ਦੇ ਦਰਵਾਜ਼ੇ 'ਤੇ ਚਾਰ-ਪੰਜ 'ਵੈਕਸੀਨਾਂ' ਦਸਤਕ ਦੇ ਰਹੀਆਂ ਹਨ। ਇਸ 'ਤੇ ਵੀ ਉਨ੍ਹਾਂ ਦਾ ਹੌਸਲਾ ਵਧਿਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਵਾਇਰਸ ਜੀ ਦਾ ਆਖਰੀ ਟਿਕਾਣਾ ਸਵਰਗ ਹੀ ਹੈ। ਆਸ ਹੈ, ਜਲਦੀ ਹੀ ਇਹ 'ਸਵਰਗਵਾਸੀ' ਵੀ ਹੋਣਗੇ।

# ਬੀਤ ਗਿਆ ਮਹੀਨਾ ਮੱਘਰ

-ਹਰਕੰਵਲ ਸਿੰਘ ਕੰਗ

ਜਦੋਂ ਮੱਘਰ ਦਾ ਮਹੀਨਾ ਦਸਤਕ ਦਿੰਦਾ ਹੈ ਤਾਂ ਮਨ ਨੂੰ ਥੋੜ੍ਹੀ-ਥੋੜ੍ਹੀ ਠੰਢ ਅਤੇ ਕੋਸੀ ਕੋਸੀ ਧੁੱਪ ਮੋਹ ਰਹੀ ਹੁੰਦੀ ਹੈ। ਪਾਲਾ ਰਾਤਾਂ ਨੂੰ ਹੱਡੀਆਂ ਠਾਰਨ ਲੱਗਦਾ ਹੈ। ਪੌਦੇ ਹਵਾ ਦੇ ਨਾਲ ਅਠਖੇਲੀਆਂ ਕਰਦੇ ਨਜ਼ਰ ਆਉਂਦੇ ਹਨ। ਨਾਨਕਸ਼ਾਹੀ ਜੰਤਰੀ ਅਨੁਸਾਰ ਇਹ ਸਾਲ ਦਾ 9ਵਾਂ ਮਹੀਨਾ ਹੈ, ਜੋ ਅੱਧ ਨਵੰਬਰ ਤੋਂ ਸ਼ੁਰੂ ਹੋ ਕੇ ਅੱਧ ਦਸੰਬਰ ਤੱਕ ਚੱਲਦਾ ਹੈ। ਠੰਢ ਦੀ ਆਮਦ ਦੇਖਦਿਆਂ ਜੀਵ-ਜੰਤੂ ਆਪਣੇ ਆਲ੍ਹਣੇ ਬਣਾ ਲੈਂਦੇ ਹਨ। ਹਰ ਕੋਈ ਅੱਗੇ ਆ ਰਹੀ ਸਰਦੀ ਤੋਂ ਆਪਣੇ ਬਚਾਅ 'ਚ ਜੁਟ ਜਾਂਦਾ ਹੈ। ਰਾਤਾਂ ਵੱਡੀਆਂ ਅਤੇ ਦਿਨ ਛੋਟੇ ਹੁੰਦੇ ਜਾਂਦੇ ਨੇ। ਪਹਾੜਾਂ ਵਿੱਚ ਜਦੋਂ ਬਰਫ ਪੈਂਦੀ ਹੈ ਤਾਂ ਠੰਢੀ ਪੌਣ ਵਗਦੀ ਹੈ। ਸ਼ਾਇਦ ਤਦੇ ਹੀ ਕਿਸੇ ਨੇ ਕਿਹਾ: ਪਾਲਾ ਪੋਹ ਨਾ ਮਾਘ, ਪਾਲਾ 'ਵਾ ਦਾ।

ਮੱਘਰ ਮਹੀਨੇ ਹਰ ਪੰਜਾਬੀ ਦਾ ਮਨ ਮੱਲੋ-ਮੱਲੀ ਕੰਮ ਕਰਨ ਨੂੰ ਕਰਦਾ ਹੈ। ਮੌਸਮ ਇੰਨਾ ਸੁਹਾਵਣਾ ਹੁੰਦਾ ਹੈ ਕਿ ਮਨ ਕੁਦਰਤ ਦੇ ਸਿਰਜਕ ਅੱਗੇ ਝੁਕ ਜਾਂਦਾ ਹੈ। ਇਨ੍ਹਾਂ ਰੁੱਤਾਂ ਨੂੰ ਮਾਨਣਾ ਵਧੇਰੇ ਕਰ ਕੇ ਉੱਤਰੀ ਭਾਰਤ ਦੇ ਲੋਕਾਂ ਦੇ ਹਿੱਸੇ ਹੀ ਆਇਆ ਹੈ। ਰਾਤ ਨੂੰ ਸਾਫ ਆਕਾਸ਼ ਵਿੱਚ ਤਾਰੇ ਚੰਦਰਮਾ ਨਾਲ ਬਾਤਾਂ ਪਾਉਂਦੇ ਮਹਿਸੂਸ ਹੁੰਦੇ ਹਨ, ਪਰ ਇਨਸਾਨ ਦੀ ਖੁਦਗਰਜੀ ਕਾਰਨ ਅੰਬਰਾਂ ਵਿੱਚ ਧੂੜ ਚੜ੍ਹੀ ਪਈ ਹੈ। ਇਸ ਮਹੀਨੇ ਹਾੜ੍ਹੀ ਦੀ ਮੁੱਖ ਫਸਲ ਕਣਕ ਦੀ ਬਿਜਾਈ ਕਰ ਕੇ ਕਿਸਾਨ ਥੋੜ੍ਹਾ ਵਿਹਲਾ ਹੋ ਜਾਂਦਾ ਹੈ। ਸ਼ਹਿਰਾਂ ਵਿੱਚ ਹਵਾ ਗੰਧਲੀ ਹੈ, ਪਰ ਪਿੰਡਾਂ ਦੀ ਸਵੇਰ ਦਾ ਨਜ਼ਾਰਾ ਤੱਕਿਆਂ ਹੀ ਬਣਦਾ ਹੈ। ਇਸ ਕਰ ਕੇ ਹੀ ਪੰਜਾਬੀਆਂ ਨੇ ਇਸ ਮਹੀਨੇ ਨੂੰ ਪੁਰਾਤਨ ਸਮਿਆਂ ਤੋਂ ਵਿਆਹ ਮੁਕਲਾਵਿਆਂ ਲਈ ਰਾਖਵਾਂ ਰੱਖਿਆ ਹੋਇਆ ਹੈ। ਜੇ ਇਸ ਮਹੀਨੇ ਥੋੜ੍ਹਾ ਮੀਂਹ ਪੈ ਜਾਵੇ ਤਾਂ ਵਾਤਾਵਰਣ ਸਾਫ ਹੋ ਜਾਂਦਾ ਹੈ ਅਤੇ ਠੰਢ ਵਧ ਜਾਂਦੀ ਹੈ। ਬਰਾਨੀ ਖੇਤੀ ਲਈ ਇਹ ਸਮਾਂ ਸੋਨੇ 'ਤੇ ਸੁਹਾਗਾ ਹੋ ਨਿਬੜਦਾ ਹੈ, ਕਿਉਂਕਿ ਜਿਨ੍ਹਾਂ ਖੇਤਾਂ ਲਈ ਪਾਣੀ ਦਾ ਪ੍ਰਬੰਧ ਨਹੀਂ ਹੁੰਦਾ, ਉਨ੍ਹਾਂ ਵਿੱਚ ਵੀ ਕਣਕ, ਜੌਂ ਤੇ ਹੋਰ ਫਸਲਾਂ ਬੀਜ ਦਿੱਤੀਆਂ ਜਾਂਦੀਆਂ ਹਨ।

ਮੱਘਰ ਦਾ ਮਹੀਨਾ ਇੱਕ ਤਰ੍ਹਾਂ ਰੁੱਤ ਦਾ ਬਾਦਸ਼ਾਹ ਹੋ ਜਾਂਦਾ ਹੈ। ਮੌਸਮ ਅਜਿਹਾ ਹੁੰਦਾ ਹੈ ਕਿ ਸਰੀਰਕ ਕਸਰਤਾਂ ਦੇ ਸ਼ੌਕੀਨਾਂ ਲਈ ਇਹ ਆਦਰਸ਼ ਸਮਾਂ ਹੁੰਦਾ ਹੈ। ਇਸ ਮਹੀਨੇ ਵੱਧ ਖੁਰਾਕ ਖਾਧੀ ਵੀ ਸਹਿਜੇ ਹਜ਼ਮ ਹੋ ਜਾਂਦੀ ਹੈ। ਪਾਲਾ ਤੇ ਨਿੱਘ ਦੋਵੇਂ ਇਸ ਮਹੀਨੇ ਸਾਵੇਂ ਸਾਵੇਂ ਹੁੰਦੇ ਹਨ। ਭਗਤੀ ਕਰਨ ਲਈ ਵੀ ਇਹ ਮੌਸਮ ਬੜਾ ਆਦਰਸ਼ਕ ਹੁੰਦਾ ਹੈ।

ਮੱਘਰ ਚੜ੍ਹਦਿਆਂ ਸਾਰ ਪੰਜਾਬ ਵਿੱਚ ਵਿਆਹ ਸ਼ੁਰੂ ਹੋ ਜਾਂਦੇ ਹਨ। ਵਿਆਹਾਂ ਲਈ ਕਾਰਾਂ ਦੀ ਬੁਕਿੰਗ ਵਾਲਿਆਂ ਤੋਂ ਲੈ ਕੇ ਵਾਜੇ ਵਾਲਿਆਂ, ਫੋਟੋਗਰਾਫਰਾਂ ਅਤੇ ਹਲਵਾਈਆਂ ਦਾ ਸੀਜ਼ਨ ਸ਼ੁਰੂ ਹੋ ਜਾਂਦਾ ਹੈ। ਲਾਗੀਆਂ ਲਈ ਵੀ ਰੁਜ਼ਗਾਰ ਪੈਦਾ ਹੋ ਜਾਂਦਾ ਹੈ। ਵਿਆਹ ਦੀ ਵਰੀ ਖਰੀਦਣ ਸੁਆਣੀਆਂ ਵਿਸ਼ੇਸ਼ ਤੌਰ 'ਤੇ ਸ਼ਹਿਰ ਜਾਂਦੀਆਂ ਨੇ। ਬਜਾਜਾਂ ਦੀਆਂ ਮੱਲੀਆਂ ਗੱਲਾਂ ਵਿੱਚ ਆ ਕੇ ਸੁਆਣੀਆਂ ਮਹਿੰਗੇ-ਮਹਿੰਗੇ ਸੂਟ ਚਾਈਂ-ਚਾਈਂ ਖਰੀਦ ਕੇ ਘਰੀਂ ਾਉਂਦੀਆਂ ਨੇ। ਇੱਕ ਤਰ੍ਹਾਂ ਕਿਸਾਨ ਦੀ ਕਮਾਈ ਦੂਜੀਆਂ ਨੂੰ ਰੁਜ਼ਗਾਰ ਦਿੰਦੀ ਹੈ। ਭਾਵੇਂ ਵਿਆਹ ਪਿੰਡਾਂ ਤੋਂ ਨਿਕਲ ਕੇ ਪੈਲੇਸਾਂ ਤੱਕ ਸੁੰਗੜ ਗਏ ਨੇ, ਪਰ ਜਦੋਂ ਪਿੰਡਾਂ ਵਿੱਚ ਵਿਆਹ ਵਿੱਚ ਨਾਨਕਾ ਮੇਲ ਦੀ ਆਮਦ ਹੁੰਦੀ ਤਾਂ ਵਿਆਹ ਦਾ ਮੁੱਢ ਬੱਝ ਜਾਂਦਾ ਹੈ। ਦੋਵੇਂ ਪਾਸਿਆਂ ਭਾਵ ਕਿ ਨਾਨਕਿਆਂ ਅਤੇ ਦਾਦਕਿਆਂ ਦੇ ਪੱਖ ਇੱਕ ਦੂਜੇ ਨੂੰ ਸਿੱਠਣੀਆਂ ਦੇ ਕੇ ਜਿੱਥੇ ਮਿੱਠੀਆਂ-ਮਿੱਠੀਆਂ ਟਕੋਰਾਂ ਕਰਦੇ, ਉਥੇ ਹੀ ਵਡਿਆਈ ਵੀ ਕਰਦੇ ਹਨ। ਇਸ ਮਹੀਨੇ ਪੰਜਾਬੀ ਰੱਜ ਕੇ ਜਸ਼ਨ ਮਨਾਉਂਦੇ ਹਨ।

ਮੱਘਰ ਮਹੀਨੇ ਜਦੋਂ ਖੇਤਾਂ ਦੇ ਕਿਆਰਿਆਂ 'ਚ ਕਣਕ ਜੰਮ ਆਉਂਦੀ ਹੈ ਤਾਂ ਦੂਰੋਂ ਅਜਿਹੇ ਦ੍ਰਿਸ਼ਾਂ ਨੂੰ ਦੇਖ ਕੇ ਮਨ ਗਦ-ਗਦ ਹੋ ਉਠਦਾ ਹੈ। ਕਣਕ ਬੀਜਣ ਪਿੱਛੋਂ ਕਿਸਾਨ ਇਸ ਮਹੀਨੇ ਗੰਨੇ ਦੀ ਪਿੜਾਈ ਵੱਲ ਪੈ ਜਾਂਦਾ ਹੈ। ਮੂੰਹ ਹਨੇਰੇ ਜੋੜੀਆਂ ਘੁਲਾੜੀਆਂ ਅਤੇ ਇਨ੍ਹਾਂ 'ਚੋਂ ਨਿਕਲਦੀਆਂ ਸੰਗੀਤਮਈ ਧੁਨਾਂ ਮਨ ਨੂੰ ਮੰਤਰ ਮੁਗਧ ਕਰਦੀਆਂ ਨੇ। ਸਵੇਰੇ ਰਸ ਵਿੱਚ ਲੱਸੀ ਪਾ ਕੇ ਪੀਣ ਨਾਲ ਤਾਜ਼ੇ ਦਮ ਹੋ ਕੇ ਗੰਨੇ ਦੀਆਂ ਭਰੀਆਂ ਢੋਣ ਲਈ ਸਰੀਰ 'ਚ ਲੋਹੜਿਆਂ ਦੀ ਜਾਨ ਆ ਜਾਂਦੀ ਹੈ। ਅੱਜਕੱਲ੍ਹ ਇਹ ਘੁਲਾੜੀਆਂ ਸਿਰਫ ਸੜਕਾਂ ਕਿਨਾਰੇ ਦੇਖਣ ਨੂੰ ਮਿਲਦੀਆਂ ਨੇ ਤੇ ਗੁੜ ਦਾ ਸਵਾਦ ਵੀ ਬਦਲ ਗਿਆ ਹੈ। ਮੱਘਰ ਵਿੱਚ ਕਣਕ ਨੂੰ ਪਹਿਲਾ ਪਾਣੀ ਲੱਗਦਾ ਹੈ ਤਾਂ ਸਿੰਜਾਈ ਲਈ ਛੱਡਿਆ ਪਾਣੀ ਭਾਫਾਂ ਛੱਡਦਾ ਕਿਆਰੇ ਦੇ ਕਿਨਾਰੇ ਤੱਕ ਪੁੱਜਦਾ ਹੈ ਤਾਂ ਤੁਰੰਤ ਨੱਕਾ ਮੋੜ ਕੇ ਅਗਲੇ ਕਿਆਰੇ ਨੂੰ ਪਾਣੀ ਛੱਡ ਕੇ ਹੱਥ ਵਿੱਚ ਫੜਿਆ ਗੰਨਾ ਵੀ ਚੂਪਣਾ ਸ਼ਾਇਦ ਕਿਸਾਨ ਦੀ ਨਰੋਈ ਸਿਹਤ ਦਾ ਰਾਜ਼ ਰਿਹਾ ਹੈ। ਕਣਕ ਨੂੰ ਪਾਣੀ ਲਾਉਣ ਪਿੱਛੋਂ ਗੋਡੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ, ਪਰ ਸਪਰੇਆਂ ਨੇ ਗੋਡੀ ਦਾ ਕੰਮ ਖਤਮ ਕਰ ਦਿੱਤਾ ਹੈ। ਸ਼ਾਇਦ ਇੱਥੋਂ ਕਿਸਾਨ ਦੇ ਸਾਦੇ ਜੀਵਨ ਵਿੱਚ ਵਧੇਰੇ ਸੁੱਖ-ਆਰਾਮ ਦੀ ਲਾਲਸਾ ਕਾਰਨ ਸ਼ਹਿਰਾਂ ਨੇ ਥਾਂ ਲੈ ਲਈ ਤੇ ਆਖਰ ਅਸੀਂ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਵਿੱਚ ਘਿਰ ਗਏ ਹਾਂ।

ਜੇ ਇਹ ਕਹਿਈਏ ਕਿ ਮੱਘਰ ਦਾ ਮਹੀਨਾ ਬੁੱਤਾਂ ਵਿੱਚ ਮੋਹ ਪਿਆਰ ਅਤੇ ਰੂਹ ਭਰ ਦਿੰਦਾ ਹੈ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਮਹੀਨੇ ਦੀ ਸੁਹਾਵਣੀ ਰੁੱਤ ਨੂੰ ਦੇਖਦਿਆਂ ਹੀ ਰੂਹਾਂ ਦੇ ਮਿਲਾਪ ਲਈ ਇਹ ਮਹੀਨਾ ਖਾਸ ਤੌਰ 'ਤੇ ਚੁਣਿਆ ਗਿਆ ਹੈ। ਜਦੋਂ ਡੋਲੀ ਵਿਦਾ ਹੋਣ ਤੋਂ ਪਹਿਲਾਂ 'ਅੱਜ ਦੀ ਰਾਤ ਰੱਖ ਡੋਲੀ ਨੀ ਮਾਂ/ ਰਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ' ਦੀਆਂ ਧੁੰਨਾਂ ਭਾਵਾਂ ਦਾ ਪ੍ਰਗਟਾਵਾ ਕਰਦੀਆਂ ਨੇ, ਉਨ੍ਹਾਂ ਪਲਾਂ ਨੂੰ ਮਾਣ ਕੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇੱਕ ਪੰਜਾਬੀ ਲੋਕ ਗੀਤ ਵਿੱਚ ਇੱਕ ਵਿਆਂਹਦੜ ਆਪਣੇ ਪਤੀ ਨੂੰ ਇਸ ਮਹੀਨੇ ਘਰੋਂ ਨਾ ਜਾਣ ਲਈ ਆਖਦੀ ਹੋਈ ਪੱਜ ਲਾਉਂਦੀ ਹੈ, 'ਮੱਘਰ ਨਾ ਜਾਈਂ ਚੰਨਾ, ਲੇਫ ਰੰਗਾਵਣੇ।' ਇਸੇ ਤਰ੍ਹਾਂ 'ਚੜ੍ਹਿਆ ਮਹੀਨਾ ਮੱਘਰ, ਕੱਤਨੀਆਂ ਖੱਦਰ, ਕਿ ਲੇਫ ਰੰਗਾਨੀਆਂ/ ਪੀਆ ਵੱਸੇ ਪਰਦੇਸ ਕਿ ਟੰਗਣੇ ਪਾਨੀਆਂ।'

ਪਰਦੇਸੀਆਂ ਦੇ ਦੁੱਖ ਦਰਦ ਵੀ ਸ਼ਾਇਦ ਵਿਲੱਖਣ ਕਿਸਮ ਦੇ ਹੀ ਰਹੇ ਨੇ। ਇਸ ਪਿਆਰ ਦੀ ਰੁੱਤ ਵਿੱਚ ਪਰਦੇਸ ਵਸਦੇ ਮਾਹੀ ਦੀ ਯਾਦ ਵਾਰ-ਵਾਰ ਸਤਾਉਣ ਲੱਗਦੀ ਹੈ। ਇਸ ਲੋਕ ਗੀਤ ਵਿੱਚ ਵੀ ਇਸ ਦੀ ਝਲਕ ਪੈਂਦੀ ਹੈ :

*ਮੱਘਰ ਮਹੀਨੇ ਜੀ ਮੈਂ ਲੇਫ ਭਰਾਵਾਂ,*
*ਲਾਲ ਤੁਸੀਂ ਪ੍ਰਦੇਸ ਕੁਝ ਚਿਤ ਨ ਭਾਵਾਂ।*

ਲੋਕ ਬੋਲੀ 'ਕੱਤ ਦੇ ਤੇਲੀਆ ਤਾੜਾ ਤੂੰ ਮੇਰੇ ਪੇਕਿਆਂ ਦੀ' ਵੀ ਸ਼ਾਇਦ ਕਿਸੇ ਮੁਟਿਆਰ ਨੇ ਮੱਘਰ ਮਹੀਨੇ ਹੀ ਸਿਰਜੀ ਹੋਵੇਗੀ। ਸਮਿਆਂ ਵਿੱਚ ਵਿਆਹਾਂ ਦੀ ਤਿਆਰੀ ਅਤੇ ਗਰਮ ਕੱਪੜੇ ਪਹਿਨਣ ਤੇ ਤਿਆਰ ਕਰਨੇ ਇਸੇ ਮਹੀਨੇ ਦੇ ਵੱਡੇ ਕੰਮ ਹੁੰਦੇ। ਭੈਣਾਂ ਵੀਰਿਆਂ ਲਈ ਤੇ ਮੰਗੇਤਰਾਂ ਆਪਣੇ ਸੁਹਾਗਾਂ ਲਈ ਸਵੈਟਰ ਬੁਣਦੀਆਂ। ਵੱਡੀਆਂ ਬੀਬੀਆਂ ਚਰਖੇ ਡਾਹ ਕੇ ਸੂਤ ਕੱਤਣ ਬਹਿ ਜਾਂਦੀਆਂ। ਰਾਤਾਂ ਨੂੰ ਚਰਖਿਆਂ ਦੀ ਘੂੰ ਘੂੰ ਦੀਆਂ ਆਵਾਜ਼ਾਂ ਹਵਾ ਵਿੱਚ ਸੰਗੀਤ ਘੋਲਦੀਆਂ। ਪੰਜਾਬ ਵਿੱਚ ਤ੍ਰਿਵਣ ਵੀ ਰਾਤ ਨੂੰ ਲੱਗਣ ਦੀ ਪਰੰਪਰਾ ਰਹੀ ਹੈ।

ਮੱਘਰ ਦੇ ਮਹੀਨੇ ਗੁਰੂ ਨਾਨਕ ਵੀ ਕੁਦਰਤ ਨਾਲ ਸੰਵਾਦ ਰਚਾਉਂਦੇ ਹਨ:

*ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥*
*ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥*
*ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥*
*ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ॥*
*ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥*
*ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥*

ਭਾਵ ਕਿ ਜਿਸ ਮਨੁੱਖ ਰੂਪੀ ਇਸਤਰੀ ਦੇ ਹਿਰਦੇ ਵਿੱਚ ਪ੍ਰਭੂ ਦੇ ਗੁਣਾਂ ਦਾ ਸੰਚਾਰ ਹੋ ਗਿਆ, ਉਨ੍ਹਾਂ ਲਈ ਮੱਘਰ ਦਾ ਮਹੀਨਾ ਭਲਾ ਹੈ।

ਗੁਰੂ ਅਰਜਨ ਦੇਵ ਵੀ ਬਾਰਾਂਮਾਹ ਰਾਗ ਮਾਂਝ ਦੇ ਵਿੱਚ ਮੱਘਰ ਮਹੀਨੇ ਦਾ ਵਿਖਿਆਨ ਇਸ ਤਰ੍ਹਾਂ ਕਰਦੇ ਹਨ:

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਨ ਕੈ ਵਸਿ ਪੜੀਆਹਿ॥*
*ਜਿਨਿ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥*

*ਇਸੇ ਤਰ੍ਹਾਂ ਬਾਬਾ ਬੁੱਲ੍ਹੇ ਸ਼ਾਹ ਵੀ ਮੱਘਰ ਮਹੀਨੇ ਆਪਣੇ ਮਾਲਕ ਦੇ ਮਿਲਣ ਦੀ ਤਾਂਘ ਦਾ ਜ਼ਿਕਰ ਕਰਦੇ ਨੇ :*

*ਮੱਘਰ ਮੈਂ ਕਰ ਰਹੀਆਂ ਸੋਧ ਕੇ ਸਭ ਉੱਚੇ ਨੀਚੇ ਵੇਖ।*
*ਪੜ੍ਹ ਪੰਡਤ ਪੋਥੀ ਭਾਲ ਰਹੇ ਹਰਿ ਹਰਿ ਸੇ ਰਹੇ ਅਲੇਖ।*
*ਮੱਘਰ ਮੈਂ ਘਰ ਕਿੱਧਰ ਜਾਂਦਾ,*
*ਰਾਕਸ਼ ਨੇਹੁੰ ਹੱਡਾਂ ਨੂੰ ਖਾਂਦਾ,*
*ਸੜ ਸੜ ਜੀਅ ਪਿਆ ਕੁਰਲਾਂਦਾ,*
*ਆਵੇ ਲਾਲ ਕਿਸੇ ਦਾ ਆਂਦਾ,*
*ਬਾਂਦੀ ਹੋ ਰਹਾਂ।*
*ਜੋ ਕੋਈ ਸਾਨੂੰ ਯਾਰ ਮਿਲਾਵੇ,*
*ਸੋਜ਼ੇ-ਆਲਮ ਥੀਂ ਸਰਦ ਕਰਾਵੇ,*
*ਚਿਖਾ ਤੋਂ ਬੈਠੀ ਸਤੀ ਉਠਾਵੇ,*
*ਬੁੱਲਾ ਸ਼ੌਹ ਬਿਨ ਨੀਂਦ ਨਾ ਆਵੈ,*
*ਭਾਵੇਂ ਸੋ ਰਹੇਂ।*

ਇਸ ਤਰ੍ਹਾਂ ਮੱਘਰ ਮਹੀਨੇ ਸੁਹਾਵਣੀ ਠੰਢੀ ਰੁੱਤ ਹੋਣ ਸਦਕਾ ਪ੍ਰਭੂ ਦੇ ਭਗਤ ਰੂਹਾਨੀ ਸੰਗਤ 'ਚ ਰੰਗੇ ਜਾਂਦੇ ਹਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਏਅਰ ਕੈਨੇਡਾ ਨੇ ਯੂਕੇ ਤੋਂ ਆਉਣ ਜਾਣ ਵਾਲੀਆਂ ਉਡਾਨਾਂ ਕੀਤੀਆਂ ਮੁਲਤਵੀ

ਮਾਂਟਰੀਅਲ, 23 ਦਸੰਬਰ (ਪੋਸਟ ਬਿਊਰੋ) : ਏਅਰ ਕੈਨੇਡਾ ਦਾ ਕਹਿਣਾ ਹੈ ਕਿ ਉਸ ਵੱਲੋਂ ਅਸਥਾਈ ਤੌਰ ਉੱਤੇ ਕੈਨੇਡਾ ਤੇ ਯੂਕੇ ਦਰਮਿਆਨ ਉਡਾਨਾਂ ਸਸਪੈਂਡ ਕਰ ਦਿੱਤੀਆਂ ਗਈਆਂ ਹਨ। ਐਤਵਾਰ ਨੂੰ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਵਜੋਂ ਅਜਿਹਾ ਕੀਤਾ ਗਿਆ ਹੈ।

ਏਅਰ ਕੈਨੇਡਾ ਦਾ ਕਹਿਣਾ ਹੈ ਕਿ ਇਸ ਨਾਲ ਯਾਤਰੀ ਕਾਫੀ ਪ੍ਰਭਾਵਿਤ ਹੋਣਗੇ ਪਰ ਉਨ੍ਹਾਂ ਨੂੰ ਟਰੈਵਲ ਸਬੰਧੀ ਹੋਰ ਬਦਲਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਹੋਰਨਾਂ ਏਅਰਲਾਈਨਜ਼ ਦੀਆਂ ਉਡਾਨਾਂ ਜਾਂ ਹੋਰ ਲੋਕੇਸ਼ਨਾਂ ਜਿੱਥੇ ਕੈਨੇਡਾ ਨਾਲ ਆਵਾਜਾਈ ਅਜੇ ਨਹੀਂ ਰੋਕੀ ਗਈ ਬਾਰੇ ਵੀ ਦੱਸਿਆ ਜਾ ਰਿਹਾ ਹੈ।

ਏਅਰ ਕੈਨੇਡਾ ਦਾ ਕਹਿਣਾ ਹੈ ਕਿ ਉਹ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ ਤੇ ਉਸ ਹਿਸਾਬ ਨਾਲ



ਹੀ ਆਪਣੀਆਂ ਉਡਾਨਾਂ ਦੇ ਸ਼ਡਿਊਲ ਨੂੰ ਵੀ ਐਡਜਸਟ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 20 ਦਸੰਬਰ ਨੂੰ ਇਹ ਐਲਾਨ ਕੀਤਾ ਸੀ ਕਿ ਕੈਨੇਡਾ ਅਗਲੇ 72 ਘੰਟਿਆਂ ਲਈ ਯੂਕੇ ਤੋਂ ਆਉਣ ਵਾਲੀਆਂ ਉਡਾਨਾਂ ਉੱਤੇ ਰੋਕ ਲਾਵੇਗਾ। ਜ਼ਿਕਰਯੋਗ ਹੈ ਕਿ ਬ੍ਰਿਟੇਨ ਵਿੱਚ ਨਵੇਂ ਤੇ ਹੋਰ ਜ਼ਿਆਦਾ ਇਨਫੈਕਸ਼ੀਅਸ ਸਟਰੇਨ ਫੈਲਣ ਕਾਰਨ ਅਧਿਕਾਰੀਆਂ ਵੱਲੋਂ ਚਿੰਤਾ ਪ੍ਰਗਟਾਏ ਜਾਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ।

ਟਰੈਵਲ ਸਬੰਧੀ ਨਵੀਆਂ ਪਾਬੰਦੀਆਂ ਸੋਮਵਾਰ ਤੋਂ ਲਾਗੂ ਹੋ ਗਈਆਂ। ਕੈਨੇਡਾ ਵੱਲੋਂ ਵੀ ਹੋਰਨਾਂ ਦੇਸ਼ਾਂ ਜਿਵੇਂ ਕਿ ਭਾਰਤ, ਸਵੀਡਨ ਤੇ ਜਰਮਨੀ ਆਦਿ ਵਾਂਗ ਯੂਕੇ ਤੋਂ ਟਰੈਵਲ ਸਬੰਧੀ ਲਾਈਆਂ ਗਈਆਂ ਪਾਬੰਦੀਆਂ ਦੀ ਤਰਜ਼ ਉੱਤੇ ਹੀ ਇਹ ਫੈਸਲਾ ਕੀਤਾ ਗਿਆ ਹੈ।

# ਫੋਰਡ ਵੱਲੋਂ ਏਅਰਪੋਰਟ ਉੱਤੇ ਕੋਵਿਡ-19 ਦੀ ਵੱਧ ਤੋਂ ਵੱਧ ਜਾਂਚ ਕਰਵਾਏ ਜਾਣ ਦੀ ਮੰਗ

ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਫੈਡਰਲ ਸਰਕਾਰ ਨੂੰ ਲੰਮੇਂ ਹੱਥੀਂ ਲੈਂਦਿਆਂ ਆਖਿਆ ਕਿ ਕੈਨੇਡਾ ਆਉਣ ਵਾਲੇ ਕੌਮਾਂਤਰੀ ਟਰੈਵਲਰਜ਼ ਦੀ ਸੈਂਪਲਿੰਗ ਵਿੱਚ ਕਾਫੀ ਢਿੱਲ ਵਰਤੀ ਜਾ ਰਹੀ ਹੈ ਤੇ ਦੂਜੇ ਪਾਸੇ ਕੋਵਿਡ-19 ਦਾ ਨਵਾਂ ਵੇਰੀਐਂਟ ਮਿਲਣ ਕਾਰਨ ਪੂਰੀ ਦੁਨੀਆ ਵਿੱਚ ਸਹਿਮ ਵਾਲਾ ਮਾਹੌਲ ਹੈ।

ਕੱਲ੍ਹ ਦੇਰ ਨਾਲ ਫੈਡਰਲ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਵੱਲੋਂ ਅਗਲੇ 72 ਘੰਟਿਆਂ ਲਈ ਯੂਕੇ ਤੋਂ ਆਉਣ ਵਾਲੀਆਂ ਸਾਰੀਆਂ ਉਡਾਨਾਂ ਉੱਤੇ ਪਾਬੰਦੀ ਲਾਈ ਜਾ ਰਹੀ ਹੈ। ਸ਼ੁਰੂਆਤੀ ਰਿਪੋਰਟਾਂ ਤੋਂ ਸਾਹਮਣੇ ਆਇਆ ਹੈ ਕਿ ਨਵੇਂ ਵੇਰੀਐਂਟ ਹੋਰਨਾਂ ਸਟਰੇਨਜ਼ ਨਾਲੋਂ ਤੇਜ਼ੀ ਨਾਲ ਫੈਲਣ ਵਾਲੇ ਹਨ ਪਰ ਅਜੇ ਤੱਕ ਇਨ੍ਹਾਂ ਦੀ ਕੈਨੇਡਾ ਵਿੱਚ ਕੋਈ ਰਿਪੋਰਟ ਨਹੀਂ ਮਿਲੀ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਇਸ ਸਮੇਂ ਇਹ ਨਹੀਂ ਆਖਿਆ ਜਾ ਸਕਦਾ ਕਿ ਇਸ ਦੇ ਕੋਈ ਵੱਖਰੇ ਗੰਭੀਰ ਲੱਛਣ, ਐਂਟੀਬੌਡੀ ਰਿਸਪਾਂਸ ਜਾਂ ਵੈਕਸੀਨ ਦੀ ਪ੍ਰਭਾਵਸ਼ੀਲਤਾ ਆਦਿ ਹੈ।

ਕਈ ਯੂਰਪੀਅਨ ਦੇਸ਼ਾਂ ਨੇ ਐਲਾਨ ਕੀਤਾ ਹੈ ਕਿ ਉਹ ਯੂਕੇ ਨਾਲ ਲੱਗਦੀਆਂ ਆਪਣੀਆਂ ਸਰਹੱਦਾਂ ਬੰਦ ਕਰਨ ਜਾ ਰਹੇ ਹਨ। ਕਈ ਦੇਸ਼ਾਂ ਨੇ ਤਾਂ ਯੂ ਕੇ ਤੋਂ ਆਵਾਜਾਈ ਉੱਤੇ ਵੀ ਰੋਕ ਲਾ ਦਿੱਤੀ ਹੈ। ਫੈਡਰਲ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਵਿਰੋਧੀ ਕ੍ਰਿਟਿਕਸ ਵੱਲੋਂ ਸਵਾਗਤ ਕੀਤਾ ਗਿਆ ਹੈ ਪਰ ਉਨ੍ਹਾਂ ਆਖਿਆ ਕਿ 72 ਘੰਟੇ ਦਾ ਸਮਾਂ ਕਾਫੀ ਘੱਟ ਹੈ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਭਰੋਸਾ ਨਹੀਂ ਹੈ ਕਿ ਐਨੇ ਘੱਟ ਅਰਸੇ ਵਿੱਚ ਸਬੂਤ ਜੁਟਾਏ ਜਾ ਸਕਦੇ ਹਨ।

ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਕਈ ਲੋਕਾਂ ਨੂੰ ਕੁਆਰਨਟੀਨ ਕੀਤੇ ਜਾਣ ਦੀ ਲੋੜ ਹੈ, ਕਈ ਲੋਕ ਕੁਆਰਨਟੀਨ ਹੋ ਵੀ ਰਹੇ ਹਨ ਪਰ ਕਈ ਹੋਰ ਲੋਕ ਕੁਆਰਨਟੀਨ ਨਹੀਂ ਵੀ ਹੋ ਰਹੇ। ਇਸ ਪਾਸੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ।

# ਨਵੇਂ ਕਰੋਨਾਵਾਇਰਸ ਸਟਰੇਨ ਬਾਰੇ ਘਬਰਾਉਣ ਦੀ ਲੋੜ ਨਹੀਂ : ਡਬਲਿਊ ਐਚ ਓ



ਜਨੇਵਾ, ਜਿਊਰਿਖ਼, 23 ਦਸੰਬਰ (ਪੋਸਟ ਬਿਊਰੋ) : ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊ ਐਚ ਓ) ਵੱਲੋਂ ਬ੍ਰਿਟੇਨ ਵਿੱਚ ਉੱਭਰੇ ਕਰੋਨਾਵਾਇਰਸ ਦੇ ਨਵੇਂ ਸਟਰੇਨ ਤੋਂ ਸਾਰਿਆਂ ਨੂੰ ਚੌਕਸ ਰਹਿਣ ਦਾ ਸੱਦਾ ਦਿੱਤਾ ਗਿਆ ਹੈ। ਆਰਗੇਨਾਈਜ਼ੇਸ਼ਨ ਦਾ ਕਹਿਣਾ ਹੈ ਕਿ ਅਜਿਹਾ ਹੋਣਾ ਮਹਾਂਮਾਰੀ ਵਿੱਚ ਸਧਾਰਨ ਗੱਲ ਹੈ।

ਡਬਲਿਊ ਐਚ ਓ ਦੇ ਅਧਿਕਾਰੀਆਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਇਹ ਨਵਾਂ ਸਟਰੇਨ ਪਾਇਆ ਜਾਣਾ ਸਕਾਰਾਤਮਕ ਕਦਮ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਇਸ ਵਾਇਰਸ ਨੂੰ ਟਰੈਕ ਕਰਨ ਲਈ ਵਰਤੇ ਜਾ ਰਹੇ ਨਵੇਂ ਟੂਲਜ਼ ਕਾਰਗਰ ਹਨ। ਇੱਥੇ ਦੱਸਣਾ ਬਣਦਾ ਹੈ ਕਿ ਇਸ ਵਾਇਰਸ ਦੇ ਚੱਲਦਿਆਂ ਕਈ ਦੇਸ਼ਾਂ ਨੇ ਬ੍ਰਿਟੇਨ ਅਤੇ ਦੱਖਣੀ ਅਫਰੀਕਾ ਤੋਂ ਆਵਾਜਾਈ ਉੱਤੇ ਪਾਬੰਦੀ ਲਾ ਦਿੱਤੀ ਹੈ।

ਡਬਲਿਊ ਐਚ ਓ ਦੇ ਚੀਫ ਮਾਈਕ ਰਾਇਨ ਨੇ ਆਨਲਾਈਨ ਬ੍ਰੀਫਿੰਗ ਵਿੱਚ ਦੱਸਿਆ ਕਿ ਸਾਨੂੰ ਸੰਤੁਲਨ ਕਾਇਮ ਕਰਨਾ ਹੋਵੇਗਾ। ਪਾਰਦਰਸ਼ਤਾ ਲਿਆਂਦੀ ਜਾਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਜਨਤਾ ਨੂੰ ਹਕੀਕਤ ਤੋਂ ਜਾਣੂ ਕਰਵਾਇਆ ਜਾਣਾ ਵੀ ਜ਼ਰੂਰੀ ਹੈ ਪਰ ਇਹ ਵੀ ਦੱਸਣਾ ਓਨਾ ਹੀ ਜ਼ਰੂਰੀ ਹੈ ਕਿ ਇਹ ਵਾਇਰਸ ਦੇ ਵਿਕਾਸ ਦੇ ਅਗਲੇ ਪੜਾਅ ਦਾ ਹੀ ਹਿੱਸਾ ਹੈ। ਬ੍ਰਿਟੇਨ ਤੋਂ ਹਾਸਲ ਡਾਟਾ ਦੀ ਗੱਲ ਕਰਦਿਆਂ ਡਬਲਿਊ ਐਚ ਓ ਦੇ ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਸ ਨਵੇਂ ਵੇਰੀਐਂਟ ਕਾਰਨ ਲੋਕ ਹੋਰ ਬਿਮਾਰ ਪੈ ਰਹੇ ਹਨ ਜਾਂ ਇਹ ਕੋਵਿਡ-19 ਦੇ ਮੌਜੂਦਾ ਸਟਰੇਨ ਨਾਲੋਂ ਜ਼ਿਆਦਾ ਘਾਤਕ ਹੈ। ਬੱਸ ਇਹ ਪਤਾ ਲੱਗਿਆ ਹੈ ਕਿ ਇਹ ਹੋਰ ਤੇਜ਼ੀ ਤੇ ਆਸਾਨੀ ਨਾਲ ਫੈਲ ਸਕਦਾ ਹੈ।

ਉਨ੍ਹਾਂ ਆਖਿਆ ਕਿ ਜਿਹੜੇ ਦੇਸ਼ ਟਰੈਵਲ ਸਬੰਧੀ ਪਾਬੰਦੀਆਂ ਲਾ ਰਹੇ ਹਨ ਉਹ ਅਹਿਤਿਆਤਨ ਅਜਿਹਾ ਕਰ ਰਹੇ ਹਨ। ਇਸ ਤਰ੍ਹਾਂ ਦੀਆਂ ਤਬਦੀਲੀਆਂ ਵਾਇਰਸ ਵਿੱਚ ਹੋਣੀਆਂ ਸਧਾਰਨ ਗੱਲ ਹੈ। ਇਸ ਨਵੇਂ ਸਟਰੇਨ ਦੇ ਅਸਰ ਸਬੰਧੀ ਆਉਣ ਵਾਲੇ ਦਿਨਾਂ ਵਿੱਚ ਡਬਲਿਊ ਐਚ ਓ ਦੇ ਅਧਿਕਾਰੀਆਂ ਨੂੰ ਹੋਰ ਜਾਣਕਾਰੀ ਹਾਸਲ ਹੋਣ ਦੀ ਆਸ ਹੈ।

# 26 ਦਸੰਬਰ ਤੋਂ ਓਨਟਾਰੀਓ ਵਿੱਚ ਮੁੜ ਲਾਇਆ ਜਾਵੇਗਾ ਲਾਕਡਾਊਨ

ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : 26 ਦਸੰਬਰ ਤੋਂ ਓਨਟਾਰੀਓ ਵਿੱਚ ਪ੍ਰੋਵਿੰਸ ਪੱਧਰ ਉੱਤੇ ਲਾਕਡਾਊਨ ਲਾਇਆ ਜਾਵੇਗਾ। ਇਸ ਦੌਰਾਨ ਸਾਰੇ ਗੈਰ ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕੀਤਾ ਜਾਵੇਗਾ।

ਇਹ ਲਾਕਡਾਊਨ 26 ਦਸੰਬਰ ਨੂੰ ਰਾਤੀਂ 12:01 ਵਜੇ ਸ਼ੁਰੂ ਹੋਵੇਗਾ ਤੇ ਦੱਖਣੀ ਓਨਟਾਰੀਓ ਦੇ ਸਾਰੇ ਰੀਜਨਜ਼ ਵਿੱਚ 23 ਜਨਵਰੀ ਤੱਕ ਲਾਗੂ ਰਹੇਗਾ। ਇਹ ਐਲਾਨ ਸਰਕਾਰ ਵੱਲੋਂ ਕੀਤਾ ਗਿਆ। ਦੱਖਣੀ ਓਨਟਾਰੀਓ ਤੋਂ ਇਲਾਵਾ ਹੈਲਥ ਯੂਨਿਟਸ ਵੀ 9 ਜਨਵਰੀ ਤੱਕ ਲਾਕਡਾਊਨ ਵਿੱਚ ਰਹਿਣਗੀਆਂ। ਇਹ ਲਾਕਡਾਊਨ ਵੈਸੇ 24 ਦਸੰਬਰ ਤੋਂ ਲਾਇਆ ਜਾਣਾ ਸੀ ਪਰ ਸੋਮਵਾਰ ਨੂੰ ਕੈਬਨਿਟ ਵੱਲੋਂ ਇਸ ਨੂੰ ਦੋ ਦਿਨ ਹੋਰ ਅੱਗੇ ਪਾ ਦਿੱਤਾ ਗਿਆ।

ਪ੍ਰੋਵਿੰਸ ਪੱਧਰ ਦਾ ਲਾਕਡਾਊਨ ਮਾਰਚ ਵਰਗਾਂ ਹੀ ਨਜ਼ਰ ਆਵੇਗਾ ਬੱਸ ਇਸ ਵਾਰੀ ਜ਼ਰੂਰੀ ਕਾਰੋਬਾਰਾਂ ਨੂੰ ਖੁੱਲ੍ਹੇ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ। ਲਾਕਡਾਊਨ ਦੌਰਾਨ ਕਿਸੇ ਕਿਸਮ ਦੇ ਇੰਡੋਰ ਪਬਲਿਕ ਈਵੈਂਟਸ ਜਾਂ ਸੋਸ਼ਲ ਗੈਦਰਿੰਗਜ਼ ਦੀ ਇਜਾਜ਼ਤ ਨਹੀਂ ਹੋਵੇਗੀ। ਪਰ ਇੱਕੋ ਪਰਿਵਾਰ ਵਿੱਚ ਰਹਿਣ ਵਾਲੇ ਲੋਕ ਇੱਕਠੇ ਰਹਿ ਸਕਦੇ ਹਨ। ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਲੋਕਾਂ ਦੀਆਂ ਜਾਨਾਂ ਬਚਾਉਣ ਤੇ ਆਪਣੇ ਹਸਪਤਾਲਾਂ ਵਿੱਚ ਲੋਕਾਂ ਦੀ ਆਮਦ ਘਟਾਉਣ ਲਈ ਇਹ ਕਦਮ ਚੁੱਕਿਆ ਜਾਣਾ ਜ਼ਰੂਰੀ ਸੀ। ਉਨ੍ਹਾਂ ਆਖਿਆ ਕਿ ਇਸ ਸਮੇਂ ਹਜ਼ਾਰਾਂ ਜ਼ਿੰਦਗੀਆਂ ਦਾਅ ਉੱਤੇ ਲੱਗੀਆਂ ਹੋਈਆਂ ਹਨ। ਜੇ ਅਸੀ ਹੁਣ ਕਾਰਵਾਈ ਕਰਨ ਤੋਂ ਉੱਕ ਗਏ ਤਾਂ ਉਸ ਦੇ ਨਤੀਜੇ ਤਬਾਹਕੁੰਨ ਹੋ ਸਕਦੇ ਹਨ।

ਉਨ੍ਹਾਂ ਆਖਿਆ ਕਿ ਹਕੀਕਤ ਇਹ ਹੈ ਕਿ ਜਦੋਂ ਤੱਕ ਵੱਧ ਤੋਂ ਵੱਧ ਓਨਟਾਰੀਓ ਵਾਸੀਆਂ ਦਾ ਟੀਕਾਕਰਣ ਨਹੀਂ ਹੋ ਜਾਂਦਾ ਉਦੋਂ ਤੱਕ ਇਹ ਸਖ਼ਤੀ ਕਿਤੇ ਨਹੀਂ ਜਾਣ ਵਾਲੀ। ਪਬਲਿਕਲੀ ਫੰਡਿਡ ਐਲੀਮੈਂਟਰੀ ਤੇ ਸੈਕੰਡਰੀ ਸਕੂਲ ਵੀ ਘੱਟੋ ਘੱਟ 11 ਜਨਵਰੀ ਤੱਕ ਬੰਦ ਰਹਿਣਗੇ। ਉੱਤਰੀ ਰੀਜਨਜ਼ ਦੇ ਸਾਰੇ ਪਬਲਿਕਲੀ ਫੰਡਿਡ ਸਕੂਲਾਂ ਨੂੰ 11 ਜਨਵਰੀ ਨੂੰ ਇਨ ਪਰਸਨ ਲਰਨਿੰਗ ਸ਼ੁਰੂ ਕਰਨ ਦੀ ਇਜਾਜ਼ਤ ਹੋਵੇਗੀ। ਦੱਖਣੀ ਓਨਟਾਰੀਓ ਦੇ ਐਲੀਮੈਂਟਰੀ ਸਕੂਲ ਵੀ 11 ਜਨਵਰੀ ਤੋਂ ਇਨ ਪਰਸਨ ਲਰਨਿੰਗ ਸ਼ੁਰੂ ਕਰ ਸਕਣਗੇ। ਪਰ ਦੱਖਣੀ ਓਨਟਾਰੀਓ ਵਿੱਚ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ 25 ਜਨਵਰੀ ਤੱਕ ਕਲਾਸਾਂ ਵਿੱਚ ਪਰਤਣ ਦੀ ਇਜਾਜ਼ਤ ਨਹੀਂ ਹੋਵੇਗੀ।

ਸਰਕਾਰ ਨੇ ਆਖਿਆ ਕਿ ਲਾਕਡਾਊਨ ਦੌਰਾਨ ਚਾਈਲਡ ਕੇਅਰ ਸੈਂਟਰ ਖੁੱਲ੍ਹੇ ਰਹਿਣਗੇ। ਲਾਕਡਾਊਨ ਦੌਰਾਨ ਬਾਰਜ਼ ਤੇ ਰੈਸਟੋਰੈਂਟਸ ਤੋਂ ਸਿਰਫ ਟੇਕਆਊਟ ਆਰਡਰਜ਼ ਹੀ ਪੂਰੇ ਕੀਤੇ ਜਾਣਗੇ। ਸ਼ਾਪਿੰਗ ਮਾਲਜ਼ ਇਨ ਪਰਸਨ ਰੀਟੇਲ ਲਈ ਬੰਦ ਰਹਿਣਗੇ। ਸਿਰਫ ਅਸੈਂਸ਼ੀਅਲ ਸੇਵਾਵਾਂ ਲਈ ਹੀ ਲੋਕ ਫੈਸਿਲੀਟੀਜ਼ ਤੱਕ ਪਹੁੰਚ ਕਰ ਸਕਣਗੇ। ਹਾਰਡਵੇਅਰ ਸਟੋਰਜ਼ ਤੇ ਪੈੱਟ ਸਟੋਰਜ਼ ਕਰਬਸਾਈਡ ਪਿੱਕਅੱਪ ਲਈ ਖੁੱਲ੍ਹੇ ਰਹਿਣਗੇ। ਪਰਸਨਲ ਕਾਰ ਸਰਵਿਸਿਜ਼, ਕੈਸੀਨੋਜ਼, ਜ਼ੂ ਤੇ ਮਿਊਜ਼ੀਅਮ ਨੂੰ ਵੀ ਬੰਦ ਰੱਖਿਆ ਜਾਵੇਗਾ।

ਲਾਇਬ੍ਰੇਰੀਜ਼ ਵੀਕ ਕਰਬਸਾਈਡ ਪਿੱਕਅੱਪ ਲਈ ਖੁੱਲ੍ਹਣਗੀਆਂ। ਓਨਟਾਰੀਓ ਵਿੱਚ ਸਕੀਅ ਹਿੱਲਜ਼ ਵੀ ਬੰਦ ਰਹੇਗੀ। ਪ੍ਰੋਵਿੰਸ ਪੱਧਰ ਦੇ ਇਸ ਲਾਕਡਾਊਨ ਦੌਰਾਨ ਕੈਨੇਡਾ ਵਿੱਚ ਹੀ ਟਰੈਵਲ ਕਰਨ ਵਾਲੇ ਨੂੰ ਓਨਟਾਰੀਓ ਪਰਤਣ ਉੱਤੇ ਖੁਦ ਨੂੰ ਆਈਸੋਲੇਟ ਕਰਨ ਲਈ ਆਖਿਆ ਜਾਵੇਗਾ।

ਟੋਰਾਂਟੋ, ਪੀਲ ਰੀਜਨ ਤੇ ਯੌਰਕ ਰੀਜਨ ਦੇ ਨਾਲ ਨਾਲ ਵਿੰਡਸਰ ਐਸੈਕਸ ਪਹਿਲਾਂ ਹੀ ਲਾਕਡਾਊਨ ਵਿੱਚ ਹਨ। ਹੈਮਿਲਟਨ ਨੂੰ ਸੋਮਵਾਰ ਨੂੰ ਗ੍ਰੇਅ ਜ਼ੋਨ ਵਿੱਚ ਭੇਜ ਦਿੱਤਾ ਗਿਆ।




# ਨੌਰਥਯੌਰਕ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਹਲਾਕ, 3 ਜ਼ਖ਼ਮੀ




ਨੌਰਥ ਯੌਰਕ, 23 ਦਸੰਬਰ (ਪੋਸਟ ਬਿਊਰੋ) : ਕੱਲ੍ਹ ਸ਼ਾਮ ਨੌਰਥ ਯੌਰਕ ਇਲਾਕੇ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਦੋ ਹੋਰ ਜ਼ਖ਼ਮੀ ਹੋ ਗਏ।

ਪੁਲਿਸ ਨੇ ਦੱਸਿਆ ਕਿ ਨਾਇਮਾਰਕ ਐਵਨਿਊ ਤੇ ਗੁੱਡਵਿਊ ਰੋਡ ਏਰੀਆ ਵਿੱਚ ਵਾਪਰੀ ਇਸ ਛੁਰੇਬਾਜ਼ੀ ਦੀ ਘਟਨਾ ਬਾਰੇ ਪੁਲਿਸ ਨੂੰ 8:45 ਉੱਤੇ ਰਿਪੋਰਟ ਮਿਲੀ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਇੱਕ ਘਰ ਵਿੱਚ ਤਿੰਨ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਇੱਕ 70 ਸਾਲਾ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਉੱਥੇ ਉਸ ਦੀ ਮੌਤ ਹੋ ਗਈ।

ਇੱਕ ਮਹਿਲਾ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੇ ਜ਼ਖ਼ਮਾਂ ਨੂੰ ਪੁਲਿਸ ਨੇ ਮਾਮੂਲੀ ਦੱਸਿਆ। ਜਾਂਚਕਾਰਾਂ ਨੇ ਦੱਸਿਆ ਕਿ ਇਸ ਮਾਮਲੇ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤਾ ਗਿਆ ਵਿਅਕਤੀ ਵੀ ਜ਼ਖ਼ਮੀ ਦੱਸਿਆ ਜਾਂਦਾ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਤਿੰਨੇ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਹਿਲਾ ਨੂੰ ਚਾਕੂ ਮਾਰਨ ਵਾਲੇ ਦੋ ਮਸ਼ਕੂਕਾਂ ਦੀ ਪੁਲਿਸ ਕਰ ਰਹੀ ਹੈ ਭਾਲ

ਇਟੋਬੀਕੋ, 23 ਦਸੰਬਰ (ਪੋਸਟ ਬਿਊਰੋ) : ਇਟੋਬੀਕੋ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਮਹਿਲਾ ਜ਼ਖ਼ਮੀ ਹੋ ਗਈ। ਪਰ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ। ਕੱਲ੍ਹ ਟੋਰਾਂਟੋ ਪੁਲਿਸ ਘਟਨਾ ਦੀ ਖਬਰ ਮਿਲਣ ਤੋਂ ਬਾਅਦ ਦ ਵੈਸਟ ਮਾਲ ਤੇ ਰਾਥਬਰਨ ਰੋਡ ਉੱਤੇ ਰਾਤੀਂ 10:30 ਵਜੇ ਪਹੁੰਚੀ। ਪੁਲਿਸ ਇਲਾਕੇ ਵਿੱਚ ਮੌਜੂਦ ਪਾਰਕ ਰਾਹੀਂ ਫਰਾਰ ਹੋਏ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।ਪੁਲਿਸ ਨੇ ਦੱਸਿਆ ਕਿ ਉਸ ਮਹਿਲਾ ਤੇ ਦੋਵਾਂ ਮਸ਼ਕੂਕਾਂ ਦਰਮਿਆਨ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਜਿਸ ਪਿੱਛੋਂ ਮਸ਼ਕੂਕ ਮਹਿਲਾ ਨੂੰ ਚਾਕੂ ਮਾਰਨ ਤੋਂ ਬਾਅਦ ਫਰਾਰ ਹੋ ਗਏ।




ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਚੀਨ ਦੀਆਂ ਮਨਮਾਨੀਆਂ ਕਾਰਨ ਸਾਰੇ ਪਰੇਸ਼ਾਨ : ਸੱਜਣ

ਓਟਵਾ, 23 ਦਸੰਬਰ (ਪੋਸਟ ਬਿਊਰੋ) : ਰੱਖਿਆ ਮੰਤਰੀ ਹਰਜੀਤ ਸੱਜਣ ਨੇ ਚੀਨ ਉੱਤੇ ਵਰ੍ਹਦਿਆਂ ਆਖਿਆ ਕਿ ਉਹ ਨਿਯਮਾਂ ਦੇ ਹਿਸਾਬ ਨਾਲ ਨਹੀਂ ਚੱਲਦਾ ਤੇ ਦੁਨੀਆ ਭਰ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਤੇ ਇਸ ਦੇ ਭਾਈਵਾਲਾਂ ਨੂੰ ਚੀਨ ਦੀਆਂ ਹਰਕਤਾਂ ਕਾਰਨ ਕਾਫੀ ਚਿੰਤਾ ਹੋ ਰਹੀ ਹੈ।

ਚੀਨ ਦੀ ਕੱਟੜ ਵਿਦੇਸ਼ ਨੀਤੀ, ਜਿਸ ਕਾਰਨ ਕੈਨੇਡੀਅਨ ਮਿਲਟਰੀ ਕਮਾਂਡਰਜ਼ ਤੇ ਹੋਰਨਾਂ ਨੂੰ ਸ਼ਕਤੀ ਹਾਸਲ ਕਰਨ ਦੀਆਂ ਚੀਨ ਦੀਆਂ ਕੋਸ਼ਿਸ਼ਾਂ ਉੱਤੇ ਧਿਆਨ ਕੇਂਦਰਿਤ ਕਰਨਾ ਪੈ ਰਿਹਾ ਹੈ, ਕਾਰਨ ਤਣਾਅ ਵਧਣ ਕਰਕੇ ਹੀ ਸੱਜਣ ਵੱਲੋਂ ਇਹ ਟਿੱਪਣੀ ਕੀਤੀ ਗਈ। ਆਖਰੀ ਵਾਰੀ ਕੈਨੇਡਾ ਤੇ ਇਸ ਦੇ ਭਾਈਵਾਲਾਂ ਨੂੰ ਮਹਾਂਸ਼ਕਤੀਸ਼ਾਲੀ ਦੀ ਦੌੜ ਵਿੱਚ ਇਹ ਮੁਕਾਬਲਾ ਸੀਤ ਜੰਗ ਦੌਰਾਨ ਸੋਵੀਅਤ ਯੂਨੀਅਨ ਖਿਲਾਫ ਹੋਏ ਮੁਕਾਬਲੇ ਦੌਰਾਨ ਵੇਖਣਾ ਪਿਆ ਸੀ।



ਇੱਕ ਇੰਟਰਵਿਊ ਦੌਰਾਨ ਸੱਜਣ ਨੇ ਚੀਨੀ ਸਰਕਾਰ ਨਾਲ ਨਜਿੱਠਦੇ ਸਮੇਂ ਗੱਲਬਾਤ ਤੇ ਡਿਪਲੋਮੈਸੀ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ ਪਰ ਉਨ੍ਹਾਂ ਚੀਨ ਨੂੰ ਵੈਰੀ ਦਾ ਦਰਜਾ ਦੇਣ ਤੋਂ ਇਨਕਾਰ ਕੀਤਾ। ਪਰ ਇਸ ਦੇ ਨਾਲ ਹੀ ਸੱਜਣ, ਓਟਵਾ ਤੇ ਹੋਰਨਾਂ ਪੱਛਮੀ ਦੇਸ਼ਾਂ ਨੂੰ ਚੀਨ ਦੀਆਂ ਤਾਜ਼ਾ ਹਰਕਤਾਂ ਕਾਰਨ ਪੇਸ਼ ਆ ਰਹੀਆਂ ਦਿੱਕਤਾਂ ਦਾ ਜ਼ਿਕਰ ਕਰਨ ਤੋਂ ਪਿੱਛੇ ਨਹੀਂ ਹਟੇ।ਇੱਥੋਂ ਤੱਕ ਕਿ ਉਨ੍ਹਾਂ ਇਹ ਵੀ ਆਖਿਆ ਕਿ ਲੋੜ ਪੈਣ ਉੱਤੇ ਫੌਜੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਦੋ ਕੈਨੇਡੀਅਨਾਂ ਨੂੰ 2018 ਤੋਂ ਚੀਨ ਵੱਲੋਂ ਨਜ਼ਰਬੰਦ ਕਰਕੇ ਰੱਖਿਆ ਜਾ ਰਿਹਾ ਹੈ। ਅਜਿਹਾ ਅਮਰੀਕਾ ਵੱਲੋਂ ਫਰਾਡ ਦੇ ਲਾਏ ਗਏ ਦੋਸ਼ਾਂ ਦੇ ਚੱਲਦਿਆਂ ਹੁਆਵੇ ਦੀ ਚੀਫ ਫਾਇਨੈਂਸ਼ੀਅਲ ਆਫੀਸਰ ਮੈਂਗ ਵੈਨਜ਼ੋਊ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਬਦਲਾਲਊ ਕਾਰਵਾਈ ਤਹਿਤ ਚੀਨ ਵੱਲੋਂ ਕੀਤਾ ਗਿਆ। ਇਸ ਵਿਵਾਦ ਦਾ ਵੀ ਕੈਨੇਡਾ-ਚੀਨ ਦੇ ਸਬੰਧਾਂ ਉੱਤੇ ਨਕਾਰਾਤਮਕ ਅਸਰ ਪਿਆ ਹੈ। ਉਨ੍ਹਾਂ ਆਖਿਆ ਕਿ ਚੀਨ ਦੀਆਂ ਮਨਮਾਨੀਆਂ ਕਾਰਨ ਸਾਰੇ ਪਰੇਸ਼ਾਨ ਹਨ।

# ਹੈਲਥ ਕੈਨੇਡਾ ਵੱਲੋਂ ਇੱਕ ਹੋਰ ਵੈਕਸੀਨ ਨੂੰ ਮਨੁੱਖੀ ਟ੍ਰਾਇਲ ਲਈ ਦਿੱਤੀ ਗਈ ਮਨਜ਼ੂਰੀ

ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਸਸਕੈਚਵਨ ਵਿੱਚ ਤਿਆਰ ਕੀਤੀ ਗਈ ਕੋਵਿਡ-19 ਵੈਕਸੀਨ ਨੂੰ ਕੈਨੇਡਾ ਵਿੱਚ ਹਿਊਮਨ ਟ੍ਰਾਇਲਜ਼ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਦੇ 2021 ਦੇ ਅੰਤ ਤੱਕ ਤਿਆਰ ਹੋਣ ਦੀ ਸੰਭਾਵਨਾ ਹੈ।

ਇਸ ਵੈਕਸੀਨ ਨੂੰ ਯੂਨੀਵਰਸਿਟੀ ਆਫ ਸਸਕੈਚਵਨ ਵਿਖੇ ਵੈਕਸੀਨ ਐਂਡ ਇਨਫੈਕਸ਼ੀਅਸ ਡਜ਼ੀਜ਼ ਆਰਗੇਨਾਈਜ਼ੇਸ਼ਨ (ਵੀਡੋ) ਵੱਲੋਂ ਤਿਆਰ ਕੀਤਾ ਗਿਆ ਹੈ। ਅਸਲ ਵਿੱਚ ਵੀਡੋ ਵੱਲੋਂ ਤਿਆਰ ਕੀਤੀਆਂ ਜਾ ਰਹੀਆਂ ਦੋ ਵੈਕਸੀਨਜ਼ ਵਿੱਚੋਂ ਇਹ ਇੱਕ ਹੈ। ਵੀਡੋ ਨੇ ਮੰਗਲਵਾਰ ਨੂੰ ਆਖਿਆ ਕਿ ਉਸ ਨੂੰ ਹੈਲਥ ਕੈਨੇਡਾ ਵੱਲੋਂ ਹੈਲੀਫੈਕਸ ਸਥਿਤ ਕੈਨੇਡੀਅਨ ਸੈਂਟਰ ਫੌਰ ਵੈਕਸੀਨੌਲੋਜੀ ਰਾਹੀਂ ਕਲੀਨਿਕਲ ਟ੍ਰਾਇਲ ਦੇ ਪਹਿਲੇ ਪੜਾਅ ਲਈ ਹਰੀ ਝੰਡੀ ਮਿਲ ਗਈ ਹੈ।



ਵੀਡੋ ਨੇ ਆਖਿਆ ਕਿ ਜਲਦ ਹੀ ਇਸ ਟ੍ਰਾਇਲ ਵਿੱਚ ਹਿੱਸਾ ਲੈਣ ਵਾਲਿਆਂ ਦੀ ਚੋਣ ਕਰ ਲਈ ਜਾਵੇਗੀ ਤੇ ਉਨ੍ਹਾਂ ਦੀ ਵੈਕਸੀਨੇਸ਼ਨ ਦਾ ਟ੍ਰਾਇਲ ਜਨਵਰੀ ਵਿੱਚ ਸ਼ੁਰੂ ਕੀਤਾ ਜਾਵੇਗਾ। ਵੀਡੋ ਦੇ ਡਾਇਰੈਕਟਰ ਤੇ ਸੀਈਓ ਵੋਲਕਰ ਗਰਡਟਸ ਨੇ ਇੱਕ ਬਿਆਨ ਵਿੱਚ ਆਖਿਆ ਕਿ ਜੇ ਤਿੰਨ ਪੜਾਵੀ ਟ੍ਰਾਇਲ ਸਫਲ ਰਹਿੰਦਾ ਹੈ ਤਾਂ ਵੀਡੋ ਵੈਕਸੀਨ 2021 ਦੇ ਅੰਤ ਤੱਕ ਆਮ ਲੋਕਾਂ ਉੱਤੇ ਵਰਤੋਂ ਲਈ ਤਿਆਰ ਹੋਵੇਗੀ।

# ਅਮਰੀਕੀ ਸੈਨੇਟਰ ਨੂੰ ਕੁੱਤੀ ਕਹਿ ਕੇ ਚੇਨ ਵੇਈਹੋਆ ਸੁਰਖੀਆਂ ਵਿੱਚ ਆਇਆ

ਵਾਸ਼ਿੰਗਟਨ, 23 ਦਸੰਬਰ (ਪੋਸਟ ਬਿਊਰੋ)- ਚੇਨ ਵੇਈਹੋਆ ਵੈਬਸਾਈਟ ਚਾਈਨਾ ਡੇਲੀ ਦੇ ਅਨੁਸਾਰ ਚਾਈਨਾ ਡੇਲੀ ਦਾ ਵਾਸ਼ਿੰਗਟਨ ਵਿੱਚ ਪ੍ਰਮੁੱਖ ਪੱਤਰਕਾਰ ਅਤੇ ਚਾਈਨਾ ਡੇਲੀ ਯੂ ਐਸ ਏ ਦਾ ਡਿਪਟੀ ਐਡੀਟਰ ਹੈ, ਪਰ ਟ੍ਵਿਟਰ ਉਤੇ ਅਮਰੀਕੀ ਰਾਜਨੀਤੀ ਅਤੇ ਅਮਰੀਕਾ-ਚੀਨ ਸਬੰਧਾਂ 'ਤੇ ਵਿਸ਼ੇਸ਼ ਧਿਆਨ ਦਾ ਦਾਅਵਾ ਕਰਨ ਵਾਲਾ ਉਕਤ 'ਪੱਤਰਕਾਰ' ਹਮੇਸ਼ਾ ਪੱਛਮੀ ਦੇ ਰਾਜਨੀਤਕਾਂ ਨਾਲ ਝਗੜਾ ਅਤੇ ਉਨ੍ਹਾਂ ਦਾ ਮਜ਼ਾਕ ਉਡਾਉਣ ਲੱਗਾ ਰਹਿੰਦਾ ਹੈ। ਜਿਹੜੇ ਟਵੀਟ ਅਸਲ ਵਿੱਚ ਚੇਨ ਵੇਈਹੋਆ ਨੂੰ ਮੀਡੀਆ ਦੀ ਸੁਰਖੀਆਂ ਵਿਚ ਲੈ ਕੇ ਆਏ ਸਨ ਉਨ੍ਹਾਂ ਵਿੱਚੋਂ ਇੱਕ ਵਿੱਚੋਂ ਉਸ ਨੇ ਅਮਰੀਕੀ ਸੈਨੇਟਰ ਨੂੰ ਕੁੱਤੀ ਕਹਿ ਦਿੱਤਾ ਸੀ। ਉਹ ਇਥੇ ਹੀ ਨਹੀਂ ਰੁਕਿਆ ਅਤੇ ਅੱਗੇ ਵਧਦੇ ਹੋਏ ਉਸ ਨੂੰ ਜਨਮਜਾਤ ਕੁੱਤੀ ਤਕ ਕਹਿ ਦਿੱਤਾ।ਉਸ ਨੇ ਇਹ ਹਮਲਾ ਅਮਰੀਕੀ ਸੈਨੇਟਰ ਮਾਰਸ਼ਾ ਬਲੈਕ ਬਰਨ ਦੇ ਇਹ ਟਵੀਟ ਕਰਨ ਦੇ ਬਾਅਦ ਕੀਤਾ ਸੀ ਕਿ ਚੀਨ ਦਾ ਧੋਖਾ ਤੇ ਚੋਰੀ ਕਰਨ ਦਾ 5000 ਸਾਲ ਪੁਰਾਣਾ ਇਤਿਹਾਸ ਹੈ। ਇਸ ਦੇ ਬਾਅਦ ਚੇਨ ਵੇਈਹੋਆ ਨੇ ਕੱਲ੍ਹ ਬ੍ਰਿਟਿਸ਼ ਰਾਜਨੀਤਿਕ ਨਿਗੇਲ ਫਰਾਜ ਨੂੰ ਮਾਸਕ ਪਹਿਨਣ ਅਤੇ ਬਕਵਾਸ ਬੰਦ ਕਰਨ ਲਈ ਕਹਿ ਦਿੱਤਾ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫੀਮੇਲ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com


2021
HAPPY NEW YEAR
ਆਪ ਸਭ ਨੂੰ ਨਵੇਂ ਸਾਲ
ਦੀਆਂ ਲੱਖ-ਲੱਖ ਵਧਾਈਆਂ
MacroGlobal
Immigration Services Ltd.
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com
Seema Bhayana
iccrc


ਆਪ ਸਭ ਨੂੰ
'ਨਵੇਂ ਸਾਲ' ਦੀਆਂ
ਬਹੁਤ-ਬਹੁਤ
ਸ਼ੁੱਭ ਕਾਮਨਾਵਾਂ
HAPPY NEW YEAR
2021
AUTO & HOME INSURANCE
Super visa monthly plans available /Life & Disability/
Critical illness /RESP /Visitor & Travel insurance
ਬੱਚਿਆਂ ਦੀ ਆਰ ਈ ਐਸ ਪੀ ਕਰਾਉਣ ਤੇ 20% ਤੱਕ ਗਰਾਂਟ ਅਤੇ 15% ਤੱਕ ਬੋਨਸ
ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸੰਪਰਕ ਕਰੋ: Manwinder Mangat
Aaxel Insurance Brokers Ltd., 1332 Khalsa Dr,
Unit # 11, Mississauga, ON L5S 0A2
416-845-1352

# ਮੋਦੀ ਐਂਡ ਕੰਪਨੀ ਦੀਆਂ ਗੱਲਾਂ ਸਧਾਰਨ ਲੋਕਾਂ ਨੂੰ ਕੁਵੇਲੇ ਦਾ ਰਾਗ ਹੀ ਕਿਉਂ ਜਾਪਦੀਆਂ ਨੇ!



ਜਤਿੰਦਰ ਪੰਨੂ

ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਪ੍ਰਭਾਵ ਦੇਣ ਦਾ ਯਤਨ ਕਰ ਰਿਹਾ ਹੈ ਕਿ ਉਸ ਨੂੰ ਕਿਸੇ ਕਿਸਮ ਦੇ ਜਨਤਕ ਵਿਰੋਧ ਦੀ ਕੋਈ ਪ੍ਰਵਾਹ ਨਹੀਂ। ਹਕੀਕਤਾਂ ਤੋਂ ਮੂੰਹ ਛਿਪਾਉਣ ਲਈ ਉਹ ਵੱਖ-ਵੱਖ ਰਾਜਾਂ ਵਿੱਚ ਜਾ ਕੇ ਓਥੋਂ ਦੇ ਲੋਕਾਂ ਨਾਲ, ਖਾਸ ਕਰ ਕੇ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਵਿਖਾਵਾ ਕਰਦਾ ਹੈ, ਜਿਨ੍ਹਾਂ ਵਿੱਚ ਗੁਜਰਾਤ ਵਿਚਲੇ ਉਹ ਪੰਜਾਬੀ ਕਿਸਾਨ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਲਾਲ ਬਹਾਦਰ ਸ਼ਾਸਤਰੀ ਦੀ ਸਰਕਾਰ ਨੇ ਪਚਵੰਜਾ ਸਾਲ ਪਹਿਲਾਂ ਉਸ ਰਾਜ ਵਿੱਚ ਖੇਤੀ ਕਰਨ ਲਈ ਪ੍ਰੇਰਿਆ ਸੀ। ਉਨ੍ਹਾਂ ਵੱਸਦੇ-ਰਸਦੇ ਅਤੇ ਕਿਰਤ ਕਰ ਕੇ ਖਾਂਦੇ ਕਿਸਾਨਾਂ ਨੂੰ ਉਸ ਰਾਜ ਵਿੱਚੋਂ ਉਸ ਵਕਤ ਉਜਾੜਿਆ ਗਿਆ ਸੀ, ਜਦੋਂ ਨਰਿੰਦਰ ਮੋਦੀ ਓਥੋਂ ਦਾ ਮੁੱਖ ਮੰਤਰੀ ਸੀ ਤੇ ਜਦੋਂ ਹਾਈ ਕੋਰਟ ਨੇ ਉਨ੍ਹਾਂ ਦੇ ਮਾਲਕੀ ਹੱਕ ਮੰਨਣ ਦਾ ਫੈਸਲਾ ਕਰ ਦਿੱਤਾ ਤਾਂ ਗੁਜਰਾਤ ਦੀ ਮੋਦੀ ਸਰਕਾਰ ਨੇ ਮੰਨਣ ਦੀ ਥਾਂ ਅੱਗੇ ਸੁਪਰੀਮ ਕੋਰਟ ਵਿੱਚ ਨਵਾਂ ਕੇਸ ਕਰ ਦਿੱਤਾ ਸੀ। ਇਸ ਹਫਤੇ ਨਰਿੰਦਰ ਮੋਦੀ ਗੁਜਰਾਤ ਦੇ ਦੌਰੇ ਦੌਰਾਨ ਉਨ੍ਹਾਂ ਨੂੰ ਵੀ ਮਿਲਿਆ ਹੈ। ਇਸ ਮਿਲਣੀ ਦੇ ਬਾਅਦ ਉਹ ਕਿਸਾਨ ਨਰਿੰਦਰ ਮੋਦੀ ਜਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਹੱਕ ਵਿੱਚ ਨਹੀਂ ਬੋਲੇ, ਉਨ੍ਹਾਂ ਦੀਆਂ ਫੋਟੋ ਚੇਪ ਕੇ ਭਾਰਤ ਸਰਕਾਰ ਨੇ ਇਹ ਪ੍ਰਚਾਰ ਜ਼ਰੂਰ ਕੀਤਾ ਹੈ ਕਿ ਕਿਸਾਨ ਵੀ, ਖਾਸ ਕਰ ਕੇ ਗੁਜਰਾਤ ਦੇ ਸਿੱਖ ਕਿਸਾਨ ਵੀ, ਹੋਰਨਾਂ ਵਾਂਗ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਦੀ ਹਮਾਇਤ ਕਰਦੇ ਹਨ। ਏਦਾਂ ਦਾ ਵਿਖਾਵਾ ਭਾਰਤ ਦੇ ਕਈ ਰਾਜਾਂ ਵਿੱਚ ਕੀਤਾ ਗਿਆ ਤੇ ਪ੍ਰਧਾਨ ਮੰਤਰੀ ਦੀ ਮੋਢੇ ਉੱਤੇ ਹਲ਼ ਚੁੱਕ ਕੇ ਖਿਚਵਾਈ ਫੋਟੋ ਇਸ ਪ੍ਰਚਾਰ ਵਿੱਚ ਬਹੁਤ ਸਾਰੇ ਥਾਂਈਂ ਪੇਸ਼ ਕੀਤੀ ਗਈ ਹੈ। ਰੇਲਵੇ ਦੀਆਂ ਟਿਕਟਾਂ ਜਾਂ ਹੋਰ ਥਾਂਵਾਂ ਉੱਤੇ ਜਿਸ ਵੀ ਮਰਦ ਸਵਾਰੀ ਦਾ ਨਾਂਅ 'ਸਿੰਘ' ਦੇ ਪਿਛੇਤਰ ਵਾਲਾ ਹੈ, ਉਨ੍ਹਾਂ ਦੇ ਐਡਰੈੱਸ ਲੱਭ ਕੇ ਸਾਰਿਆਂ ਦੇ ਘਰਾਂ ਵਿੱਚ ਭਾਰਤ ਸਰਕਾਰ ਦੀ ਇੱਕ ਕਿਤਾਬ ਭੇਜਣ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿੱਚ ਕਰਤਾਰਪੁਰ ਸਾਹਿਬ ਦੇ ਲਾਂਘੇ ਤੱਕ ਹਰ ਗੱਲ ਵਿੱਚ ਮੋਦੀ ਨੂੰ ਸਿੱਖਾਂ ਦਾ ਵੱਡਾ ਹੇਜਲਾ ਹੋਣ ਦਾ ਭਰਮ ਪਾਇਆ ਗਿਆ ਹੈ। ਇਹ ਗੱਲ ਕਿਸਾਨ ਮੋਰਚੇ ਬਾਰੇ ਸਰਕਾਰ ਦੀ ਘਬਰਾਹਟ ਜ਼ਾਹਰ ਕਰਦੀ ਹੈ।

ਕਈ ਤਸਵੀਰਾਂ ਵਿੱਚ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨਾਲ ਸਿੱਖ ਖੜੇ ਪੇਸ਼ ਕਰ ਕੇ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਕਿਸਾਨ ਸਰਕਾਰ ਦੇ ਨਾਲ ਹਨ। ਫੋਟੋ ਖਿੱਚੇ ਜਾਣ ਵਾਲੇ ਜਿਹੜੇ ਲੋਕਾਂ ਨੇ ਕਿਸਾਨਾਂ ਵਾਲੇ ਕੱਪੜੇ ਪਾਏ ਸਨ, ਬਾਅਦ ਵਿੱਚ ਉਨ੍ਹਾਂ ਦੀ ਕੋਟ-ਪੈਂਟ ਵਾਲੀਆਂ ਫੋਟੋ ਵੀ ਆ ਗਈਆਂ ਤੇ ਇੱਕ ਜਣੇ ਦੀ ਨਿੱਕਰਧਾਰੀ ਆਰ ਐੱਸ ਐੱਸ ਵਾਲੀ ਪਰੇਡ ਕਰਦੇ ਦੀ ਫੋਟੋ ਵੀ ਦੱਸੀ ਗਈ ਹੈ। ਇਹ ਸਾਰੇ ਓਸੇ ਤਰ੍ਹਾਂ ਡੰਗ ਸਾਰਨ ਲਈ ਘੜੀ ਦੀ ਘੜੀ ਕਿਸਾਨ ਬਣੇ ਸਨ, ਜਿਸ ਤਰ੍ਹਾਂ ਪ੍ਰਧਾਨ ਮੰਤਰੀ ਦੀ ਹਲ਼ ਚੁੱਕ ਕੇ ਬਣਾਈ ਤਸਵੀਰ ਵਿਖਾਈ ਜਾ ਰਹੀ ਸੀ। ਇਨ੍ਹਾਂ ਜਾਅਲੀ ਕਿਸਾਨਾਂ ਦੇ ਚਿਹਰੇ ਵਿਖਾਉਣ ਨਾਲ ਅਸਲ ਹਾਲਤ ਨੂੰ ਕੋਈ ਫਰਕ ਨਹੀਂ ਪਿਆ। ਮੋਰਚਾ ਅਜੇ ਵੀ ਚੱਲੀ ਜਾ ਰਿਹਾ ਹੈ।

ਇਸ ਦੌਰਾਨ ਨਵੀਂ ਗੱਲ ਇਹ ਹੋਈ ਕਿ ਇੱਕ ਜਣੇ ਨੇ ਸੁਪਰੀਮ ਕੋਰਟ ਵਿੱਚ ਕੇਸ ਕਰ ਦਿੱਤਾ ਕਿ ਦਿੱਲੀ ਦੁਆਲੇ ਬੈਠੇ ਕਿਸਾਨਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ। ਉਸ ਨੇ ਏਸੇ ਸਾਲ ਦੇ ਸ਼ੁਰੂ ਵਿੱਚ ਸ਼ਾਹੀਨ ਬਾਗ ਵਿੱਚ ਲਾਏ ਗਏ ਧਰਨੇ ਦਾ ਜ਼ਿਕਰ ਕਰ ਕੇ ਕਿਹਾ ਕਿ ਓਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਸਤੇ ਜਾਮ ਨਹੀਂ ਕਰਨ ਦਿੱਤੇ ਜਾ ਸਕਦੇ। ਕੇਸ ਦੀ ਸੁਣਵਾਈ ਮੌਕੇ ਅਦਾਲਤ ਨੇ ਪਹਿਲੀ ਗੱਲ ਇਹ ਕਹਿ ਦਿੱਤੀ ਕਿ ਇਹੋ ਜਿਹੇ ਮਾਮਲਿਆਂ ਵਿੱਚ ਇੱਕ ਥਾਂ ਦੀ ਤੁਲਨਾ ਕਿਸੇ ਦੂਸਰੀ ਥਾਂ ਨਾਲ ਨਹੀਂ ਹੋ ਸਕਦੀ। ਦੂਸਰਾ ਮੁੱਦਾ ਇਹ ਬਣ ਗਿਆ ਕਿ ਰਸਤੇ ਰੋਕੇ ਕਿਸ ਨੇ ਹਨ ਤੇ ਦਿੱਲੀ ਪੁਲਸ ਨੂੰ ਵੀ ਮੰਨਣਾ ਪੈ ਗਿਆ ਕਿ ਕਿਸਾਨਾਂ ਨੇ ਨਹੀਂ ਰੋਕੇ, ਉਹ ਦਿੱਲੀ ਸ਼ਹਿਰ ਵਿੱਚ ਨਾ ਵੜ ਜਾਣ, ਇਸ ਲਈ ਖੁਦ ਦਿੱਲੀ ਪੁਲਸ ਨੇ ਹੀ ਰੋਕੇ ਹਨ। ਸੁਪਰੀਮ ਕੋਰਟ ਨੇ ਕਹਿ ਦਿੱਤਾ ਕਿ ਫਿਰ ਕਿਸਾਨਾਂ ਨੂੰ ਹਟਾਉਣ ਦਾ ਸਵਾਲ ਹੀ ਨਹੀਂ, ਰਸਤੇ ਰੋਕਣ ਵਾਲੇ ਉਹ ਜਦੋਂ ਨਹੀਂ ਤਾਂ ਰਸਤੇ ਖੋਲ੍ਹਣ ਲਈ ਉਨ੍ਹਾਂ ਨੂੰ ਨਹੀਂ ਕਿਹਾ ਜਾ ਸਕਦਾ। ਇਹ ਵੀ ਮੁੱਦਾ ਠੱਪ ਹੋ ਗਿਆ। ਜਿਵੇਂ ਕੋਰਟ ਤੋਂ ਇਹ ਝਾਕ ਰੱਖੀ ਗਈ ਸੀ ਕਿ ਉਹ ਕਿਸਾਨਾਂ ਨੂੰ ਓਥੋਂ ਭਜਾ ਦੇਵੇਗੀ ਤੇ ਸਰਕਾਰ ਦਾ ਪੱਖ ਲਵੇਗੀ, ਸਰਕਾਰ ਓਦਾਂ ਦਾ ਕੋਈ ਫੈਸਲਾ ਨਹੀਂ ਕਰਵਾ ਸਕੀ, ਇਸ ਦੇ ਬਾਵਜੂਦ ਕਿਸਾਨ ਇਸ ਮੁੱਦੇ ਦਾ ਫੈਸਲਾ ਕੋਰਟ ਤੋਂ ਕਰਵਾਉਣ ਲਈ ਮੰਨਣ ਨੂੰ ਤਿਆਰ ਨਹੀਂ, ਜਿਸ ਦਾ ਜਾਇਜ਼ ਕਾਰਨ ਹੈ। ਨਿਆਂ ਪਾਲਿਕਾ ਦਾ ਸਤਿਕਾਰ ਕਰਨਾ ਇੱਕ ਵੱਖਰੀ ਗੱਲ ਹੈ, ਪਰ ਭਾਰਤ ਦੇ ਲੋਕਾਂ ਦੇ ਮਨਾਂ ਵਿੱਚ ਜਿਹੋ ਜਿਹਾ ਸਤਿਕਾਰ ਨਿਆਂ ਪਾਲਿਕਾ ਬਾਰੇ ਪਹਿਲਾਂ ਹੁੰਦਾ ਸੀ, ਉਹ ਇਸ ਵਕਤ ਦਿਖਾਈ ਨਹੀਂ ਦੇਂਦਾ। ਪਿਛਲੇ ਕੁਝ ਕੇਸਾਂ ਵਿੱਚ ਜੱਜਾਂ ਨੇ ਪਹਿਲਾਂ ਸਰਕਾਰ ਵਿਰੁੱਧ ਬਹੁਤ ਸਖਤੀ ਵਿਖਾਈ ਤੇ ਫਿਰ ਅਚਾਨਕ ਨਰਮੀ ਦੀ ਸਿਖਰ ਕਰ ਕੇ ਉਹ ਫੈਸਲੇ ਸੁਣਾ ਦਿੱਤੇ, ਜਿਹੜੇ ਸਰਕਾਰ ਚਾਹੁੰਦੀ ਸੀ। ਕਿਸਾਨਾਂ ਦੇ ਕੇਸ ਵਿੱਚ ਵੀ ਮੁੱਢਲੇ ਪੜਾਅ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਨੇ ਸਰਕਾਰ ਦੀ ਕੋਈ ਗੱਲ ਨਹੀਂ ਮੰਨੀ, ਪਰ ਇਹ ਮੁੱਢਲਾ ਪੜਾਅ ਹੈ, ਜਸਟਿਸ ਰੰਜਨ ਗੋਗੋਈ ਦੇ ਤਜਰਬੇ ਪਿੱਛੋਂ ਕੋਈ ਇਹ ਕਹਿਣ ਵਾਲਾ ਨਹੀਂ ਕਿ ਅਦਾਲਤ ਦਾ ਇਹੋ ਕਿਸਾਨ ਪੱਖੀ ਸੁਭਾਅ ਚੱਲਦਾ ਰਹੇਗਾ, ਇਸ ਕਰ ਕੇ ਕਿਸਾਨ ਆਗੂਆਂ ਨੇ ਅਦਾਲਤ ਦੇ ਬਜਾਏ ਸਰਕਾਰ ਨਾਲ ਸਿੱਧੀ ਗੱਲਬਾਤ ਦਾ ਰਾਹ ਚੁਣਿਆ ਹੈ। ਕੇਂਦਰ ਸਰਕਾਰ ਨੇ ਕੋਰੋਨਾ ਦੀ ਮੁਸੀਬਤ ਦੇ ਦੌਰਾਨ ਨਵੀਂ ਮੁਸੀਬਤ ਪਾਈ ਹੈ ਤਾਂ ਇਸ ਦਾ ਅਤਾਬ ਵੀ ਓਸੇ ਨੂੰ ਝੱਲਣਾ ਚਾਹੀਦਾ ਹੈ।

ਜਿੱਥੋਂ ਤੱਕ ਖੇਤੀਬਾੜੀ ਕਾਨੂੰਨਾਂ ਦੀ ਮਾਰ ਦਾ ਸੰਬੰਧ ਹੈ, ਇਹ ਕਿਸਾਨਾਂ ਨੂੰ ਤਾਂ ਪੈਣੀ ਹੀ ਪੈਣੀ ਹੈ, ਸਭ ਤੋਂ ਪਹਿਲਾਂ ਇਸ ਦੀ ਮਾਰ ਨਰਿੰਦਰ ਮੋਦੀ ਸਰਕਾਰ ਨੂੰ ਪਈ ਹੈ, ਜਿਸ ਨੇ ਸਾਬਤ ਕਰ ਦਿੱਤਾ ਹੈ ਕਿ ਨਿਰਾ ਝੂਠ ਬੋਲਣ ਤੇ ਪਲਟੀਆਂ ਮਾਰਨ ਵਾਲੇ ਹਾਕਮਾਂ ਦੇ ਹੱਥਾਂ ਵਿੱਚ ਭਾਰਤ ਦੀ ਵਾਗਡੋਰ ਹੈ। ਇੱਕ ਦਿਨ ਭਾਰਤ ਦਾ ਖੇਤੀ ਮੰਤਰੀ ਇੱਕ ਮੀਟਿੰਗ ਦੌਰਾਨ ਕਿਸਾਨ ਆਗੂਆਂ ਨੂੰ ਇਹ ਕਹਿੰਦਾ ਹੈ ਕਿ ਤੁਹਾਡੀਆਂ ਗੱਲਾਂ ਨਾਲ ਮੈਂ ਸਹਿਮਤ ਹਾਂ, ਪਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਲਈ ਸਾਨੂੰ ਕਾਨੂੰਨ ਮੰਤਰਾਲੇ ਤੇ ਹੋਰ ਵਿਭਾਗਾਂ ਨਾਲ ਗੱਲ ਕਰਨ ਲਈ ਵਕਤ ਚਾਹੀਦਾ ਹੈ। ਅਗਲੀ ਮੀਟਿੰਗ ਵਿੱਚ ਮੁੜ ਕੇ ਕਿਸਾਨਾਂ ਨੂੰ ਇਹ ਪੜ੍ਹਾਉਣ ਲੱਗ ਪੈਂਦਾ ਹੈ ਕਿ ਇਨ੍ਹਾਂ ਕਾਨੂੰਨਾਂ ਦੇ ਫਾਇਦੇ ਬਹੁਤ ਹਨ, ਤੁਸੀਂ ਵਿਰੋਧ ਪ੍ਰਦਰਸ਼ਨ ਛੱਡ ਕੇ ਇਨ੍ਹਾਂ ਦੀ ਹਮਾਇਤ ਕਰੋ। ਤੀਸਰੇ ਦਿਨ ਇੱਕ ਸੂਚੀ ਭੇਜ ਦੇਂਦਾ ਹੈ ਕਿ ਸਰਕਾਰ ਆਹ ਸੋਧਾਂ ਕਰਨ ਦੇ ਲਈ ਤਿਆਰ ਹੈ, ਪਰ ਜਦੋਂ ਕਿਸਾਨਾਂ ਨੇ ਕਾਨੂੰਨ ਰੱਦ ਕਰਨ ਦੀ ਮੰਗ ਦੁਹਰਾਈ ਤਾਂ ਅਚਾਨਕ ਫਿਰ ਰੱਦ ਕਰਨੀਆਂ ਮੰਨੀਆਂ ਮੱਦਾਂ ਨੂੰ ਦੇਸ਼ ਦੇ ਕਿਸਾਨਾਂ ਦੇ ਭਲੇ ਵਾਲੀਆਂ ਕਹਿ ਕੇ ਲਾਗੂ ਕਰਨ ਦੀ ਦੁਹਾਈ ਪਾਉਣ ਲੱਗ ਪੈਂਦਾ ਹੈ। ਇੱਕ ਦਿਨ ਵਿੱਚ ਚਾਰ ਵਾਰ ਜਦੋਂ ਦੇਸ਼ ਦੇ ਮੰਤਰੀ ਬੋਲੀਆਂ ਬਦਲਦੇ ਹਨ ਤਾਂ ਲੋਕ ਉਨ੍ਹਾਂ ਦੀਆਂ ਇਨ੍ਹਾਂ ਬੋਲੀਆਂ ਵਿੱਚੋਂ ਅਸਲੀ ਬੋਲੀ ਨਹੀਂ ਪਛਾਣ ਸਕਦੇ।

ਅਸਲੀ ਬੋਲੀ ਤਾਂ ਕੀ, ਅਸਲੀ ਨੀਤੀ ਵੀ ਪਛਾਣ ਵਿੱਚ ਨਹੀਂ ਆਉਂਦੀ। ਅੱਠ ਦਸੰਬਰ ਨੂੰ 'ਭਾਰਤ ਬੰਦ' ਹੋਣ ਦੇ ਬਾਅਦ ਜਦੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਨੂੰ ਮੀਟਿੰਗ ਲਈ ਸੱਦਿਆ ਤਾਂ ਗੱਲ ਉੱਠੀ ਸੀ ਕਿ ਤੁਸੀਂ ਸੰਘਰਸ਼ ਕਰਦੇ ਕਿਸਾਨਾਂ ਨੂੰ ਦੇਸ਼-ਧਰੋਹੀ ਕਿਉਂ ਕਹਿੰਦੇ ਹੋ? ਅਮਿਤ ਸ਼ਾਹ ਨੇ ਕਿਹਾ ਸੀ ਕਿ 'ਮੈਂ ਕਦੀ ਏਦਾਂ ਨਹੀਂ ਕਿਹਾ ਅਤੇ ਜੇ ਕਿਸੇ ਨੇ ਏਦਾਂ ਕਿਹਾ ਹੈ ਤਾਂ ਮੈਂ ਉਸ ਨਾਲ ਸਹਿਮਤ ਨਹੀਂ।' ਇਸ ਦੇ ਬਾਵਜੂਦ ਉਨ੍ਹਾਂ ਦੇ ਸਾਥੀ ਲਗਾਤਾਰ ਕਿਸਾਨਾਂ ਬਾਰੇ ਬੇਹੂਦਾ ਬੋਲੀ ਬੋਲਦੇ ਰਹੇ। ਕੇਂਦਰੀ ਮੰਤਰੀ ਰਾਓ ਸਾਹਿਬ ਦਾਨਵੇ ਨੇ ਕਿਹਾ ਕਿ ਕਿਸਾਨ ਐਜੀਟੇਸ਼ਨ ਪਿੱਛੇ ਪਾਕਿਸਤਾਨ ਦਾ ਹੱਥ ਸੁਣਿਆ ਹੈ। ਗੁਜਰਾਤ ਦੇ ਡਿਪਟੀ ਮੁੱਖ ਮੰਤਰੀ ਨੇ ਵੀ ਇਹੋ ਗੱਲ ਕਹਿ ਦਿੱਤੀ। ਫਿਰ ਉੱਤਰ ਪ੍ਰਦੇਸ਼ ਦੀ ਭਾਜਪਾ ਦੇ ਦੋ ਪਾਰਲੀਮੈਂਟ ਮੈਂਬਰਾਂ ਨੇ ਇਹੋ ਦੋਸ਼ ਥੱਪ ਦਿੱਤਾ। ਸਾਰਿਆਂ ਤੋਂ ਖੁਰਾਫਾਤੀ ਗੱਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਹਿੰਦੂ ਧਰਮ ਦੀ ਇੱਕ ਸੰਪਰਦਾ ਦੇ ਮੁਖੀ ਯੋਗੀ ਆਦਿੱਤਿਆਨਾਥ ਨੇ ਕਹੀ ਕਿ ਅਸੀਂ ਰਾਮ ਮੰਦਰ ਬਣਾਉਣ ਲੱਗੇ ਹਾਂ, ਇਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦਾ, ਇਸ ਲਈ ਕਿਸਾਨਾਂ ਦੇ ਨਾਂਅ ਉੱਤੇ ਵਿਰੋਧੀ ਧਿਰਾਂ ਨੇ ਸੰਘਰਸ਼ ਛੇੜਿਆ ਹੈ। ਇਹ ਬਹੁਤ ਚੁਸਤ ਚਾਲ ਚੱਲੀ ਹੈ ਯੋਗੀ ਆਦਿੱਤਿਆਨਾਥ ਨੇ। ਉਹ ਅਸਲ ਵਿੱਚ ਇਹੋ ਜਿਹੀ ਗੱਲ ਕਹਿ ਕੇ ਭਾਰਤ ਦੀ ਇੱਕ ਸੌ ਚਾਲੀ ਕਰੋੜ ਆਬਾਦੀ ਵਿੱਚੋਂ ਇੱਕ ਸੌ ਕਰੋੜ ਤੋਂ ਵੱਧ ਹਿੰਦੂਆਂ ਨੂੰ ਕਿਸਾਨਾਂ ਦੇ ਸੰਘਰਸ਼ ਦੇ ਵਿਰੋਧ ਵਿੱਚ ਖੜਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੂੰ ਭੁਲੇਖਾ ਨਹੀਂ ਕਿ ਕਿਸਾਨਾਂ ਵਿੱਚੋਂ ਵੀ ਅੱਸੀ ਫੀਸਦੀ ਤੋਂ ਵੱਧ ਹਿੰਦੂ ਕਿਸਾਨ ਹਨ ਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਰਾਮ ਮੰਦਰ ਬਣਿਆ ਵੇਖਣਾ ਚਾਹੁੰਦੇ ਹੋਣਗੇ, ਫਿਰ ਵੀ ਯੋਗੀ ਸਿਰਫ ਸਾਧੂ ਨਾ ਹੋ ਕੇ ਸਿਆਸੀ ਆਗੂ ਵਾਲੀ ਚੁਸਤੀ ਨਾਲ ਦੇਸ਼ ਦੇ ਸਭ ਤੋਂ ਵੱਡੇ ਧਾਰਮਿਕ ਭਾਈਚਾਰੇ ਦੇ ਲੋਕਾਂ ਨੂੰ ਕਿਸਾਨਾਂ ਦੇ ਗਲ਼ ਪਵਾਉਣਾ ਚਾਹੁੰਦਾ ਹੈ। ਪਹਿਲਾਂ ਕਰੋੜਾਂ ਦੇ ਡੇਰੇ ਦਾ ਮੁਖੀਆ ਤੇ ਅੱਜ ਭਾਰਤ ਦੇ ਸਭ ਤੋਂ ਵੱਡੇ ਰਾਜ ਦਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਜਿਵੇਂ ਸੋਚਦਾ ਹੈ, ਉਸ ਕਿਸਮ ਦੀ ਸੋਚ ਉਡਾਰੀ ਆਮ ਮਨੁੱਖ ਨਹੀਂ ਲਾ ਸਕਦਾ। ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ। ਇਹੋ ਕਾਰਨ ਹੈ ਕਿ ਯੋਗੀ ਆਦਿੱਤਿਆਨਾਥ ਹੋਵੇ ਜਾਂ ਕੋਈ ਹੋਰ ਮਹਾਤਮਾ ਇਹੋ ਜਿਹੀ ਪ੍ਰਚਾਰ ਤੂਤਣੀ ਵਜਾਉਣ ਲਈ ਭਾਜਪਾ ਤਿਆਰ ਕਰ ਲਵੇ, ਆਮ ਲੋਕਾਂ ਨੂੰ ਇਹ ਕੁਵੇਲੇ ਦਾ ਰਾਗ ਹੀ ਜਾਪਣੀ ਹੈ। ਉਨ੍ਹਾਂ ਦੀ ਤੇ ਆਮ ਲੋਕਾਂ ਦੀ ਸੋਚ ਦਾ ਇਹੋ ਫਰਕ ਹੈ।

ਜਿਹੜੀ ਗੱਲ ਬੀਤੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਨੇ ਕਹੀ ਤੇ ਭਾਜਪਾ ਪੱਖੀ ਮੀਡੀਏ ਨੇ ਬਹੁਤ ਚੁੱਕੀ ਹੈ, ਉਹ ਇਹ ਕਿ ਨਵੇਂ ਕਾਨੂੰਨਾਂ ਨਾਲ ਕਿਸਾਨਾਂ ਦੀ ਫਸਲ ਬਾਰੇ ਵਪਾਰਕ ਘਰਾਣੇ ਅਗੇਤਾ ਹੀ ਸੌਦਾ ਕਰ ਲੈਣਗੇ ਕਿ ਉਨ੍ਹਾਂ ਦੀ ਫਸਲ ਦੀ ਜ਼ਿੰਮੇਵਾਰੀ ਸਾਡੀ ਹੈ, ਇਸ ਲਈ ਕਿਸਾਨ ਚਿੰਤਾ ਮੁਕਤ ਹੋ ਜਾਵੇਗਾ। ਇਹ ਸੋਹਣਾ ਸੁਫਨਾ ਸਾਡੇ ਪੰਜਾਬ ਦੇ ਗੰਨਾ ਬੀਜਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਹੋਰ ਤੋਂ ਵੱਧ ਪਤਾ ਹੈ। ਹਰ ਸਾਲ ਖੰਡ ਮਿੱਲਾਂ ਕਿਸਾਨਾਂ ਦੇ ਗੰਨੇ ਦਾ ਬਾਂਡ ਭਰਦੀਆਂ ਹਨ, ਪਰ ਅੱਜ ਤੱਕ ਕਦੇ ਵੀ ਮਿੱਲਾਂ ਨੇ ਸਾਰਾ ਗੰਨਾ ਏਥੇ ਨਹੀਂ ਖਰੀਦਿਆ ਅਤੇ ਜਿਹੜਾ ਖਰੀਦਿਆ ਵੀ ਜਾਂਦਾ ਹੈ, ਉਸ ਦੇ ਬਦਲੇ ਮਿਲਣ ਵਾਲੇ ਪੈਸੇ ਤਿੰਨ-ਤਿੰਨ ਸਾਲ ਤੱਕ ਵੀ ਨਹੀਂ ਮਿਲਦੇ ਹੁੰਦੇ ਤੇ ਕਿਸਾਨਾਂ ਨੂੰ ਧਰਨੇ ਮਾਰਨੇ ਪੈਂਦੇ ਹਨ। ਹਕੀਕਤਾਂ ਤੋਂ ਕੋਹਾਂ ਦੂਰ ਜਾ ਕੇ ਕੀਤਾ ਨਰਿੰਦਰ ਮੋਦੀ ਸਰਕਾਰ ਦਾ ਇਨ੍ਹਾਂ ਕਾਨੂੰਨਾਂ ਦਾ ਪ੍ਰਚਾਰ ਕਿਸਾਨਾਂ ਦੇ ਸੰਘਰਸ਼ ਅੱਗੇ ਟਿਕਣ ਵਾਲਾ ਨਹੀਂ ਜਾਪਦਾ। ਚਿਰਾਂ ਪਿੱਛੋਂ ਵੇਖੇ ਗਏ ਇਸ ਸੰਘਰਸ਼ ਦੀ ਕਾਮਯਾਬੀ ਆਮ ਲੋਕਾਂ ਦੀ ਸੋਚ ਦਾ ਹਿੱਸਾ ਹੈ।

# ਕਿਸਾਨਾਂ ਦਾ ਵਾਜਬ ਅੰਦੋਲਣ ਅਤੇ ਭਾਰਤੀ ਜਨਤਾ ਪਾਰਟੀ ਦੀ ਹੈਂਕੜਬਾਜ ਸਰਕਾਰ



-ਹਰਚੰਦ ਸਿੰਘ ਬਾਸੀ-

ਉਸ ਆਦਮੀ ਤੇ ਹੈ ਖੁਦਾ ਦਾ ਹੱਥ ਹੁੰਦਾ ਜੋ ਭੁਖ ਸਮੇਂ ਕਿਸੇ ਦੇ ਪੈਰੀਂ ਨਹੀਂ ਡਿਗਦਾ

ਪਿਛਲੇ ਪਾਰਲੀਮੈਂਟ ਦੇ ਸੈਸ਼ਨ ਵਿੱਚ ਜਿਸ ਤਰਾਂ ਦੀ ਕਾਹਲੀ ਨਾਲ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਉਸ ਸਮੇਂ ਪਾਰਲੀਮੈਂਟ ਦੀ ਲੋਕ ਸਭਾ ਵਿੱਚ ਵੀ ਵਿਰੋਧੀ ਧਿਰਾਂ ਵੱਲੋਂ ਇਸ ਦੇ ਕਿਸਾਨਾਂ ਉਪਰ ਮਾਰੂ ਅਸਰ ਬਾਰੇ ਜ਼ੋਰਦਾਰ ਹੰਗਮਾ ਹੋਇਆ ਸੀ। ਵਿਰੋਧੀ ਪਾਰਲੀਮੈਂਟ ਮੈਂਬਰਾਂ ਨੇ ਇਸ ਤੇ ਸੁਆਲ ਉਠਾਏ ਸਨ। ਇਸ ਨੂੰ ਪਾਰਲੀਮੈਂਟ ਦੀ ਸਲੈਕਟ ਕਮੇਟੀ ਕੋਲ ਭੇਜਣ ਦਾ ਪ੍ਰਸਤਾਵ ਵੀ ਰੱਖਿਆ ਸੀ ਪਰ ਮੋਦੀ ਸ਼ਾਹ ਦੇ ਬਹੁਮਤ ਦੇ ਹੰਕਾਰ ਸਦਕਾ ਕਿਸੇ ਦੀ ਦਲੀਲ ਨੂੰ ਹੱਠਧਰਮੀ ਨਾਲ ਨਾ ਸੁਣਿਆ। ਠੀਕ ਤਰੀਕੇ ਨਾਲ ਵੋਟਿੰਗ ਕਰਵਾਏ ਤੋਂ ਬਿਨਾਂ ਅਡਾਨੀ ਅਬਾਨੀ ਦੇ ਅੰਨੇਵਾਹ ਮੁਨਾਫੇ ਲਈ ਬਿਲ ਪਾਸ ਕਰ ਦਿਤਾ। ਇਸੇ ਤਰਾਂ ਹੀ ਰਾਜ ਸਭਾ ਵਿੱਚ ਬਹੁ ਗਿਣਤੀ ਦੀ ਹਉਮੈ ਵਿਚ ਮੋਦੀ ਸ਼ਾਹ ਦੇ ਹੁਕਮ ਵਿਚ ਬਿਲ ਵੋਟਿੰਗ ਤੋਂ ਬਿਨਾਂ ਹੀ ਖੇਤੀ ਸਬੰਧੀ ਤਿੰਨੇ ਪਾਸ ਕਰ ਦਿਤੇ। ਇੰਨਾਂ ਬਿਲਾਂ ਬਾਰੇ ਕਿਸੇ ਕਿਸਾਨ ਜਥੇਬੰਦੀਆਂ ਨਾਲ ਵਿਚਾਰ ਵਿਟਾਂਦਰਾ ਨਹੀਂ ਕੀਤਾ ਗਿਆ। ਕਿਸਾਨ ਤਾਂ ਸਵਾਮੀ ਨਾਥਨ ਦੀਆਂ ਸਿਫਾਰਸ਼ਾ ਲਾਗੂ ਕਰਵਾਉਣਾ ਚਾਹੁੰਦੇ ਸਨ। ਉਸ ਦੀ ਤਾਂ ਗਲ ਹੀ ਕੋਈ ਨਹੀਂ ਸਗੋਂ ਇਹ ਕਾਲੇ ਬਿਲ ਕਾਰਪੋਰੇਟ ਦੇ ਹੱਕਾਂ ਲਈ ਬਣਾ ਕੇ ਢੰਡੋਰਾ ਪਿਟਿਆ ਕਿ ਕਿਸਾਨਾਂ ਲਈ ਸੁਗਾਤ ਦਿਤੀ ਹੈ ਗੋਦੀ ਮੀਡੀਆ ਰਾਹੀ ਇਸ ਦਾ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਗਿਆ । ਜਿੰਨਾਂ ਖੇਤੀ ਕਿਸਨਾਂ ਲਈ ਇਹ ਬਣਾਏ ਉਹਨਾਂ ਉਸੇ ਵਕਤ ਇਸ ਮਾਰੂ ਅਸਰਾਂ ਬਾਰੇ ਸਮਝਣ ਵਿੱਚ ਦੇਰ ਨਹੀਂ ਲਾਈ।ਉਹਨਾਂ ਕਿਹਾ ਜੋ ਇਹ ਸੌਗਾਤ ਸਾਡੇ ਲਈ ਜ਼ਹਿਰ ਤੇ ਖੰਡ ਲਾ ਕੇ ਖੁਆਉਣ ਦਾ ਯਤਨ ਕਰ ਰਹੇ ਹੋ ਅਸੀਂ ਸਭ ਚੰਗੀ ਤਰ੍ਹਾਂ ਸਮਝਦੇ ਹਾਂ। ਇਹ ਪ੍ਰੋਸਿਆ ਹੋਇਆ ਖਾਣਾ ਸਾਡੇ ਅਗੋਂ ਚੱਕ ਲਉ ਸਾਨੂੰ ਕਤਈ ਮਨਜ਼ੂਰ ਨਹੀਂ। ਸਾਨੂੰ ਸਾਡਾ ਉਹ ਖਾਣਾ(ਕਾਨੂੰਨ) ਲਗੂ ਕਰੋ ਜੋ ਸਵਾਮੀ ਨਾਥਨ ਦੀਆਂ ਸਿਫਾਰਸ਼ਾ ਨੇ ਮਨਜੂਰ ਕੀਤਾ ਹੈ। ਰਾਸਟਰਪਤੀ ਨੇ ਵੀ ਬਿਨਾਂ ਹੀਲ ਹੁਜਤ ਦੇ ਇਸ ਤੇ ਮੋਹਰ ਲਾ ਦਿਤੀ। ਚਾਹੀਦਾ ਤਾਂ ਇਹ ਸੀ ਕਿ ਜਿਸ ਤਰਾਂ ਪਾਰਲੀਮੈਂਟ ਵਿੱਚ ਇਸ ਤੇ ਗੈਰ ਸੰਵਿਧਾਨਕ ਤਰੀਕੇ ਨਾਲ ਵੋਟਿੰਗ ਕਰਵਾ ਕੇ ਪਾਸ ਕੀਤਾ ਸੀ ਰਾਸ਼ਟਰਪਤੀ ਇਸ ਨੂੰ ਦੁਬਾਰਾ ਵਾਚਣ ਲਈ ਪਾਰਲੀਮੈਂਟ ਨੂੰ ਵਾਪਸ ਕਰਦਾ। ਪਰ ਮਜੂਦਾ ਮੋਦੀ,ਸ਼ਾਹ ਦੀ ਤਾਨਾਸ਼ਾਹ ਸਰਕਾਰ ਨੇ ਸੰਵਿਧਾਨ ਤੇ ਲੋਕਰਾਜੀ ਸੰਸਥਾਵਾਂ ਤੇ ਹਮਲਾ ਕਰਕੇ ਲੋਕ ਰਾਜ ਨੂੰ ਕਮਜ਼ੋਰ ਕੀਤਾ ਹੈ, ਰਾਸ਼ਰਪਤੀ ਵੀ ਉਹਨਾਂ ਦੇ ਦਬਾਅ ਹੇਠ ਦਿਖਾਈ ਦਿੰਦਾ ਹੈ। ਜਿਸ ਨੇ ਕਾਹਲੀ ਨਾਲ ਖੇਤੀ ਸਬੰਧੀ ਤਿੰਨਾਂ ਬਿਲਾਂ ਤੇ ਹਸਤਾਖਰ ਕਰਨ ਲਗਿਆਂ ਦੇਰ ਨਹੀਂ ਲਾਈ ਜਿਸ ਤਰਾਂ ਉਹ ਕਾਹਲੀ ਨਾਲ ਉਧੀਕ ਕਰ ਰਿਹਾ ਹੋਵੇ।

ਇਸ ਬਿਲ ਦੇ ਪਾਸ ਹੋਣ ਤੇ ਭਾਰਤ ਦੇ ਕਿਸਾਨ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਦੇ ਆਗੂ ਆਪਣੀ ਸੂਝ ਅਤੇ ਸਮਝ ਨੂੰ ਸਾਣ ਤੇ ਲਾਕੇ ਇਸ ਬਿਲ ਦੇ ਇੱਕ ਇੱਕ ਮਦ ਨੂੰ ਪੜ੍ਹ ਕੇ ਬੜੇ ਹੀ ਚਿੰਤਾਤੁਰ ਹੋਏ ਕਿ ਇਹ ਬਿਲ ਕਿਸਾਨ ਦੇ ਗਲਮੇਂ ਵਿੱਚ ਹੱਥ ਪਾਉਣ ਵਾਲਾ ਹੈ ਸਾਡੀਆਂ ਨਸਲਾਂ ਨੂੰ ਘਸਿਆਰੇ ਬਣਾਓਣ ਵਾਲਾ ਹੈ। ਉਹਨਾਂ ਦਾ ਖੂਨ ਉਬਾਲੇ ਖਾਣ ਲੱਗਾ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗਾਂ ਕੀਤੀਆਂ। ਆਪਣੇ ਕਿਸਾਨ ਭਰਾਵਾਂ ਨੂੰ ਇਹਨਾਂ ਕਿਸਾਨਾਂ ਵਿਰੋਧੀ ਤਿੰਨਾਂ ਕਾਲੇ ਕਾਨੂਨਾਂ ਦੇ ਮਾਰੂ ਅਸਰਾਂ ਬਾਰੇ ਜਾਗਰੂਕ ਕੀਤਾ। ਵਿਸਥਾਰ ਨਾਲ ਦਸਿਆ ਕਿ ਇਹ ਕਾਨੂੰਨ ਕਿਸਾਨ ਦੀ ਹੋਂਦ ਨੂੰ ਖਤਰਾ ਹੈ ਸਾਨੂੰ ਇੱਕ ਵਾਰ ਫਿਰ ਗੁਲਾਮ ਬਣਾਉਣ ਲਈ ਕਾਨੂੰਨ ਬਣਾਇਆ ਗਿਆ ਹੈ। ਆਉ ਇਸ ਸਬੰਧੀ ਆਪਣੇ ਇਤਰਾਜ਼ ਸਰਕਾਰ ਤਾਈਂ ਪਹੁੰਚਾਈਏ। ਕਿਸਾਨਾਂ ਨੈ ਇਹਨਾਂ ਕਾਨੂਨਾਂ ਵਿਰੁਧ ਧਰਨੇ ਪਰਦਰਸ਼ਨ ਕੀਤੇ। ਪੰਜਬ ਦੇ ਕਿਸਾਨਾਂ ਨਾਲ ਹਰਿਆਨੇ ਦੇ ਕਿਸਾਨਾਂ ਵੀ ਅੰਦੋਲਣ ਵਿੱਚ ਇਕ ਜੁਟ ਹੋਕੇ ਸ਼ਾਮਲ ਹੋਣ ਦਾ ਹੁੰਗਾਰਾ ਭਰਿਆ। ਸਤੰਬਰ ਤੋਂ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਕਰਨੇ ਸ਼ੁਰੂ ਕੀਤੇ ਪਰ ਕੀ ਮਜਾਲ ਇਨ੍ਹੇ ਵਡੇ ਪਰਦਰਸ਼ਨਾਂ ਦੇ ਹੁੰਦਿਆਂ ਵੀ ਮੋਦੀ ਦੇ ਕੰਨ ਤੇ ਜੂੰ ਸਰਕੀ ਹੋਵੇ । ਇਸ ਦੇ ਉਲਟ ਕਿਸਾਨਾਂ ਨੂੰ ਟਿਚਰਾਂ ਕਰਦੇ ਰਹੇ ਕਿ ਕਿਸਾਨਾਂ ਨੂੰ ਸਮਝ ਨਹੀਂ ਮੈਂ(ਮੋਦੀ) ਤਾਂ ਕਿਸਾਨਾਂ ਦੀ ਬਿਹਤਰੀ ਲਈ ਕੰਮ ਕਰ ਰਿਹਾ ਹਾਂ ਉਹ ਕੰਮ ਕੀਤਾ ਹੈ ਜੋ ਕਿਸੇ ਪਹਿਲਾਂ ਨਹੀਂ ਕੀਤਾ। ਕੀ ਜੇ ਕਿਸੇ ਘਰ ਚੋਰ ਲਗ ਜਾਏ ਘਰ ਦਾ ਸਮਾਨ ਇਕ ਇਕ ਕਰਕੇ ਪੰਡ ਬੰਨ ਕੇ ਲੈ ਜਾਣ ਨੂੰ ਤਿਆਰ ਹੋਏ ਘਰ ਵਾਲਾ ਰੋਕੇ ਤੇ ਉਹ ਅੱਗੋਂ ਕਹੇ ਮੈਂ ਤਾਂ ਇਹਨਾਂ ਦਾ ਭਲਾ ਕਰਨ ਲੱਗਾ ਹਾਂ ਘਰੇ ਸਫਾਈ ਹੋ ਜਾਏਗੀ ਕੋਈ ਚੂਹਾ ਚਿੜ੍ਹਾ ਘਰ ਨਹੀਂ ਆਏਗਾ। ਪਰਧਾਨ ਮੰਤਰੀ ਅਤੇ ਸ਼ਾਹ ਦੀ ਜੋੜੀ ਜਿਸ ਨੇ ਪਹਿਲਾਂ (ਏਅਰਪੋਰਟ)ਹਵਾਈ ਅੱਡੇ,ਰਖਿਆ ਖੇਤਰ, ਯੂਨੀਵਰਸਿਟੀਆਂ,ਰੇਲਵੇ, ਬੈਂਕ, ਤੇਲ ਕੰਪਨੀਆਂ ਆਦਿ ਦੇਸ ਦੇ ਲੋਕਾਂ ਦੀ ਸੰਪਤੀ ਅਡਾਨੀ ਅਬਾਨੀ ਕੰਪਣੀਆਂ ਕੋਲ ਵੇਚ ਦਿਤੇ ਕੀ ਉਸ ਤੇ ਭਰੋਸਾ ਕੀਤਾ ਜਾ ਸਕਦਾ ਹੈ। ਕਦੀ ਨਹੀਂ ।ਲੋਕਰਾਜ ਵਿੱਚ ਲੋਕ ਵਡੇ ਹੁੰਦੇ ਹਨ। ਮੰਨਿਆ ਕਿ ਦੇਸ ਦਾ ਸਾਸ਼ਨ ਚਲਾਉਣ ਲਈ ਲੋਕਾਂ ਕਿਸੇ ਵਿਅੱਤੀ ਨੂੰ ਚੁਣ ਲਿਆ ਇਸ ਦਾ ਮਤਲਬ ਇਹ ਮਹੀਂ ਹੁੰਦਾ ਲੋਕਾਂ ਨੇ ਉਸ ਨੂੰ ਜਨਤਾ ਨੂੰ ਕਤਲ ਕਰਨ ਦੇ ਹੱਕ ਦੇ ਦਿਤੇ ਹਨ। ਉਸ ਨੂੰ ਲੋਕਾਂ ਦਾਂ ਬਿਹਤਰੀ ਲਈ ਕੰ ਕਰਨ ਲਈ ਦੇਸ ਦੀ ਵਾਗ ਡੋਰ ਫੜਾਈ ਹੁੰਦੀ ਹੈ। ਕਿਸੇ ਵੀ ਵਰਗਦੀਆਂ ਤਕਲੀਫਾਂ ਨੂੰ ਸਮਝ ਕੇ ਉਹਨਾਂ ਦੇ ਇਰਾਜਾਂ ਨੂੰ ਦੂਰ ਕਰਨਾ ਹੁੰਦਾ ਹੈ। ਹਿਟਲਰ ਵੀ ਕਹਿੰਦਾ ਸੀ ਕਿ ਮੈ ਦੁਨੀਆਂ ਦੇ ਭਲੇ ਲਈ ਕੰ ਕਰਦਾ ਹਾਂ ਲੋਕਾਂ ਅਤੇ ਸਾਸ਼ਕਾਂ ਨੂੰ ਸਮਝ ਲੈਣਾ ਹੈ ਅਜਿਹੇ ਇਕ ਤਰਫਾ ਫੈਸਲਿਆਂ ਨਾਲ ਕੀ ਹਸ਼ਰ ਹੁੰਦਾ ਹੈ। ਇਤਿਹਾਸ ਵਾਚਣ ਦੀ ਅਤਿਅੰਤ ਲੋੜ ਹੁੰਦੀ ਹੈ।

ਅੱਜ ਦੇਸ ਦੇ ਕਿਸਾਨ ਮੋਦੀ ਦ ਭਰਮਜਾਲ ਵਿੱਚੋਂ ਨਿਕਲ ਕੇ ਖੇਤੀ ਸੈਕਟਰ ਦੀ ਰਾਖੀ ਲਈ ਅੱਗੇ ਆਏ ਹਨ। ਇਸ ਲਈ ਅੰਦੋਲਣ ਦੇ ਪਹਿਲੇ ਦੂਜੇ ਪੜਾਅ ਤੇ ਕਿਸਾਨਾਂ ਦੀ ਮੋਦੀ ਦੀ ਤਾਨਾਸ਼ਾਹ ਸਰਕਾਰ ਨੇ ਕੰਨ ਨਹੀਂ ਦਿਤਾ ਸਗੋਂ ਗੋਦੀ ਮੀਡੀਆ ਰਾਹੀਂ ਕੂੜ ਪਰਚਾਰ ਅਰੰਭ ਕੇ ਕਿਸਾਨਾਂ ਦੀਆਂ ਵਾਜਬ ਮੰਗਾ ਛੁਟਿਆਉਣ ਲਗੀ।

ਖਹਾਵਤ ਹੈ "ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ"

ਕਿਸਾਨ ਤਾਂ ਆਪਣੀ ਖੇਤੀ ਨੂੰ ਲਾਹੇਵੰਦਾ ਧੰਧਾ ਬਣਾਉਣ ਲਈ ਸਵਾਮੀ ਨਾਥਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਾਉਣ ਲਈ ਸਰਕਾਰ ਨੂੰ ਲੰਮੇ ਸਮੇਂ ਤੋਂ ਕਹਿ ਰਹੇ ਸਨ ਪਰ ਸਰਕਾਰ ਨੇ ਕਾਨੂੰਨ ਪਾਸ ਕਰਕੇ ਕਹਿ ਦਿਤਾ

"ਨਾਂ ਰਹੇਗਾ ਬਾਂਸ ਨਾਂ ਰਹੇਗੀ ਬੰਸਰੀ"



ਇਸ ਕਾਨਨੂੰ ਨਾਲ ਕਿਸਾਨ ਨੂੰ ਹੌਲੀ ਹੌਲੀ ਬੇ ਜ਼ਮੀਨੇ ਕਰ ਦਿਤਾ ਜਾਵੇਗਾ ਫਿਰ ਗਲ ਖਤਮ ਹੋ ਜਾਏਗੀ।ਸਭ ਕੁਝ ਕਾਰਪੋਰੇਟ ਦੀ ਮਰਜੀ ਨਾਲ ਹੋਵੇਗਾ ਪੰਜਾਬ ਦੀ ਆਨ,ਬਾਨ ਸ਼ਾਨ ਮਿਟ ਜਾਏਗੀ। ਇਸ ਤਰਾਂ ਦਿਲੀ ਦੀ ਭਾਰਤੀ ਜਨਤਾ ਪਾਰਟੀ ਵੱਲੋਂ ਬੜੀ ਚਤੁਰਾਈ ਨਾਲ ਪੰਜਾਬੀਆਂ ਦੀ ਨਸਲਕੁਸ਼ੀ ਕੀਤੀ ਜਏਗੀ। ਇਹਨਾਂ ਸਾਰੇ ਖਤਰਿਆਂ ਨੂੰ ਸਮਝਦਿਆਂ ਹੋਇਆਂ ਆਪਣੀ ਨਸਲਾਂ ਦੀ ਰਾਖੀ ਲਈ ਕਿਸਾਨ ਚਤੁਰ ਤਾਨਾਸ਼ਾਹ ਸਰਕਾਰ ਖਿਲਾਫ ਬਜੁਰਗ, ਨੌਜਵਾਨ,ਬੀਬੀਆਂ, ਮੁਟਿਆਰਾਂ ,ਬੱਚੇ,ਕਲਾਕਾਰ,ਸਾਬਕਾ ਸੈਨਿਕ, ਖਿਡਾਰੀ,ਮਜ਼ਦੂਰ , ਆੜਤੀ, ਛੋਟੇ ਵਪਾਰੀ,ਕਰਮਚਾਰੀ ਗਲ ਕੀ ਹਰ ਵਰਗ ਸੜਕਾਂ ਤੇ ਉਤਰਿਆ ਹੈ।

26 ਨਵੰਬਰ ਤੋਂ ਪੋਹ ਮਾਘ ਦੀਆਂ ਠੰਢੀਆਂ ਰਾਤਾਂ ਵਿੱਚ ਵੀ ਇਹਨਾਂ ਤਿੰਨੇ ਕਾਲੇ ਕਾਨੂੰਨਾਂ ਨੂੰ ਰਦ ਕਰਾਉਣ ਲਈ ਦਿਲੀ ਵਲ ਚਾਲੇ ਪਾਏ।੍ਰਰਿਆਣਾ ਦੀ ਗਾਫਲ ਖਟਰ ਸਰਕਾਰ ਨੇ ਦਿਲੀ ਸਾਸ਼ਕਾਂ ਦੇ ਹੁਕਮਾਂ ਅਨੁਸਾਰ ਪੁਲਸ ਫੋਰਸ ਨਾਲ ਸੜਕਾਂ ਤੇ ਵਡੇ ਵਡੇ ਪਥਰ ਰਖ ਕੇ ਅਤੇ ਸੜਕਾਂ ਪੁਟ ਕੇ ਵਡੇ ਵਡੇ ਟੋਏ ਪੁਟ ਕੇ ਰਾਹ ਰੋਕੇ। ਕਿਸਾਨਾਂ ਨੇ ਦਿਲੀ ਬਾਰਡਰਾਂ ਦੇ ਮੁਖ ਮਾਰਗਾਂ ਤੇ ਸਾਂਤਮਈ ਬੈਠ ਕੇ ਹੀ ਰੋਸ ਪਰਗਟ ਕਰਨਾ ਸ਼ੁਰੂ ਕਰ ਦਿਤਾ। ਭਾਰਤ ਦੇ ਸੰਵਿਧਾਨ ਅੰਦਰ ਲੋਕਾਂ ਨੂੰ ਆਪਣੀਆਂ ਮੰਗਾ ਲਈ ਅਹਿੰਸਕ ਰੋ ਪਰਦਸ਼ਨ ਕਰਨ ਦੇ ਪੂਰਨ ਹੱਕ ਹੈ। ਸਰਕਾਰ ਉਸ ਹੱਕ ਤੇ ਡਾਕਾ ਮਾਰ ਕੇ ਦਿਲੀ ਅੰਦਰ ਦਾਖਲ ਨਹੀਂ ਹੋਣ ਦਿੰਦੀ। ਗੱਲ ਸੁਨਣ ਦੀ ਬਜਾਏ ਡਰਾ ਧਮਕਾ ਕੇ ਲੋਕਾਂ ਦੇ ਹੱਕਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ। ਅੱਜ ਜਦ ਭਾਰਤ ਦੇ ਸਭ ਪ੍ਰਾਂਤਾਂ ਦੇ ਕਿਸਾਨਾਂ ਨੂੰ ਇਸ ਬਾਰੇ ਸੋਝੀ ਆਈ ਤਾਂ ਦੇਸ ਵਿਆਪੀ ਅੰਦੋਲਨ ਬਣ ਗਿਆ। ਸਰਕਾਰ ਨੇ ਆਪਣੇ ਕੋਝੇ ਹਥ ਕੰਡੇ ਜੋ ਹਰ ਵਿਰੋਧ ਨੂੰ ਦਬਾਉਣ ਲਈ ਵਰਤਦੈ ਆਏ ਹਨ ਕਦੀ ਪਾਕਿਸਤੀ, ਕਦੀ ਚੀਨੀ, ਕਦੀ ਖਾਲਸਤਾਨੀ, ਕਦੀ ਟੁਕੜੇ ਟੁਕੜੇ ਗੈਂਗ, ਕਦੀ ਅਰਬਨ ਨਕਸਲੀ,ਕਦੀ ਕਸ਼ਮੀਰੀ ਅਤਿਵਾਦੀ ਵਰਤ ਕੇ ਅੰਦੋਲਣ ਨੂੰ ਬਦਨਾਮ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਦੇਸ ਦੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਹਰ ਪ੍ਰਾਂਤ ਅਤੇ ਹਰ ਧਰਮ ਹਿੰਦੂ ਮੁਸਲਿਮ ਸਿੱਖ ਈਸਾਈ ਬੋਧੀ ਜੈਨੀ ਕਿਸਾਨ ਮਜ਼ਦੂਰ ਨੇ ਇਕ ਜੁਟ ਹੋ ਕੇ ਬਹੁਤ ਵਡਾ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਸ਼ਾਂਤ ਮਈ ਅੰਦੋਲਣ ਚਲਾ ਕੇ ਸਦੀਆਂ ਦਾ ਇਤਿਹਾਸ ਬਣਾ ਦਿਤਾ। ਦੇਸ ਦੇ ਹਰ ਪ੍ਰਾਂਤ ਤੋਂ ਕਿਸਾਨ ਮਜਦੂਰ ਵਹੀਰਾਂ ਘੱਤ ਕੇ ਦਿਲੀ ਅੰਦੋਲਣ ਕਰ ਰਹੇ ਕਿਸਾਨਾਂ ਨਾਲ ਮਿਲਦੇ ਜਾ ਰਹੇ ਹਨ। ਹਰ ਪ੍ਰਾਂਤ ਵਿਚ ਸਰਕਾਰ ਅੰਦੋਲਣ ਨੂੰ ਦਬਾਉਣ ਵਿੱਚ ਲੱਗੀ ਹੈ। ਕਿਸਾਨਾਂ ਦੀ ਫੜੋ ਫੜੀ ਕਰ ਰਹੀ ਹੈ ਇਸ ਦੇ ਬਾਵਜੂਦ ਹਰ ਪ੍ਰਾਂਤ ਤੋਂ ਕਿਸਾਨ ਆ ਕੇ ਸਰਕਾਰ ਦੇ ਕਾਲੇ ਚਿੱਠੇ ਖੌਹਲ ਰਹੇ ਹਨ। ਲੱਖਾਂ ਦੀ ਗਿਣਤੀ ਵਿੱਚ ਲੋਕ ਰੋਸ ਪਰਗਟ ਕਰ ਰਹੇ ਹਨ।ਕਿਸਾਨਾਂ ਨੇ ਦਿਲੀ ਦੇ ਆਸ ਪਾਸ ਦੇ ਸਾਰੇ ਮੁੱਖ ਮਾਰਗਾਂ ਤੇ ਡੇਰੇ ਲਾਏ ਹੋਏ ਹਨ। ਦੇਸ ਦੇ ਲੋਕਾਂ ਤੋਂ ਭਰਭੂਰ ਹਮਾਇਤ ਮਿਲ ਰਹੀ ਹੈ। ਕਿਸਾਨਾਂ ਨੇ ਟਰੈਕਟਰ ਟਰਾਲੀਆਂ ਨੂੰ ਆਪਣੇ ਘਰ ਬਣਾ ਲਏ ਹਨ। ਅਤਿ ਦੀ ਠੰਢ ਵਿਚ ਲੰਮੇ ਸੰਘਰਸ਼ ਦੀ ਤਿਆਰੀ ਕਰਕੇ ਅੰਦੋਲਣ ਕਰ ਰਹੇ ਹਨ। ਖਾਣ ਪੀਣ ਦੀ ਸਪਲਾਈ ਮਗਰੋਂ ਪਿੰਡਾਂ ਵਿਚੋਂ ਨਿਰੰਤਰ ਆ ਰਹੀ ਹੈ। ਇਸ ਅੰਦੋਲਣ ਨੂੰ ਡਾਕਟਰਾਂ, ਵਿਦਿਆਰਥੀਆਂ, ਵਕੀਲਾਂ,ਬੁਧੀਜੀਵੀਆਂ ਦਾ ਵਿਆਪਕ ਸਮਰਥਨ ਮਿਲ ਰਿਹਾ ਹੈ। ਸਰਕਾਰ ਅਪਣੇ ਹੱਥਕੰਡੇ ਵਰਤ ਕੇ ਅੰਦਲਣ ਨੂੰ ਬਦਨਾਮ ਕਰਨ ਤੇ ਲਗੀ ਹੈ ਪਰ ਸਰਕਾਰ ਦਾ ਕੋਈ ਹਥਿਆਰ ਕੰਮ ਨਹੀਂ ਕਰ ਰਿਹਾ।

ਕਿਸਾਨਾਂ ਨੇ ਸਰਕਾਰ ਦੇ ਆਈ ਟੀ ਸੈਲ , ਇਲੈਕਟ੍ਰਾਨਿਕ ਮੀਡੀਆ ,ਪ੍ਰਿੰਟ ਮੀਡੀਆ ਰਾਹੀਂ ਕੂੜ ਪਰਚਾਰ ਰੋਕਣ ਵਾਸਤੇ ਆਪਣਾ ਆਈ ਸੈਲ ਬਣਾ ਲਿਆ ਹੈ ਟਰੌਲੀ ਟਾਈਮਜ਼ ਨਾਂ ਦਾ ਪੰਜਾਬੀ ਅਤੇ ਹਿੰਦੀ ਭਸ਼ਾਵਾਂ ਵਿੱਚ ਅਖਬਾਰ ਕਢਣਾ ਸ਼ੁਰੂ ਕਰ ਲਿਆ ਹੈ ਜਿਸ ਦੀਆਂ ਹਜ਼ਾਰਾਂ ਕਾਪੀਆਂ ਮੁਫਤ ਵੰਡੀਆਂ ਗਈਆਂ ਹਨ। ਅੰਦੋਲਣ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਕਿਸਾਨਾਂ ਨੂੰ ਮੁਚੱਲਕੇ ਭਰਨ ਲਈ ਡਰਾਇਆ ਜਾਂਦਾ ਹੈ ਜਿਸ ਦੀ ਕਿਸਾਨ ਜਥੇਬੰਦੀਆਂ ਵੱਲੋਂ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ। ਕਿਸਾਨਾਂ ਦੀ ਸੁਘੜ ਸਿਆਣੀ ਲੀਡਰਸ਼ਿਪ ਦੀ ਦਾਦ ਦੇਣੀ ਬਣਦੀ ਹੈ ਅਤੇ ਉਸ ਤੋਂ ਵੱਧ ਹਰ ਅੰਦੋਲਣਕਾਰੀ ਬਜ਼ੁਰਗ ,ਬੀਬੀਆਂ ,ਨੌਜਵਾਨਾਂ,ਕਲਾਕਾਰਾਂ ਮਜਦੂਰਾਂ ਆੜਤੀਆਂ,ਵਪਾਰੀਆਂ ਅਤੇ ਦੇਸ ਦੇ ਕੋਨੇ ਕੋਨੇ ਤੋਂ ਹਮਾਇਤ ਵਿੱਚ ਜੁਟੇ ਸਭ ਲੋਕ ਵਿਸ਼ੇਸ਼ ਪ੍ਰਸੰਸਾ ਦੇ ਹਕਦਾਰ ਹਨ। ਸਰਕਾਰ ਤਰਫੋਂ ਖੇਤੀ ਮੰਤਰੀ ਅਤੇ ਵਣਜ ਮੰਤਰੀ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਦੋ ਤਿੰਨ ਵਾਰ ਮੀਟਿੰਗ ਕੀਤੀ ਹੈ। ਕੁਝ ਸੋਧਾਂ ਰਕ ਦੇਣ ਦੀ ਗੱਲ ਕਰਦੇ ਹਨ ਕਿਸਾਨਾਂ ਦੀ ਮੰਗ ਇਹ ਹੈ ਕਿ ਜੇ ਤੁਸੀਂ ਇਹ ਮੰਨਦੇ ਹੋ ਕਿ ਇਹਨਾਂ ਕਾਨੂੰਨਾਂ ਵਿਚ ਤੇਰਾਂ ਚੌਦਾਂ ਨੁਕਸ ਹਨ ਤਾਂ ਸਾਡੀ ਇਕੋ ਇਕ ਮੰਗ ਇਹ ਹੈ ਕਿ ਇਹਨਾਂ ਕਾਨੂੰਨਾਂ ਨੂੰ ਪਾਰਲੀਮੈਂਟ ਦਾ ਸੈਸ਼ਨ ਬੁਲਾ ਕੇ ਵਾਪਸ ਲਿਆ ਜਾਏ ਅਤੇ ਕਿਸਾਨ ਹਿਤਾਂ ਦੀ ਰਾਖੀ ਲਈ ਕਿਸਾਨ ਜਥੇਬੰਦੀਆਂ ਦੇ ਸਲਾਹ ਮਸ਼ਵਰੇ ਨਾਲ ਕਾਨੂੰ ਬਣਾਏ ਜਾਣ। ਸਰਕਾਰ ਨੂੰ ਆਪਣੀ ਫੋਕੀ ਜ਼ਿਦ ਛੱਡ ਕੇ ਕਿਸਾਨਾਂ ਦੀਆਂ ਅਤਿ ਵਾਜਬ ਮੰਗਾਂ ਫੋਰਨ ਮੰਨ ਕਨ ਕੇ ਕਿਸਾਨਾਂ ਮਜ਼ਦੂਰਾਂ ਦੀ ਹਮਦਰਦੀ ਜਿਤਣੀ ਚਾਹੀਦੀ ਹੈ। ਲੋਕਾਂ ਨਾਲ ਵਿਰੋਧਤਾ ਦੇ ਸਾਸ਼ਕਾਂ ਨਾਲ ਹਮੇਸ਼ਾਂ ਨਤੀਜੇ ਦੇਸ ਦੀ ਬਿਹਤਰੀ ਲਈ ਚੰਗੇ ਨਹੀਂ ਹੁੰਦੇ। ਸਾਸ਼ਕ ਹਮੇਸ਼ਾ ਨਹੀਂ ਰਹਿੰਦੇ ਲੋਕ ਹਮੇਸ਼ਾ ਰਹਿੰਦੇ ਹਨ ਜਿਤ ਲੋਕਾਂ ਦੀ ਹੁੰਦੀ ਹੈ।

ਸਾਹਿਰ ਲੁਧਿਆਣਵੀ ਦਾ ਸ਼ੇਅਰ "
ਮੇਰੀ ਸਦਾ ਤਾਂ ਮਿਟ ਸਕਦੀ ਹੈ ਖੈਰ ਮੁਮਕਿਨ ਮਗਰ ਅਵਾਮ ਕੀ ਲਲਕਾਰ ਕੌਣ ਰੋਕੇਗਾ
ਨਏ ਖਿਆਲੋਂ ਕੀ ਪਰਵਾਜ਼ ਰੋਕਨੇ ਵਾਲੋ ਨਏ ਜ਼ਮਾਨੇ ਕੀ ਤਲਵਾਰ ਕੌਣ ਰੋਕੇਗਾ

ਜੈ ਕਿਸਾਨ

## ਅਸੀਂ ਫਿਰ ਇਤਿਹਾਸ ਲਿਖਾਂਗੇ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ

31 ਦਸੰਬਰ 1600 ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਕਾਗਜ਼ ਤਿਆਰ ਹੋ ਕੇ ਮੋਹਰ ਲਗੀ ਸੀ। ਅੰਗਰੇਜ਼ਾਂ ਨੇ ਬਹੁਤ ਸਾਰੇ ਬੰਦੇ ਇਕੱਠੇ ਕੀਤੇ ,ਯੋਜਨਾ ਬਣਾਈ ਗਈ। ਬਹੁਤ ਵੱਡੀ ਟੀਮ ਤਿਆਰ ਕੀਤੀ ਗਈ। ਸਰ ਵਿਲੀਅਮ ਹਾਵਕਿਨਸ ਨੂੰ ਇਸ ਦਾ ਮੁਖੀ ਬਣਾਇਆ ਗਿਆ । ਸਾਰੀਆਂ ਸਕੀਮਾਂ ਤਿਆਰ ਕਰਕੇ 1608 ਈਸਵੀ ਨੂੰ ਜਹਾਂਗੀਰ ਦੇ ਦਰਬਾਰ ਵਿੱਚ ਪੇਸ਼ ਹੋਇਆ। ਜਦੋ ਇਹਨਾਂ ਨੇ ਵਪਾਰ ਦੀ ਇਜ਼ਾਜ਼ਤ ਮੰਗੀ। ਉਸ ਸਮੇ ਜਹਾਂਗੀਰ ਨੇ ਕੋਰਾ ਜਬਾਬ ਦੇ ਦਿੱਤਾ। ਕਿਹਾ ਬਿਲਕੁਲ ਮੈ ਤੁਹਾਨੂੰ ਇਥੇ ਵਪਾਰ ਕਰਨ ਦੀ ਇਜ਼ਾਜ਼ਤ ਨਹੀਂ ਦੇਵਾਂਗਾ .ਅੰਗਰੇਜ਼ ਫਿਰ ਪੂਰੇ ਸੱਤ ਸਾਲ ਸਕੀਮਾਂ ਘੜ੍ਹਦੇ ਰਹੇ ਕਿ ਕਿਵੇਂ ਜਹਾਂਗੀਰ ਨੂੰ ਮਨਾਇਆ ਜਾਵੇ .ਅਖੀਰ 1615 ਈਸਵੀ ਵਿੱਚ ਸਰ ਥੋਮਸ ਰਾਓ ਜਹਾਂਗੀਰ ਦੇ ਦਰਬਾਰ ਵਿੱਚ ਪੇਸ਼ ਹੋਇਆ .ਇਸ ਤੋਂ ਪਹਿਲਾਂ ਜਹਾਂਗੀਰ ਦੇ ਸਾਰੇ ਦਰਬਾਰੀ ਅੰਗਰੇਜ਼ਾਂ ਨੇ ਖਰੀਦ ਲਏ ਸੀ .ਲਾਲਚੀ ਦਰਬਾਰੀਆਂ ਨੇ ਜਹਾਂਗੀਰ ਦੇ ਕੰਨ ਭਰ ਦਿਤੇ .ਕਿਹਾ ਬਾਦਸ਼ਾਹ ਇਹ ਮਾਲ ਬਣਾਉਣਗੇ ਫਿਰ ਵੇਚਣਗੇ .ਆਪਾਂ ਨੂੰ ਫਿਰ ਫਰੀ ਟੈਕਸ ਮਿਲੇਗਾ ,ਵਿਹਲੇ ਬਹਿ ਕੇ ਖਾਵਾਂਗੇ ,ਬੁਲੇ ਲੁਟਾਂਗੇ .ਇਸ ਲਾਲਚ ਵਿਚ ਆ ਕੇ ਜਹਾਂਗੀਰ ਮੰਨ ਗਿਆ। ਇਸ ਵੱਡੇ ਕਾਰਪੋਰੇਟ ਨੂੰ ਵਪਾਰ ਕਰਨ ਦੀ ਇਜ਼ਾਜ਼ਤ ਦੇ ਦਿੱਤੀ। ਦੇਸ਼ ਵਿੱਚ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਅਗੇ ਵੱਧਦੇ ਗਏ .ਕਲਕੱਤਾ ਤੋਂਸ਼ੁਰੂਆਤ ਕੀਤੀ ਤੇ ਹੋਲੀ ਪੂਰੇ ਭਾਰਤ ਵਰਸ਼ ਤੇ ਆਪਣਾ ਰਾਜ ਕਾਇਮ ਕਰ ਲਿਆ .ਉਹਨਾਂ ਨੇ ਇਕ ਵਾਰ ਪੈਰ ਇਥੇ ਟਿਕਾਅ ਲਏ ਫਿਰ ਸ਼ਹਾਦਤਾਂ ਹੀ ਸ਼ਹਾਦਤਾਂ ਦੇਣੀਆਂ ਪਈਆ। ਪੂਰੇ ਸਵਾ ਦੋ ਸੌ ਸਾਲ ਬਾਹਦ ਇਸ ਕਾਰਪੋਰੇਟ ਘਰਾਣੇ ਨੂੰ ਇਜ਼ਾਜ਼ਤ ਦੇਣ ਵਾਲੇ ਜਹਾਂਗੀਰ ਦੀ ਪੀੜ੍ਹੀ ਚੋ ਬਹਾਦਰ ਸ਼ਾਹ ਜ਼ਫ਼ਰ ਰਹਿ ਗਿਆ ਸੀ। ਜੋ ਕਾਰਪੋਰੇਟ ਘਰਾਣਿਆਂ ਤੋਂ ਪੈਨਸ਼ਨ ਲੈਣ ਲਈ ਹਾੜ੍ਹੇ ਕਢਦਾ ਰਿਹਾ .ਅੰਗਰੇਜ਼ਾਂ ਨੇ ਬਹਾਦਰ ਸ਼ਾਹ ਜ਼ਫ਼ਰ ਨੂੰ ਰੰਗੂਨ ਦੀ ਜੇਲ੍ਹ ਵਿੱਚ ਤਰਸਾ ਤਰਸਾ ਕੇ ,ਤੇ ਤੜਫਾ ਤੜਫਾ ਤੜਫਾ ਕੇ ਮਾਰਿਆ .ਦਰਬਾਰੀ ਜਹਾਂਗੀਰ ਦੇ ਰਾਜ਼ ਵਿਚ ਵੀ ਨਜ਼ਾਰੇ ਲੁਟਦੇ ਸੀ। ਫਿਰ ਅੰਗਰੇਜ਼ਾਂ ਵੇਲੇ ਗਦਾਰ ਬਣਕੇ ਵੀ ਨਜ਼ਾਰੇ ਲੈਂਦੇ ਰਹੇ। ਉਹੀ ਗਦਾਰ ਅੱਜ ਵੀ ਮੰਤਰੀ ਬਣ ਕੇ ਨਜ਼ਾਰੇ ਲੁੱਟ ਰਹੇ ਹਨ।

ਕਿਸਾਨ ਵੀਰੋ ਤੁਸੀਂ ਅੱਜ ਆਪਣੀ ਜਮੀਨ ਦੇ ਮਾਲਕ ਹੋ। ਤੁਸਾਂ ਆਪਣੇ ਹੱਕਾਂ ਦੀ ਰਾਖੀ ਆਪ ਕਰਨੀ ਹੈ। ਭੁੱਲ ਕੇ ਵੀ ਜਹਾਂਗੀਰ ਵਾਲੀ ਗਲਤੀ ਨਾ ਕਰਿਓ ਬਥੇਰੇ ਸਰਕਾਰੀ ਚਮਚੇ ਤੁਹਾਡੇ ਕੰਨ ਭਰਨ ਦੀ ਕੋਸਿਸ ਕਰਨਗੇ। ਇਸ ਦੁਨੀਆਂ ਵਿੱਚ ਵਿਚੋਲਿਆ ਦੀ ਕੋਈ ਘਾਟ ਨਹੀਂ .ਖਰੀਦਣ ਦੀ ਕੋਸਿਸ ਕਰਨਗੇ ਬਹੁਤ ਲਾਰੇ ਲਾਉਣਗੇ। ਅੱਤਵਾਦੀ, ਵਖਵਾਦੀ, ਨਕਸਲਵਾਦੀ, ਮਾਓਵਾਦੀ ਪਤਾ ਨਹੀਂ ਕਿਹੜੇ ਨਾਵਾਂ ਨਾਲ ਤੁਹਾਨੂੰ ਨਿਵਾਜ਼ਿਆ ਜਾਵੇਗਾ। ਪਰ ਨਹੀਂ, ਕਦੇ ਪੰਜਾਬ ਇੱਕਲਾ ਹੀ ਮਾਨ ਨਹੀਂ ਸੀ ਹੁੰਦਾ ਅੱਜ ਤਾਂ ਸਾਰਾ ਦੇਸ਼ ਕਿਸਾਨਾਂ ਦੇ ਨਾਲ ਹੈ। ਇਹ ਕਿਸਾਨ ਲਹਿਰ ਦੇਸ਼ ਦਾ ਭਵਿਖ ਬਦਲ ਕੇ ਰੱਖ ਦੇਵੇਗੀ। ਤੁਸੀਂ ਹੌਸਲੇ ਬੁਲੰਦ ਰੱਖਿਓ ਸਮਾਂ ਕੋਰਾ ਕਾਗਜ਼ ਲਈ ਤੁਹਾਡੇ ਸਾਹਮਣੇ ਖੜ੍ਹਾ ਹੈ। ਅਸੀਂ ਫਿਰ ਇਤਿਹਾਸ ਲਿਖਾਂਗੇ।

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
(ਫਿਰੋਜ਼ਪੁਰ)7589155501

## ਹਲਕਾ ਫੁਲਕਾ

ਮਜ਼ਹਰ ਆਪਣੀ ਪਤਨੀ ਤੋਂ ਬੜਾ ਪ੍ਰੇਸ਼ਾਨ ਸੀ। ਉਹ ਪਰਮਲ ਬਾਬਾ ਕੋਲ ਗਿਆ ਅਤੇ ਬੋਲਿਆ, "ਬਾਬਾ, ਮੇਰੀ ਪਤਨੀ ਕਦੋਂ ਸੁਧਰੇਗੀ? ਬੜਾ ਕੁੱਟਦੀ ਹੈ।"

ਬਾਬਾ, "ਪਤਨੀ ਨੂੰ ਨਾਲ ਲਿਆਏ ਹੋ?"

ਮਜ਼ਹਰ, "ਨਹੀਂ, ਅਜੇ ਤਾਂ ਨਹੀਂ ਲਿਆਇਆ।"

ਬਾਬਾ, "ਲਿਆ ਗੱਲ੍ਹ ਦਿਖਾ ਆਪਣੀ।"

ਮਜ਼ਹਰ, "ਉਹ ਕਿਉਂ ਬਾਬਾ?"

ਬਾਬਾ, "ਉਸ ਦੇ ਹੱਥ ਦੀਆਂ ਲਕੀਰਾਂ ਦੇਖਣੀਆਂ ਹਨ।"

*********

ਟੀਚਰ, "ਲੋਫਰ ਅਤੇ ਆਫਰ 'ਚ ਕੀ ਫਰਕ ਹੁੰਦਾ ਹੈ?"

ਵਿਦਿਆਰਥੀ, "ਵੈਰੀ ਸਿੰਪਲ ਮੈਡਮ, ਆਈ ਲਵ ਯੂ ਜੇ ਮੁੰਡਾ ਬੋਲੇ ਤਾਂ ਲੋਫਰ ਅਤੇ ਕੁੜੀ ਬੋਲੇ ਤਾਂ ਆਫਰ।"

*********

ਰਾਹੁਲ, "ਵਿਆਹ ਤੋਂ ਪਹਿਲਾਂ ਤਾਂ ਇਸ਼ਕ ਰਹਿੰਦਾ ਹੈ।"

ਰੋਹਿਤ, "...ਅਤੇ ਵਿਆਹ ਤੋਂ ਬਾਅਦ?"

ਰਾਹੁਲ, "'ਇ' ਨਿਕਲ ਜਾਂਦਾ ਹੈ ਅਤੇ ਸਿਰਫ ਸ਼ੱਕ ਬਾਕੀ ਰਹਿ ਜਾਂਦਾ ਹੈ।"

# ਕੈਪਟਨ ਅਮਰਿੰਦਰ ਨੇ ਕੇਜਰੀਵਾਲ ਨੂੰ ਕਿਹਾ: ਤਮੀਜ਼ ਦੀ ਹੱਦ ਪਾਰ ਨਾ ਕਰੋ

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਤਮੀਜ਼ ਦੀ ਹੱਦ ਪਾਰ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਹੇਠਲੇ ਦਰਜੇ ਵਾਲੀ ਹੈ।

ਕੱਲ੍ਹ ਏਥੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਬੀਤੇ ਦਿਨੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੀਟਿੰਗ ਦੌਰਾਨ ਸਿਰਫ ਕੌਮੀ ਸੁਰੱਖਿਆ ਬਾਰੇ ਵਿਚਾਰ-ਵਟਾਂਦਰਾ ਕੀਤਾ ਸੀ ਅਤੇ ਸਰਹੱਦੀ ਸੂਬੇ ਦੇ ਮੁੱਖ ਮੰਤਰੀ ਦੇ ਤੌਰ ਉੱਤੇ ਅਤੇ ਪੰਜਾਬ ਦਾ ਗ੍ਰਹਿ ਮੰਤਰਾਲਾ ਵੀ ਉਨ੍ਹਾਂ ਕੋਲ ਹੋਣ ਕਰ ਕੇ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੂਬੇ ਵਿੱਚ ਚੱਲ ਰਹੀਆਂ ਸਰਗਰਮੀਆਂ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਜਾਣੂ ਕਰਵਾਉਣ। ਉਨ੍ਹਾਂ ਕਿਹਾ ਕਿ ਇਸ ਬਾਰੇ ਆਮ ਆਦਮੀ ਪਾਰਟੀ ਦੇ ਕਨਵੀਨਰ ਵੱਲੋਂ ਲਾਏ ਗਏ ਦੋਸ਼ ਬੇਬੁਨਿਆਦ ਤੇ ਸਿਆਸਤ ਤੋਂ ਪ੍ਰੇਰਤ ਹਨ ਅਤੇ ਇਸ ਗੱਲ ਵਿੱਚ ਕੋਈ ਸੱਚਾਈ ਨਹੀਂ ਕਿ ਉਹ ਆਪਣੇ ਪਰਵਾਰ ਦੇ ਮੈਂਬਰਾਂ 'ਤੇ ਚੱਲਦੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਕੇਸਾਂ ਦੇ ਸਬੰਧ ਵਿੱਚ ਅਮਿਤ ਸ਼ਾਹ ਨੂੰ ਮਿਲਣ ਗਏ ਸਨ। ਉਨ੍ਹਾਂ ਨੇ ਆਮ ਆਦਮੀ ਪਾਰਟੀ ਬਾਰੇ ਕਿਹਾ ਕਿ



ਇਸ ਪਾਰਟੀ ਦੇ ਆਗੂ ਸਿਆਸਤ ਚਮਕਾਉਣ ਲਈਝੂਠ ਅਤੇ ਫਰੇਬ ਦਾ ਸਹਾਰਾ ਲੈ ਰਹੇ ਹਨ।ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਉੱਤੇ ਈ ਡੀ ਨੇ ਕੋਈ ਕੇਸ ਦਰਜ ਨਹੀਂ ਕੀਤਾ, ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਵਾਲਾ ਕੇਸ ਵੀਬੀਤੇਇੱਕ ਦਹਾਕੇ ਤੋਂ ਕੇਸ ਚੱਲ ਰਿਹਾ ਹੈ ਅਤੇ ਇਹ ਕੇਸ (ਵਿਦੇਸ਼ੀ ਕਰੰਸੀ ਕਾਨੂੰਨ) ਫੇਮਾ ਐਕਟ ਦੇ ਅਧੀਨ ਹੈ, ਜੋ ਸਿਵਲ ਤੇ ਵਿੱਤੀ ਮਾਮਲਿਆਂ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਆਮਦਨ ਟੈਕਸ ਵਿਭਾਗ ਉਨ੍ਹਾਂ ਦੇ ਪਰਵਾਰ ਨੂੰ ਬਦਲਾਖੋਰੀ ਲਈ ਨਿਸ਼ਾਨਾ ਬਣਾ ਰਿਹਾ ਹੈ ਤੇ ਏਥੋਂ ਤੱਕ ਕਿ ਉਨ੍ਹਾਂ ਦੇ ਦੋ ਛੋਟੇ ਪੋਤਿਆਂ ਤੇ ਪੋਤੀ ਨੂੰ ਵੀ ਨਹੀਂ ਬਖਸ਼ਿਆ ਅਤੇ ਉਨ੍ਹਾ ਨੂੰ ਮਨੀ ਲਾਂਡਰਿੰਗ ਐਕਟ ਦੇ ਨੋਟਿਸ ਜਾਰੀ ਕੀਤੇ ਗਏ ਹਨ ਤੇ ਇਸ ਨਾਲ ਕਾਨੂੰਨੀ ਤਰੀਕੇ ਨਾਲ ਨਜਿੱਠਿਆ ਜਾ ਰਿਹਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਜਰੀਵਾਲ ਜਿਹਾ ਸਿਆਸਤਦਾਨ ਹੀ ਅਜਿਹੇ ਮਨਘੜਤ ਦੋਸ਼ ਲਾ ਸਕਦਾ ਹੈ, ਪਰ ਦਿੱਲੀ ਦੇ ਕੇਜਰੀਵਾਲ ਵੱਲੋਂ ਪੇਸ਼ ਕੀਤੀ ਗਈ ਤਸਵੀਰ ਹਕੀਕਤਾਂ ਤੋਂ ਬਿਲਕੁਲ ਉਲਟ ਹੈ। ਉਨ੍ਹਾਂ ਨੇ ਕਿਹਾ ਕਿ ਕੇਜਰੀਵਾਲ ਨੂੰ ਸ਼ਿਸ਼ਟਾਚਾਰ ਦੀ ਹੱਦ ਪਾਰ ਨਹੀਂ ਕਰਨੀ ਚਾਹੀਦੀ।

# ਸੁਮੇਧ ਸਿੰਘ ਸੈਣੀ ਖਿਲਾਫ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਚਾਰਜਸ਼ੀਟ ਪੇਸ਼

ਮੋਹਾਲੀ, 23 ਦਸੰਬਰ (ਪੋਸਟ ਬਿਊਰੋ)- ਚੰਡੀਗੜ੍ਹ ਸਿਟਕੋ ਦੇ ਜੇ ਈ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਉਸ ਦੀ ਲਾਸ਼ ਖੁਰਦ-ਬੁਰਦ ਕਰਨ ਦੇ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਵੱਲੋਂ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇ ਖਿਲਾਫ ਧਾਰਾ 302, 364, 201, 344, 330, 219 ਅਤੇ 120 ਬੀ ਹੇਠ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਚਾਰਜਸ਼ੀਟ ਪੇਸ਼ ਕਰ ਦਿੱਤੀ ਗਈ ਹੈ। ਇਸ ਕੇਸ ਵਿੱਚ ਜਾਂਚ ਟੀਮ ਨੇ ਸਾਬਕਾ ਇੰਸਪੈਕਟਰ ਜਗੀਰ ਸਿੰਘ ਅਤੇ ਥਾਣੇਦਾਰ ਕੁਲਦੀਪ ਸਿੰਘ ਨੂੰ ਵਾਅਦਾ ਮੁਆਫ ਗਵਾਹ ਬਣਾਇਆ ਹੈ।

ਵਰਨਣ ਯੋਗ ਹੈ ਕਿ ਜਾਂਚ ਟੀਮ ਨੇ ਭਾਵੇਂ ਸਾਬਕਾ ਡੀ ਐਸ ਪੀ, ਆਈ ਪੀ ਸਿੰਘ ਨੂੰ ਨਾਮਜ਼ਦ ਕਰ ਲਿਆ



ਹੈ, ਪਰ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਉਸ ਦੇ ਖਿਲਾਫ ਜਾਰੀ ਕਰਵਾਏ ਗ੍ਰਿਫਤਾਰੀ ਵਾਰੰਟਾਂ ਉਤੇ 15 ਜਨਵਰੀ 2021 ਤੱਕ ਰੋਕ ਲੱਗ ਗਈ ਹੈ। ਉਕਤ ਡੀ ਐਸ ਪੀ ਕੈਨੇਡਾ ਗਿਆ ਹੋਇਆ ਹੈ ਅਤੇ ਉਸ ਦੀ ਨੌਂ ਜਨਵਰੀ ਨੂੰ ਭਾਰਤ ਵਾਪਸੀ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਸੁਮੇਧ ਸੈਣੀ ਨੂੰ 22 ਜਨਵਰੀ ਲੇਈ ਨੋਟਿਸ ਜਾਰੀ ਕੀਤਾ ਹੈ।

ਸੁਪਰੀਮ ਕੋਰਟ ਤੋਂ ਮਿਲੀ ਅਗਾਊਂ ਜ਼ਮਾਨਤ ਦੇ ਬਾਅਦ ਸੁਮੇਧ ਸੈਣੀ ਨਾ ਐਸ ਆਈ ਟੀ ਸਾਹਮਣੇ ਪੇਸ਼ ਹੋਇਆ ਤੇ ਨਾ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਜ਼ਮਾਨਤੀ ਬਾਂਡ ਭਰੇ ਹਨ। ਐਸ ਆਈ ਦੇ ਅਨੁਸਾਰ ਪਲਵਿੰਦਰ ਸਿੰਘ ਮੁਲਤਾਨੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸ ਦੇ ਭਰਾ ਬਲਵੰਤ ਸਿੰਘ ਮੁਲਤਾਨੀ ਨੂੰ ਦਸੰਬਰ 1990 ਦੀ ਸਵੇਰੇ ਉਸ ਵਕਤਦੇ ਚੰਡੀਗੜ੍ਹ ਦੇ ਐਸ ਐਸ ਪੀ ਸੁਮੇਧ ਸਿੰਘ ਸੈਣੀ ਦੇ ਹੁਕਮਾਂ ਉਤੇ ਡੀ ਐਸ ਪੀ ਬਲਦੇਵ ਸਿੰਘ ਸੈਣੀ ਅਤੇ ਹੋਰਨਾਂ ਨੇ ਫੇਜ਼-7 ਵਾਲੇ ਘਰ 'ਚੋਂ ਉਠਾ ਲਿਆ ਸੀ। ਸ਼ਿਕਾਇਤਕਰਤਾ ਅਨੁਸਾਰ ਚੰਡੀਗੜ੍ਹ ਪੁਲਸ ਵੱਲੋਂ ਉਸ ਸਮੇਂ ਉਸ ਦੇ ਭਰਾ ਬਲਵੰਤ ਸਿੰਘ ਮੁਲਤਾਨੀ ਸਮੇਤ ਸਾਰਿਆਂ ਨੂੰ ਟਾਰਚਰ ਕੀਤਾ ਗਿਆ ਅਤੇ ਉਸ ਦੇ ਭਰਾ ਨੂੰ ਸੈਣੀ 'ਤੇ ਹੋਏ ਹਮਲੇ ਵਿੱਚ ਗ੍ਰਿਫਤਾਰ ਕੀਤਾ ਵੀ ਦਿਖਾਇਆ ਗਿਆ ਸੀ।

# ਚੋਣ ਕਮਿਸ਼ਨਰ ਵੱਲੋਂ ਚੋਣਾਂ ਦੌਰਾਨ ਉਮੀਦਵਾਰਾਂ ਦੇ ਖਰਚ ਦੀ ਹੱਦ 'ਚ 10 ਫੀਸਦੀ ਵਾਧਾ

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਇੱਕ ਪੱਤਰ ਜਾਰੀ ਕਰਕੇ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਲੜ ਰਹੇ ਉਮੀਦਵਾਰਾਂ ਲਈ ਚੋਣਾਂ ਦੇ ਖਰਚ ਕਰਨ ਦੀ ਹੱਦ ਵਿੱਚ 10 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਇਸ ਖਰਚ ਦਾ ਵਾਧਾ ਇਸ ਸਮੇਂ ਹੋ ਰਹੀਆਂ ਚੋਣਾਂ 'ਚ ਲਾਗੂ ਹੋਵੇਗਾ।

ਪੰਜਾਬ ਰਾਜ ਦੇ ਮੁੱਖ ਚੋਣ ਅਫਸਰ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਦੋ ਮੈਂਬਰੀ ਇੱਕ ਕਮੇਟੀ ਬਣਾਈ ਗਈ ਹੈ। ਉਨ੍ਹਾ ਦੱਸਿਆ ਹੈ ਕਿ ਪੰਜਾਬ ਰਾਜ ਵਿੱਚ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰ 70 ਲੱਖ ਰੁਪਏ ਦੀ ਥਾਂ 77 ਲੱਖ ਰੁਪਏ ਖਰਚ ਕਰ ਸਕਣਗੇ, ਜਦਕਿ ਵਿਧਾਨ ਸਭਾ ਚੋਣਾਂ ਲੜਨ ਵਾਲੇ ਉਮੀਦਵਾਰ 28 ਲੱਖ ਦੀ ਥਾਂ 30.80 ਲੱਖ ਰੁਪਏ ਖਰਚ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਹਰੀਸ਼ ਕੁਮਾਰ ਸਾਬਕਾ ਆਈ ਆਰ ਐਸ ਅਤੇ ਡੀ ਜੀ ਇਨਵੈਸਟੀਗੇਸ਼ਨ, ਉਮੇਸ਼ ਸਿਨਹਾ, ਸਕੱਤਰ ਜਨਰਲ ਅਤੇ ਡੀ ਜੀ ਐਕਸਪੈਂਡੀਚਰ 'ਤੇ ਆਧਾਰਤ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਹਰ ਰਾਜ 'ਚ ਵੋਟਰਾਂ ਦੀ ਗਿਣਤੀ ਤੇ ਉਸ ਅਨੁਪਾਤ 'ਚ ਆਉਣ ਵਾਲੇ ਖਰਚ ਦਾ ਅਨੁਮਾਨ ਲਾਏਗੀ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਉਪਰੋਕਤ ਤੋਂ ਇਲਾਵਾ ਹੋਰ ਸੰਭਾਵੀ ਸਬੰਧਤ ਵਿਸ਼ਿਆਂ ਦਾ ਵੀ ਮੁਲਾਂਕਣ ਕਰੇਗੀ ਅਤੇ ਆਪਣੀ ਰਿਪੋਰਟ ਕਮੇਟੀ ਦੇ ਬਣਨ ਤੋਂ 120 ਦਿਨਾਂ ਵਿੱਚ ਪੇਸ਼ ਕਰੇਗੀ।

# ਬੱਚੇ ਵੇਚਣ ਵਾਲੇ ਠੇਕੇਦਾਰ ਦਾ ਸਾਲਾ ਬਿਹਾਰ 'ਚੋਂ ਗ੍ਰਿਫਤਾਰ

ਜਲੰਧਰ, 23 ਦਸੰਬਰ (ਪੋਸਟ ਬਿਊਰੋ)- ਬਿਹਾਰ ਤੋਂ ਬੱਚੇ ਲਿਆ ਕੇ ਵੇਚਣ ਦੇ ਕੇਸ ਵਿੱਚ ਮੁੱਖ ਦੋਸ਼ੀ ਠੇਕੇਦਾਰ ਪ੍ਰਵੇਸ਼ ਸਦਾ ਦੇ ਸਾਲੇ ਮਨੂ ਸਦਾ ਨੂੰ ਬਿਹਾਰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਪ੍ਰਵੇਸ਼ ਸਦਾ ਦੇ ਕਹਿਣ 'ਤੇ ਮਨੂ ਇਸ ਕੇਸ ਦੇ ਸ਼ਿਕਾਇਤਕਰਤਾ ਬਿਹਾਰ ਦੇ ਜ਼ਿਲ੍ਹਾ ਖਗੜੀਆ ਦੇ ਮੋਹਨ ਸਦਾ ਦੇ ਪੁੱਤਰ ਦਿਲਖੁਸ਼ ਨੂੰ ਛੱਡਣ ਗਿਆ ਸੀ।

ਇਸ ਬਾਰੇ ਜਲੰਧਰ ਤੋਂ ਬਚਪਨ ਬਚਾਓ ਅੰਦੋਲਨ ਦੇ ਦਿਨੇਸ਼ ਕੁਮਾਰ ਨੇ ਬਿਹਾਰ ਦੇ ਜ਼ਿਲ੍ਹਾ ਖਗੜੀਆ ਦੇ ਥਾਣਾ ਚੌਥਾਨ ਦੀ ਪੁਲਸ ਨੂੰ ਪਹਿਲਾਂ ਹੀ ਇਸ ਦੀ ਸੂਚਨਾ ਦੇ ਦਿੱਤੀ ਸੀ ਕਿ ਪ੍ਰਵੇਸ਼ ਸਦਾ ਖੁਦ ਜਾਂ ਕਿਸੇ ਹੋਰ ਦੇ ਰਾਹੀਂ ਮੋਹਨ ਦੇ ਬੇਟੇ ਨੂੰ ਛੱਡਣ ਆ ਰਿਹਾ ਹੈ। ਇਸ ਲਈ ਉਥੋਂ ਦੀ ਪੁਲਸ ਨੇ ਪਹਿਲਾਂ ਤੋਂ ਟਰੈਪ ਲਾ ਦਿੱਤਾ ਸੀ। ਜਦੋਂ ਦੇਰ ਰਾਤ ਮਨੂ ਸਦਾ ਦਿਲਖੁਸ਼ ਅਤੇ ਉਸ ਦੇ ਇੱਕ ਹੋਰ ਸਾਥੀ ਨੂੰ ਲੈ ਕੇ ਉਨ੍ਹਾਂ ਦੇ ਘਰ ਗਿਆ ਤਾਂ ਉਥੇ ਬੈਠੀ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਜਾਂਚ ਵਿੱਚ ਪਤਾ ਲੱਗਾ ਕਿ ਪ੍ਰਵੇਸ਼ ਸਦਾ ਨੇ ਹੀ ਉਸ ਨੂੰ ਭੇਜਿਆ ਸੀ।

# ਪੰਜਾਬ ਵਿੱਚੋਂ ਵੀ ਬੁਲੇਟ ਟਰੇਨ ਲੰਘੇਗੀ

ਲੁਧਿਆਣਾ, 23 ਦਸੰਬਰ (ਪੋਸਟ ਬਿਊਰੋ)- ਭਾਰਤੀ ਰੇਲਵੇ ਵੱਲੋਂ ਕੌਮੀ ਰੇਲ ਯੋਜਨਾ ਹੇਠ ਦੇਸ਼ ਅੰਦਰ 12 ਬੁਲੇਟ ਰੇਲ ਗਲਿਆਰੇ ਬਣਾਉਣ ਦੀ ਤਜਵੀਜ਼ ਦੇ ਤਹਿਤ ਰੇਲਵੇ ਦਾ 2051 ਤੱਕ ਹਰ ਪੱਖੋਂ ਸੁਧਾਰ ਕਰਨ ਤੇ ਨਵੀਆਂ ਰੇਲਾਂ ਚਲਾਉਣ ਦੀ ਯੋਜਨਾ ਹੈ। ਰੇਲਵੇ ਨੇ ਰੇਲ ਯੋਜਨਾ ਨੂੰ ਅੰਤਿਮ ਰੂਪ 2021 ਜਨਵਰੀ ਤੱਕ ਦੇਣ ਲਈ ਟੀਚਾ ਮਿੱਥਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ-ਵਾਰਾਣਸੀ ਤੇਜ਼ ਗਤੀ ਵਾਲੀ ਰੇਲ ਦਾ ਇੱਕ ਸਰਵੇਖਣ ਪਹਿਲਾਂ ਚੱਲ ਰਿਹਾ ਹੈ। ਨਵੀਂ ਰੇਲ ਨੀਤੀ ਹੇਠ ਦੋ ਸ਼ਹਿਰਾਂ ਦੇ ਜੋੜਾਂ ਲਈ ਤੇਜ਼ ਰਫ਼ਤਾਰ ਰੇਲਾਂ ਚਲਾਉਣ ਦਾ ਫ਼ੈਸਲਾ ਕੀਤਾ ਜਾਵੇਗਾ। ਹਰ ਸ਼ਹਿਰ 'ਚ ਘੱਟੋ-ਘੱਟ 10 ਲੱਖ ਦੀ ਆਬਾਦੀ ਅਤੇ 300 ਤੋਂ 700 ਕਿਲੋਮੀਟਰ ਦੂਰੀ ਵਿੱਚ ਇਹ ਤੇਜ਼ ਰਫ਼ਤਾਰ ਰੇਲ ਗੱਡੀਆਂ ਚਲਾਈਆਂ ਜਾਣਗੀਆਂ। ਰੇਲਵੇ ਵੱਲੋਂ ਸ਼ਹਿਰ ਦੀ ਜੀ ਡੀ ਪੀ, ਭੀੜ ਦੇ ਉਚੇਰੇ ਪੱਧਰ, ਦੋ ਸ਼ਹਿਰਾਂ ਦੇ ਜੋੜਿਆਂ ਵਿਚਾਲੇ ਯਾਤਰੀਆਂ ਦਾ ਰੁਝਾਨ, ਏ ਸੀ ਰੇਲ ਅਤੇ ਹਵਾਈ ਯਾਤਰਾਵਾਂ, 50 ਫ਼ੀਸਦੀ ਤੋਂ ਵੱਧ ਦੇ ਏ ਸੀ ਯਾਤਰੀ ਹਿੱਸੇ ਵਾਲੇ ਗਲਿਆਰੇ ਦੀ ਪਛਾਣ ਕੀਤੀ ਗਈ ਹੈ। ਜਿਹੜੇ ਸ਼ਹਿਰ ਇਹ ਮਾਪਦੰਡ ਪੂਰੇ ਹੋਣਗੇ, ਉਨ੍ਹਾਂ ਵਿੱਚ ਕੌਮੀ ਰੇਲ ਯੋਜਨਾ ਤਹਿਤ ਤੇਜ਼ ਗਤੀ ਵਾਲੇ ਰੇਲ ਕੋਰੀਡੋਰ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਯੋਜਨਾ ਹੇਠ ਦਿੱਲੀ-ਚੰਡੀਗੜ੍ਹ-ਲੁਧਿਆਣਾ-ਜਲੰਧਰ-ਅੰਮ੍ਰਿਤਸਰ ਐਚ ਐਸ ਆਰ ਕੋਰੀਡੋਰ ਨੂੰ ਖੇਤਰੀ ਸੰਪਰਕ ਵਧਾਉਣ ਅਤੇ ਜੰਮੂ ਅਤੇ ਪਠਾਨਕੋਟ ਦੇ ਖੇਤਰ ਨੂੰ ਆਰਥਿਕ ਹੁਲਾਰਾ ਦੇਣ ਲਈ ਪਠਾਨਕੋਟ ਦੇ ਰਸਤੇ ਜੰਮੂ ਤੱਕ ਵਧਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹ ਪ੍ਰਾਜੈਕਟ ਵੈਸ਼ਨੋ ਦੇਵੀ ਅਸਥਾਨ ਅਤੇ ਹੋਰ ਸਥਾਨਾਂ ਦੀ ਧਾਰਮਿਕ ਯਾਤਰਾ ਦੀ ਸੰਭਾਵਨਾ ਨੂੰ ਵੀ ਪੂਰਾ ਕਰੇਗਾ। ਦਿੱਲੀ-ਆਗਰਾ-ਕਾਨਪੁਰ-ਲਖਨਊ-ਵਾਰਾਣਸੀ ਕੋਰੀਡੋਰ ਨੂੰ ਧਾਰਮਿਕ ਯਾਤਰਾ ਦੀ ਸੰਭਾਵਨਾ ਕਾਰਨ ਅਯੁੱਧਿਆ ਦੇ ਰਸਤੇ ਜਾਣ-ਆਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਦਿੱਲੀ-ਆਗਰਾ-ਕਾਨਪੁਰ-ਲਖਨਾਊ-ਵਾਰਾਣਸੀ ਐਚ ਐਸ ਆਰ ਲਾਂਘੇ ਨੂੰ ਪਟਨਾ ਅਤੇ ਕੋਲਕਾਤਾ ਨਾਲ ਜੋੜਨ ਲਈ ਅੱਗੇ ਵਧਾਉਣ, ਪਟਨਾ ਤੋਂ ਗੁਹਾਟੀ ਤੱਕ ਵਾਧੂ ਐਚ ਐਸ ਆਰ ਲਾਈਨ, ਕਟਿਹਾਰ ਤੇ ਨਵੀਂ ਜਲਪਾਈਗੁੜੀ ਅਤੇ ਗੁਹਾਟੀ ਨੂੰ ਦਿੱਲੀ ਨਾਲ ਜੋੜਿਆ ਜਾਵੇਗਾ, ਮੁੰਬਈ ਹੈਦਰਾਬਾਦ ਐਚ ਐਸ ਆਰ ਲਾਈਨ ਨੂੰ ਵਧਾ ਕੇ ਹੈਦਰਾਬਾਦ ਤੇ ਬੈਂਗਲੁਰੂ ਵਿਚਕਾਰ ਵਧੀਕ ਐਚ ਐਸ ਆਰ ਲਾਈਨ ਮੁੰਬਈ ਨੂੰ ਚੇਨਈ ਨਾਲ ਜੋੜ ਦਿਤਾ ਜਾਵੇਗਾ ਅਤੇ ਉਤਰ ਭਾਰਤ ਨੂੰ ਜੰਮੂ-ਸ੍ਰੀਅੰਮ੍ਰਿਤਸਰ-ਦਿੱਲੀ-ਜੈਪੁਰ-ਅਹਿਮਦਾਬਾਦ-ਮੁੰਬਈ-ਹੈਦਰਾਬਾਦ-ਬੈਂਗਸਲੁਰੂ-ਚੇਨਈ ਤੋਂ ਐਚ ਐਸ ਆਰ ਲਾਂਘੇ 'ਤੇ ਅਤੇ ਉਤਰ, ਪੱਛਮ ਤੇ ਦੱਖਣੀ ਭਾਰਤ ਸਬੰਧੀ ਵੱਡੇ ਕਸਬਿਆਂ ਨਾਲ ਜੋੜਿਆ ਜਾਵੇਗਾ। ਇਸ ਨਾਲ ਖੇਤਰੀ ਅਰਥਚਾਰੇ ਨੂੰ ਹੁਲਾਰਾ ਦੇਣ ਵਿੱਚ ਸਹਾਇਤਾ ਮਿਲੇਗੀ। ਇਸੇ ਤਰੀਕੇ ਨਾਲ ਨਾਗਪੁਰ ਤੇ ਵਾਰਾਣਸੀ ਵਿਚਾਲੇ ਮੁੰਬਈ-ਨਾਗਪੁਰ-ਨਾਗਪੁਰ ਐਚ ਐਸ ਆਰ ਕੋਰੀਡੋਰ ਨੂੰ ਵਧਾਕੇ ਵਾਧੂ ਐਚ ਐਸ ਆਰ ਲਾਈਨ ਦੀ ਤਜਵੀਜ਼ ਹੈ।ਇਹ ਮੁੰਬਈ ਵਾਰਾਣਸੀ ਨਾਲ ਜੁੜੇਗਾ, ਜੋ ਅੱਗੇ ਦਿੱਲੀ-ਵਾਰਾਨਸੀ-ਪਟਨਾ-ਗੁਹਾਟੀ ਐਚ ਐਸ ਆਰ ਲਾਂਘੇ ਨਾਲ ਜੁੜੇਗਾ। ਇਸ ਯੋਜਨਾ ਹੇਠ ਗੁਜਰਾਤ ਸਰਕਾਰ ਰਾਸ਼ਟਰੀ ਟਰਾਂਸਪੋਰਟਰ ਦੇ ਸਹਿਯੋਗ ਨਾਲ ਨਵਾਂ ਅਹਿਮਦਾਬਾਦ-ਰਾਜਕੋਟ ਰੇਲਵੇ ਲਿੰਕ ਤੇਜ਼ ਰਫ਼ਤਾਰ ਗੱਡੀਆਂ ਲਈ ਸਮਰਪਤ ਕਰੇਗੀ ਅਤੇ ਇਸ ਰਸਤੇ ਨੂੰ ਅਹਿ-ਮਦਾਬਾਦ-ਮੁੰਬਈ ਬੁਲੇਟ ਟ੍ਰੇਨ ਪ੍ਰਾਜੈਕਟ ਨਾਲ ਜੋੜਿਆ ਜਾਵੇਗਾ। ਕੇਂਦਰ ਤੇ ਗੁਜਰਾਤ ਸਰਕਾਰ ਨੇ ਪ੍ਰਾਜੈਕਟ ਨੂੰ ਸਿਧਾਂਤਕ ਮਨਜ਼ੂਰੀ ਦੇ ਦਿੱਤੀ ਹੈ। ਇਸ ਯੋਜਨਾ ਦੇ ਤਹਿਤ 2026 ਤੱਕ ਮੁੰਬਈ-ਅਹਿਮਦਾਬਾਦ ਤੱਕ 508 ਕਿਲੋਮੀਟਰ, 2031 ਦਿੱਲੀ-ਵਾਰਾਣਸੀ ਵਾਇਆ ਅਯੁੱਧਿਆ 855 ਕਿਲੋਮੀਟਰ, ਵਾਰਾਣਾਸੀ ਤੋਂ ਪਟਨਾ 250 ਕਿਲੋਮੀਟਰ, ਪਟਨਾ-ਕੋਲਕਾਤਾ 530 ਕਿਲੋਮੀਟਰ, ਦਿੱਲੀ-ਉਦੈਪੁਰ-ਅਹਿਮਦਾਬਾਦ 886 ਕਿਲੋਮੀਟਰ, 2041 ਤੱਕ ਹੈਦਰਾਬਾਦ-ਬੈਂਗਲੁਰੂ 618 ਕਿਲੋਮੀਟਰ, ਨਾਗਪੁਰ-ਵਾਰਾਣਾਸੀ 855 ਕਿਲੋਮੀਟਰ, 2051 ਤੱਕ ਮੁੰਬਈ-ਨਾਗਪੁਰ 789 ਕਿਲੋਮੀਟਰ, ਮੁੰਬਈ-ਹੈਦਰਾਬਾਦ 709 ਕਿਲੋਮੀਟਰ, ਪਟਨਾ-ਗੁਹਾਟੀ 850 ਕਿਲੋਮੀਟਰ, ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ 485 ਕਿਲੋਮੀਟਰ, ਅੰਮ੍ਰਿਤਸਰ-ਪਠਾਨਕੋਟ-ਜੰਮੂ 190 ਕਿਲੋਮੀਟਰ, ਚੇਨਈ-ਮੈਸੂਰ ਵਾਇਆ ਬੈਂਗਲੁਰੂ 462 ਕਿਲੋਮੀਟਰ ਕੋਰੀਡੋਰ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ।

# ਪੰਜਾਬ ਦੇ ਸਾਬਕਾ ਆਈ ਏ ਐਸ ਅਫਸਰ ਵੀ ਕਿਸਾਨਾਂ ਦੇ ਪੱਖ ਵਿੱਚ ਨਿੱਤਰੇ

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਸੀਨੀਅਰ ਆਈ ਏ ਐਸ ਅਧਿਕਾਰੀਆਂ ਨੇ ਕਿਸਾਨ ਅੰਦੋਲਨ ਦੀ ਹਮਾਇਤ ਦਾ ਐਲਾਨ ਕਰਦਿਆਂ ਕੇਂਦਰ ਸਰਕਾਰ ਨੂੰ ਕਿਸਾਨ ਵਿਰੋਧੀ ਕਾਨੂੰਨ ਵਾਪਸ ਲੈਣ ਲਈ ਕਿਹਾ ਹੈ। ਇਨ੍ਹਾਂ ਅਧਿਕਾਰੀਆਂ ਨੇ ਚੰਡੀਗੜ੍ਹ ਵਿੱਚ ਵਿਸ਼ੇਸ਼ ਮੀਟਿੰਗ ਕਰਕੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਸੁਧਾਰ ਕਾਨੂੰਨਾਂ ਦੇ ਕਿਸਾਨੀ ਉਪਰ ਪੈਣ ਵਾਲੇ ਮਾਰੂ ਅਸਰਾਂ 'ਤੇ ਚਰਚਾ ਕੀਤੀ ਤੇ ਸਾਰੇ ਅਧਿਕਾਰੀਆਂ ਨੇ ਕਿਸਾਨ ਅੰਦੋਲਨ ਨਾਲ ਸੁਹਿਰਦ ਇਕਮੁੱਠਤਾ ਪ੍ਰਗਟ ਕੀਤੀ। ਉਨ੍ਹਾਂ ਪਿਛਲੇ 25 ਦਿਨਾਂ ਤੋਂ ਦਿੱਲੀ ਦੇ ਸਿੰਘੂ, ਟਿਕਰੀ ਤੇ ਗਾਜ਼ੀਪੁਰ ਬਾਰਡਰਾਂ 'ਤੇ ਚੱਲ ਰਹੇ ਸ਼ਾਂਤਮਈ ਅੰਦੋਲਨ ਅਤੇ ਕਿਸਾਨਾਂ ਵੱਲੋਂ ਵਿਖਾਏ ਜ਼ਬਤ, ਹੌਸਲੇ, ਚੜ੍ਹਦੀ ਕਲਾ ਤੇ ਭਾਈਚਾਰਕ ਸਾਂਝ ਦੀ ਪ੍ਰਸ਼ੰਸਾ ਕੀਤੀ ਅਤੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹੋਏ ਪੰਜਾਬ ਸਰਕਾਰ ਨੂੰ ਨਿਯਮਾਂ ਅਧੀਨ ਬਣਦੀ ਵਿੱਤੀ ਸਹਾਇਤਾ ਫੌਰੀ ਦੇਣ ਦੀ ਅਪੀਲ ਕੀਤੀ।

ਇਨ੍ਹਾਂ ਸਾਬਕਾ ਸੀਨੀਅਰ ਅਫਸਰਾਂ ਨੇ ਆਰਡੀਨੈਂਸ ਜਾਰੀ ਕਰਨ ਤੋਂ ਪਹਿਲਾਂ ਕੇਂਦਰ ਦੀ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਵੇਲੇ ਸਿਰ ਸਲਾਹ ਨਾ ਕਰਨ ਨੂੰ ਮੰਦਭਾਗਾ ਦੱਸਿਆ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਖੇਤੀ ਨਾਲ ਸਬੰਧਤ ਤਿੰਨੇ ਕਾਨੂੰਨ ਵਾਪਸ ਲਏ ਜਾਣ ਤੇ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਪਿੱਛੋਂ ਇਨ੍ਹਾਂ ਨੂੰ ਨਵੇਂ ਰੂਪ ਵਿੱਚ ਪਾਸ ਕੀਤਾ ਜਾਵੇ। ਇਸ ਦੌਰਾਨ ਅੰਦੋਲਨਕਾਰੀਆਂ ਦੀ ਮਾਨਸਿਕ ਤ੍ਰਿਪਤੀ ਅਤੇ ਬੌਧਿਕ ਸਿਰਜਨਾਂ ਲਈ ਕਿਤਾਬਾਂ, ਪੈਂਫਲਿਟ ਅਤੇ ਹੋਰ ਪੜ੍ਹਨਯੋਗ ਸਮੱਗਰੀ ਭੇਜਣ ਦਾ ਵਿਸ਼ੇਸ਼ ਮਤਾ ਪਾਸ ਕੀਤਾ ਗਿਆ।ਇਸ ਮੌਕੇ ਇੱਕ ਸਬ ਕਮੇਟੀ ਵੀ ਬਣਾਈ ਗਈ ਤਾਂ ਜੋ ਕਿਸਾਨ ਜਥੇਬੰਦੀਆਂ ਨਾਲ ਤਾਲਮੇਲ ਕੀਤਾ ਜਾ ਸਕੇ। ਮੀਟਿੰਗ ਵਿੱਚ ਸਵਰਨ ਸਿੰਘ ਬੋਪਾਰਾਏ, ਐਮ ਐਸ ਚਾਹਲ, ਰਮੇਸ਼ ਇੰਦਰ ਸਿੰਘ, ਕੇ ਐਸ ਸਿੱਧੂ, ਜੇ ਆਰ ਕੁੰਡਲ, ਕੁਲਬੀਰ ਸਿੰਘ ਸਿੱਧੂ, ਟੀ ਆਰ ਸਾਰੰਗਲ, ਕੁਲਬੀਰ ਸਿੰਘ, ਐਸ ਕੇ ਸੰਧੂ, ਐਸ ਆਰ ਲੱਧੜ, ਐਸ ਕੇ ਸਿੰਘ, ਸ਼ਿਵਦੁਲਾਰ ਸਿੰਘ ਢਿੱਲੋਂ, ਕਰਣਜੀਤ ਸਿੰਘ ਸਰਾਂ, ਹਰਕੇਸ਼ ਸਿੰਘ ਸਿੱਧੂ, ਬਲਵਿੰਦਰ ਸਿੰਘ ਮੁਲਤਾਨੀ, ਡੀ ਡੀ ਤਰਨਾਚ, ਸਤਵੰਤ ਸਿੰਘ ਜੌਹਲ ਸ਼ਾਮਲ ਸਨ।

# ਬੱਚੇ ਦਿੱਲੀ ਵਿੱਚ, ਪਿਤਾ ਪਿੰਡ ਵਿੱਚ, ਆਉਣ ਦਾ ਸਮਾਂ ਨਹੀਂ, ਕੋਰਟ ਦੀ ਪੇਸ਼ੀ ਤੋਂ ਛੋਟ ਦਿੱਤੀ ਜਾਵੇ: ਸੁਖਬੀਰ ਬਾਦਲ

*** ਮਾਮਲਾ ਆਰ ਪੀ ਸਿੰਘ ਵਾਲੇ ਮਾਣ-ਹਾਨੀ ਕੇਸ ਦਾ**

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਚੰਡੀਗੜ੍ਹ ਜ਼ਿਲਾਅਦਾਲਤ ਵਿੱਚ ਮਾਣਹਾਨੀ ਦਾ ਕੇਸ ਚੱਲ ਰਿਹਾ ਹੈ, ਪਰ ਸੁਖਬੀਰ ਸਿੰਘ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਪੇਸ਼ੀ 'ਤੇ ਆਉਣਾ ਨਾ ਪਵੇ। ਇਸ ਲਈ ਉਨ੍ਹਾਂ ਦੇ ਵਕੀਲ ਮਨੀਸ਼ ਦੀਵਾਨ ਨੇ ਕੋਰਟ ਵਿੱਚ ਅਰਜ਼ੀ ਦੇ ਕੇ ਉਨ੍ਹਾਂ ਲਈ ਪੇਸ਼ੀ ਤੋਂ ਛੋਟ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਅਰਜ਼ੀ 'ਤੇ 18 ਜਨਵਰੀ ਨੂੰ ਸੁਣਵਾਈ ਹੋਵੇਗੀ।



ਐਡਵੋਕੇਟ ਮਨੀਸ਼ ਦੀਵਾਨ ਨੇ ਅਰਜ਼ੀ ਵਿੱਚ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਬੱਚੇ ਨਵੀਂ ਦਿੱਲੀ ਵਿੱਚ ਪੜ੍ਹਦੇ ਹਨ, ਉਨ੍ਹਾਂ ਦੇ ਬਜ਼ੁਰਗ ਪਿਤਾ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੇ ਪਿੰਡ ਬਾਦਲ ਵਿੱਚ ਰਹਿ ਰਹੇ ਹਨ। ਅਜਿਹੇ ਵਿੱਚ ਉਨ੍ਹਾਂ ਨੂੰ ਚੰਡੀਗੜ੍ਹ ਆਉਣ ਦਾ ਘੱਟ ਹੀ ਮੌਕਾ ਮਿਲਦਾ ਹੈ। ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਜ਼ੈਡ-ਪਲੱਸ ਸਕਿਓਰਿਟੀ ਮਿਲੀ ਹੈ ਤੇ ਉਸੇ ਹਿਸਾਬ ਨਾਲ ਉਨ੍ਹਾਂ ਦੀ ਹਰ ਮੂਵਮੈਂਟ ਤੈਅ ਹੁੰਦੀ ਹੈ। ਜੇ ਉਨ੍ਹਾਂ ਨੂੰ ਹਰ ਤਰੀਕ 'ਤੇ ਕੋਰਟ ਆਉਣਾ ਪਿਆ ਤਾਂ ਕੋਰਟ ਦੀ ਕਾਰਵਾਈ ਵੀ ਪ੍ਰਭਾਵਤ ਹੋਵੇਗੀ ਅਤੇ ਸਕਿਓਰਿਟੀ ਪ੍ਰੋਟੋਕੋਲ ਦੇ ਕਾਰਨ ਆਮ ਲੋਕਾਂ ਨੂੰ ਵੀ ਪ੍ਰੇਸ਼ਾਨੀ ਹੋਵੇਗੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਸ ਦੀ ਕਾਰਵਾਈ ਉਨ੍ਹਾਂ ਦੇ ਵਕੀਲ ਦੀ ਮੌਜੂਦਗੀ ਵਿੱਚ ਵੀ ਹੋ ਸਕਦੀ ਹੈ। ਇਸ ਲਈ ਉਨ੍ਹਾਂ ਨੂੰ ਹਰ ਪੇਸ਼ੀ 'ਤੇ ਆਉਣ ਤੋਂ ਛੋਟ ਦਿੱਤੀ ਜਾਏ।

ਵਰਨਣ ਯੋਗ ਹੈ ਕਿ ਅਖੰਡ ਕੀਰਤਨੀ ਜਥੇ ਅਤੇ ਉਸ ਦੇ ਬੁਲਾਰੇ ਰਾਜਿੰਦਰ ਪਾਲ ਸਿੰਘ ਦੇ ਘਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਦੋਂ ਆਏ ਸਨ ਤਾਂ ਸੁਖਬੀਰ ਨੇ ਇਸ ਮੁਲਾਕਾਤ ਦੇ ਬਾਅਦ ਜਥੇ ਦੇ ਖਿਲਾਫ ਵਿਵਾਦਤਬਿਆਨ ਦਿੱਤਾ ਸੀ। ਇਸ ਉੱਤੇ ਆਰ ਪੀ ਸਿੰਘ ਨੇ ਮਾਣਹਾਨੀ ਦਾ ਕੇਸ ਕੀਤਾ ਸੀ।

# ਅੰਦੋਲਨ ਦੇ ਨਾਂਅ ਉਤੇ ਕਿਸਾਨ ਨੇਤਾ ਦੇ ਖਾਤੇ ਵਿੱਚ 14 ਲੱਖ ਆਉਣ ਦੀ ਚਰਚਾ

*** ਐਫ ਸੀ ਆਰ ਏ ਐਕਟ ਦੇ ਤਹਿਤ ਬੈਂਕ ਨੇ ਸਬੰਧਤ ਦਸਤਾਵੇਜ਼ ਮੰਗੇ**

ਮੋਗਾ, 23 ਦਸੰਬਰ (ਪੋਸਟ ਬਿਊਰੋ)- ਇੰਟਰਨੈਟ ਮੀਡੀਆ 'ਤੇ ਪੋਸਟ ਲਿਖ ਕੇ ਕਿਸਾਨ ਅੰਦੋਲਨ ਲਈ ਚੰਦਾ ਮੰਗਣ ਦੇ ਬਾਅਦ ਵਿਦੇਸ਼ ਤੋਂ ਆਏ ਚੰਦੇ ਬਾਰੇ ਕਿਸਾਨ ਨੇਤਾਵਾਂ ਤੋਂ ਜਵਾਬ ਮੰਗਿਆ ਗਿਆ ਹੈ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਜਨਰਲ ਸੈਕਟਰੀ ਸੁਖਦੇਵ ਸਿੰਘ ਕੋਕਰੀਕਲਾਂ ਦੇ ਨਿੱਜੀ ਬੈਂਕ ਖਾਤੇ ਵਿੱਚ ਦੇਸ਼-ਵਿਦੇਸ਼ ਤੋਂ ਕਰੀਬ 14 ਲੱਖ ਰੁਪਏ ਆਏ ਹਨ। ਵਿਦੇਸ਼ ਮੰਤਰਾਲੇ ਤੋਂ 18 ਦਸੰਬਰ ਨੂੰ ਇੱਕ ਪੱਤਰ ਮਿਲਣ ਦੇ ਬਾਅਦ ਪੰਜਾਬ ਐਂਡ ਸਿੰਧ ਬੈਂਕ ਦੀ ਕੋਕਰੀਕਲਾਂ ਬ੍ਰਾਂਚ ਦੇ ਮੈਨੇਜਰ ਨੇ ਸੁਖਦੇਵ ਸਿੰਘ ਕੋਕਰੀ ਕਲਾਂ ਤੋਂ ਐਫ ਸੀ ਆਰ ਏ (ਫੋਰਨ ਕੰਟ੍ਰੀਬਿਊਸ਼ਨ ਰੈਗੂਲੇਸ਼ਨ ਐਕਟ) ਹੇਠ ਵਿਦੇਸ਼ ਤੋਂ ਆਏ ਚੰਦੇ, ਉਸ ਦੇ ਮਕਸਦ ਤੇ ਖਾਤੇ ਦੀ ਰਜਿਸਟਰੇਸ਼ਨ ਨਾਲ ਸਬੰਧਤ ਦਸਤਾਵੇਜ਼ ਮੰਗੇ ਹਨ। ਐਫ ਸੀ ਆਰ ਐਕਟ ਸਾਲ 2010 ਵਿੱਚ ਬਣਿਆ ਸੀ ਅਤੇ



ਵਿਦੇਸ਼ ਤੋਂ ਕਿਸੇ ਵੀ ਸੰਗਠਨ ਨੂੰ ਜੇ ਚੰਦਾ ਆਉਂਦਾ ਹੈ ਤਾਂ ਉਸ ਦੀ ਇਸ ਐਕਟ ਹੇਠ ਰਜਿਸਟਰੇਸ਼ਨ ਹੋਣੀ ਜ਼ਰੂਰੀ ਹੁੰਦੀ ਹੈ। ਉਸ ਨੂੰ ਇਸ ਬਾਰੇ ਵਿੱਚ ਦਸਤਾਵੇਜ਼ ਬੈਂਕ ਵਿੱਚ ਜਮ੍ਹਾਂ ਕਰਾਉਣੇ ਹੁੰਦੇ ਹਨ। ਉਸ ਦੇ ਬਾਅਦ ਉਹ ਇਸ ਰਕਮ ਦੀ ਵਰਤੋਂ ਕਰ ਸਕਦਾ ਹੈ। ਜੇ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾਏ ਜਾਂਦੇ ਹਨ ਤਾਂ ਪੈਸਾ ਜਿਨ੍ਹਾਂ ਨੇ ਭੇਜਿਆ ਹੈ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ।

ਕਿਸਾਨ ਨੇਤਾ ਸੁਖਦੇਵ ਸਿੰਘ ਕੋਕਰੀ ਕਲਾਂ ਦਾ ਕਹਿਣਾ ਹੈ ਕਿ ਕਿਸਾਨ ਅੰਦੋਲਨ ਦੇ ਲਈ ਉਨ੍ਹਾਂ ਨੇ ਇੰਟਰਨੈਟ ਮੀਡੀਆ 'ਤੇ ਪੋਸਟ ਲਿਖ ਕੇ ਮਦਦ ਮੰਗੀ ਸੀ, ਇਸ ਵਿੱਚ ਉਨ੍ਹਾਂ ਨੇ ਪੈਸੇ ਭੇਜਣ ਲਈ ਪੰਜਾਬ ਐਂਡ ਸਿੰਧ ਬੈਂਕ ਕੋਕਰੀਕਲਾਂ ਬ੍ਰਾਂਚ ਦੇ ਆਪਣੇ ਨਿੱਜੀ ਬੈਂਕ ਖਾਤੇ ਦਾ ਨੰਬਰ ਦਿੱਤਾ ਸੀ। ਪੋਸਟ ਵਾਇਰਲ ਹੋਣ ਦੇ ਬਾਅਦ ਪੰਜਾਬ ਦੇ ਆੜ੍ਹਤੀਆਂ ਤੋਂ ਲੈ ਕੇ ਦੇਸ਼ ਵਿਦੇਸ਼ ਤੋਂ ਕਈ ਲੋਕਾਂ ਨੇ ਪੈਸਾ ਭੇਜਣਾ ਸ਼ੁਰੂ ਕੀਤਾ। ਅੱਜ ਤੱਕ ਕਰੀਬ 14 ਲੱਖ ਰੁਪਏ ਖਾਤੇ ਵਿੱਚ ਆ ਚੁੱਕੇ ਹਨ। ਕਿਸ ਦੇਸ਼ ਤੋਂ ਕਿਸ ਨੇ ਕਿੰਨੇ ਪੈਸੇ ਭੇਜੇ ਹਨ, ਇਹ ਜਾਣਕਾਰੀ ਉਨ੍ਹਾਂ ਨੂੰ ਨਹੀਂ। ਉਨ੍ਹਾਂ ਨੇ ਦੱਸਿਆ ਕਿ ਬੈਂਕ ਤੋਂ ਹੁਣ ਤੱਕ ਉਹ ਇਹ ਪੈਸਾ ਕਢਵਾ ਨਹੀਂ ਸਕੇ ਹਨ। ਬੈਂਕ ਮੈਨੇਜਰ ਰਣਜੀਤ ਕੁਮਾਰ ਦਾ ਕਹਿਣਾ ਹੈ ਕਿ ਕਿਸਾਨ ਨੇਤਾ ਤੋਂ ਦਸਤਾਵੇਜ਼ ਮੰਗੇ ਗਏ ਹਨ। ਇਹ ਨਵਾਂ ਨਿਯਮ ਨਹੀਂ ਹੈ, ਇਹ ਸਾਰਿਆਂ 'ਤੇ ਇਹ ਲਾਗੂ ਹੁੰਦਾ ਹੈ। ਵਿਦੇਸ਼ ਤੋਂ ਕਿੰਨਾ ਪੈਸਾ ਆਇਆ ਹੈ, ਇਸ ਨੂੰ ਉਨ੍ਹਾਂ ਨੇ ਗੁਪਤ ਮਾਮਲਾ ਦੱਸਿਆ ਹੈ।

# ਕਾਰ ਕੰਧ ਵਿੱਚ ਵੱਜਣ ਨਾਲ ਨੌਜਵਾਨ ਦੀ ਮੌਤ

ਸਾਦਿਕ, 23 ਦਸੰਬਰ (ਪੋਸਟ ਬਿਊਰੋ)- ਬੀਤੀ ਰਾਤ ਸਾਦਿਕ ਨੇੜੇ ਪਿੰਡ ਝੋਕ ਸਰਕਾਰੀ ਵਿੱਚ ਇੱਕ ਕਾਰ ਕੰਧ ਨਾਲ ਵੱਜ ਜਾਣ ਨਾਲ ਵਾਪਰੇ ਹਾਦਸੇਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਲੁਧਿਆਣੇਲਿਜਾਇਆ ਗਿਆ ਹੈ।




ਮਿਲੀ ਜਾਣਕਾਰੀ ਅਨੁਸਾਰ ਬੀਤੀ ਰਾਤ 10 ਕੁ ਵਜੇ ਤਿੰਨ ਨੌਜਵਾਨ ਸਾਦਿਕ ਤੋਂ ਪਿੰਡ ਝੋਕ ਸਰਕਾਰੀ ਨੂੰ ਆ ਰਹੇ ਸਨ ਤਾਂ ਪਿੰਡ ਵਿੱਚ ਪਹੁੰਚ ਕੇ ਉਨ੍ਹਾਂ ਦੀ ਕਾਰ ਕੰਧ ਨਾਲ ਟਕਰਾ ਗਈ ਅਤੇ ਇੱਕ ਨੌਜਵਾਨ ਜਤਿੰਦਰ ਸਿੰਘ (22 ਸਾਲ) ਦੀ ਮੌਕੇ ਉਤੇ ਹੀ ਮੌਤ ਹੋ ਗਈ ਤੇ ਤੇਜਿੰਦਰ ਸਿੰਘ ਜ਼ਖ਼ਮੀ ਹੋ ਗਿਆ। ਪਤਾ ਲੱਗਾ ਹੈ ਕਿ ਤੇਜਿੰਦਰ ਸਿੰਘ ਦਾ ਜਨਮ ਦਿਨ ਸੀ ਅਤੇ ਪਾਰਟੀ ਇੱਥੇ ਪਿੰਡ ਝੋਕ ਸਰਕਾਰੀ ਵਿਖੇ ਜਤਿੰਦਰ ਸਿੰਘ ਦੇ ਘਰ ਮਨਾਈ ਜਾ ਰਹੀ ਸੀ ਅਤੇ ਉਹ ਤਿੰਨੇ ਸਾਦਿਕ ਨੂੰ ਕੋਈ ਸਾਮਾਨ ਲੈਣ ਗਏ ਸਨ ਤਾਂ ਵਾਪਸੀ ਸਮੇਂ ਇਹ ਹਾਦਸਾ ਵਾਪਰ ਗਿਆ। ਇਸ ਕਾਰ ਦੇ ਹਾਦਸੇ ਦੀ ਥਾਂ ਉਤੇ ਹੋਏ ਨੁਕਸਾਨ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਕਾਰ ਦੀ ਸਪੀਡ ਬਹੁਤ ਜ਼ਿਆਦਾ ਸੀ।



## ਮਮਤਾ ਬੈਨਰਜੀ ਨੇ ਐਨ ਸੀ ਆਰ ਬੀ ਦੇ ਅੰਕੜਿਆਂ ਨਾਲ ਅਮਿਤ ਸ਼ਾਹ ਨੂੰ ਜਵਾਬ ਦਿੱਤਾ

ਕੋਲਕਾਤਾ, 23 ਦਸੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਹੈ ਕਿ ਉਸ ਦੇ ਰਾਜ ਦੀ ਮਾੜੀ ਅਤੇ ਨਿਰਾਸ਼ਾਜਨਕ ਤਸਵੀਰਜਾਣਬੁੱਝ ਕੇ ਪੇਸ਼ ਕੀਤੀ ਜਾ ਰਹੀ ਹੈ।

ਇਹੋ ਜਿਹੇ ਯਤਨਾਂ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉਤੇ ਨਿਸ਼ਾਨਾ ਵਿੰਨ੍ਹਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਸਭਨਾਂ ਵਿਕਾਸ ਸੂਚਕ ਅੰਕਾਂ ਮੁਤਾਬਕ ਇਸ ਰਾਜ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ। ਅਮਿਤ ਸ਼ਾਹ ਵੱਲੋਂ ਪਿਛਲੇ ਹਫ਼ਤੇ ਪੱਛਮੀ ਬੰਗਾਲ ਦੇ ਦੌਰੇ ਦੌਰਾਨ ਉਨ੍ਹਾਂ ਦੀ ਸਰਕਾਰ ਉਤੇ ਲਾਏ ਗਏ ਦੋਸ਼ਾਂ ਨੂੰ ਲੜੀਵਾਰ ਢੰਗ ਨਾਲ ਰੱਦ



ਕਰਦਿਆਂ ਮਮਤਾ ਬੈਨਰਜੀ ਨੇ ਇਹ ਦੱਸਣ ਲਈ ਨੈਸ਼ਨਲ ਕਰਾਈਮ ਰਿਕ-ਾਰਡ ਬਿਊਰੋ(ਐਨ ਸੀ ਆਰ ਬੀ) ਦੇ ਅੰਕੜਿਆਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਤ੍ਰਿਣਮੂਲ ਕਾਂਗਰਸ ਦੇ ਪਿਛਲੇ 10 ਸਾਲ ਦੇ ਰਾਜਕਾਲ ਦੌਰਾਨ ਸਿਆਸੀ ਕਤਲ ਅਤੇ ਹੋਰ ਅਪਰਾਧ ਘੱਟ ਹੋਏ ਹਨ।ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਮਤਾ ਨੇ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਜਦੋਂ ਕੁਝ ਕਹਿੰਦੇ ਹਨ ਤਾਂ ਉਸ ਨੂੰ ਸਾਬਤ ਕਰਨ ਲਈ ਅੰਕੜੇ, ਤੱਥ ਅਤੇ ਵੇਰਵੇ ਚਾਹੀਦੇ ਹਨ। ਵਿਕਾਸ ਦੇ ਸਭ ਸੂਚਕ ਅੰਕਾਂ 'ਤੇ ਬੰਗਾਲ ਹੋਰਨਾਂ ਰਾਜਾਂ ਤੋਂ ਅੱਗੇ ਹੈ, ਪਰ ਅਮਿਤ ਸ਼ਾਹ ਨੇ ਜਾਣਬੁਝ ਕੇ ਸੂਬੇ ਦੀ ਗਲਤ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੈਨੂੰ ਚੁਣੌਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕੋਲਕਾਤਾ ਨੂੰ 2 ਵਾਰ ਦੇਸ਼ ਦੇ ਸਭ ਤੋਂ ਸੁਰੱਖਿਅਤ ਸ਼ਹਿਰ ਦਾ ਦਰਜਾ ਮਿਲਿਆ ਹੈ। ਐਨ ਸੀ ਆਰ ਬੀ ਦੇ ਅੰਕੜਿਆਂ ਮੁਤਾਬਕ ਟੀ ਐਮ ਸੀ ਦੇ ਰਾਜ ਦੌਰਾਨ ਸਿਆਸੀ ਕਤਲ, ਹੋਰ ਅਪਰਾਧਕ ਘਟਨਾਵਾਂ ਅਤੇ ਜਬਰ ਜਨਾਹ ਦੇ ਮਾਮਲਿਆਂ ਵਿੱਚ ਕਮੀ ਆਈ ਹੈ।

## ਕਿਸਾਨ ਅੰਦੋਲਨ ਨਾਲ ਅੱਜ ਤੱਕ 14 ਹਜ਼ਾਰ ਕਰੋੜ ਰੁਪਏ ਦੇ ਵਪਾਰ ਦਾ ਨੁਕਸਾਨ!

ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਵਿਰੁੱਧ ਦਿੱਲੀ ਦੀਆਂ ਹੱਦਾਂ ਉਤੇ ਚੱਲ ਰਹੇ ਕਿਸਾਨ ਅੰਦੋਲਨ ਦੇ ਕਾਰਨ ਦਿੱਲੀ, ਹਰਿਆਣਾ, ਰਾਜਸਥਾਨ ਅਤੇ ਉਤਰ ਪ੍ਰਦੇਸ਼ ਵਿੱਚ ਅੱਜ ਤੱਕ ਅੰਦਾਜ਼ਨ 14 ਹਜ਼ਾਰ ਕਰੋੜ ਰੁਪਏ ਦੇ ਵਪਾਰ ਦਾ ਨੁਕਸਾਨ ਹੋਇਆ ਹੈ।

ਵਪਾਰੀਆਂ ਦੇ ਸੰਗਠਨ ਕੈਟ (ਕਨਫੈਡਰੇਸ਼ਨ ਆਫ਼ ਆਲ ਇੰਡੀਆ ਟਰੇਡਰਜ਼) ਨੇ ਇਸ ਬਾਰੇ ਕਿਸਾਨ ਆਗੂਆਂ ਤੇ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਗੱਲਬਾਤ ਰਾਹੀਂ ਇਸ ਮਾਮਲੇ ਨੂੰ ਛੇਤੀ ਸੁਲਝਾਇਆ ਜਾਵੇ। ਸੁਪਰੀਮ ਕੋਰਟ ਨੂੰ ਵੀ ਬੇਨਤੀ



ਕੀਤੀ ਗਈ ਹੈ ਕਿ ਵਪਾਰੀਆਂ ਤੇ ਹੋਰ ਲੋਕਾਂ ਦੀਆਂ ਪ੍ਰੇਸ਼ਾਨੀਆਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਦਾ ਛੁੱਟੀਆਂ ਵਾਲਾ ਬੈਂਚ ਇਸ ਮਾਮਲੇ ਦੀ ਤੁਰੰਤ ਸੁਣਵਾਈ ਕਰੇ। ਕੈਟ ਦੇ ਰਾਸ਼ਟਰੀ ਜਨਰਲ ਸਕੱਤਰ ਪ੍ਰਵੀਨ ਖੰਡੇਵਾਲ ਨੇ ਕਿਹਾ ਕਿ ਅੰਦੋਲਨ ਕਾਰਨ ਲੱਗਭਗ 20 ਫ਼ੀਸਦੀ ਟਰੱਕ ਦੇਸ਼ ਦੇ ਹੋਰਨਾਂ ਰਾਜਾਂ ਤੋਂ ਸਾਮਾਨ ਦਿੱਲੀ ਨਹੀਂ ਲਿਆ ਸਕੇ, ਜਿਸ ਕਾਰਨ ਦਿੱਲੀ ਤੋਂ ਹੋਰਨਾਂ ਰਾਜਾਂ ਨੂੰ ਭੇਜੇ ਜਾਣ ਵਾਲੇ ਸਾਮਾਨ 'ਤੇ ਵੀ ਅਸਰ ਪਿਆ ਹੈ। ਦਿੱਲੀ 'ਚ ਰੋਜ਼ ਕਰੀਬ 50 ਹਜ਼ਾਰ ਟਰੱਕ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਾਮਾਨ ਲੈ ਕੇ ਆਉਂਦੇ ਅਤੇ ਕਰੀਬ 30 ਹਜ਼ਾਰ ਟਰੱਕ ਰੋਜ਼ਾਨਾ ਦਿੱਲੀ ਤੋਂ ਬਾਹਰ ਹੋਰਨਾਂ ਸੂਬਿਆਂ 'ਚ ਸਾਮਾਨ ਲੈ ਕੇ ਜਾਂਦੇ ਹਨ। ਕੈਟ ਤੇ ਟ੍ਰਾਂਸਪੋਰਟ ਸੈਕਟਰ ਦੇ ਸਭ ਤੋਂ ਵੱਡੇ ਸੰਗਠਨ ਆਲ ਇੰਡੀਆ ਟ੍ਰਾਂਸਪੋਰਟ ਵੈਲਫੇਅਰ ਐਸੋਸੀਏਸ਼ਨ (ਏਟਵਾ) ਦੋਵੇਂ ਸਾਂਝੇ ਰੂਪ ਨਾਲ ਮਾਲ ਦੀ ਆਵਾਜਾਈ 'ਤੇ ਰੋਜ਼ਾਨਾ ਨਜ਼ਰ ਰੱਖ ਰਹੇ ਹਨ ਅਤੇ ਕੋਸ਼ਿਸ਼ ਕਰ ਰਹੇ ਹਨ ਕਿ ਦਿੱਲੀ ਅਤੇ ਹੋਰਨਾਂ ਸੂਬਿਆਂ 'ਚ ਕਿਸੇ ਵੀ ਸਾਮਾਨ ਦੀ ਕੋਈ ਦਿੱਕਤ ਨਾ ਆਵੇ।

## ਹਰਿਆਣੇ ਦੀਆਂ ਔਰਤਾਂ ਪੱਗਾਂ ਬੰਨ੍ਹ ਕੇ ਕਿਸਾਨ ਧਰਨੇ ਵਿੱਚ ਆਈਆਂ



ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਹਰਿਆਣਾ ਦੇ ਕਰਨਾਲ ਜ਼ਿਲ੍ਹੇਦੇ ਅਸੰਧ ਤੋਂ ਆਈਆਂ ਬੀਬੀਆਂ ਸਿਰਾਂ 'ਤੇ ਹਰੀਆਂ ਪੱਗਾਂ ਬੰਨ੍ਹ ਕੇ ਸਿੰਘੂ ਧਰਨੇ 'ਚ ਸ਼ਾਮਲ ਹੋਈਆਂ ਹਨ। ਉਨ੍ਹਾਂ ਕਿਸਾਨਾਂ ਨਾਲ ਇਕਜੁਟਤਾ ਪ੍ਰਗਟ ਕਰਦਿਆਂ ਆਪਣੇ ਘਰਾਂ 'ਚ ਆਰਾਮ ਦੀ ਜ਼ਿੰਦਗੀ ਜਿਉਂ ਰਹੇ ਹੋਰ ਲੋਕਾਂ ਨੂੰ ਵੀ ਧਰਨਿਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਇਸ ਮੌਕੇ ਮਨਪ੍ਰੀਤ ਕੌਰ ਵਿਰਕ ਨੇ ਕਿਹਾ ਕਿ ਉਨ੍ਹਾਂ ਬਚਪਨ ਤੋਂ ਕਿਸਾਨਾਂ ਦੇ ਸੰਘਰਸ਼ ਦੇਖੇ ਹੋਏ ਹਨ। ਉਨ੍ਹਾਂ ਹੋਰ ਕਿਸਾਨ ਪਰਵਾਰਾਂ ਨੂੰ ਸੱਦਾ ਦਿੱਤਾ ਹੈ ਕਿ ਸੰਘਰਸ਼ ਦੀ ਇਸ ਘੜੀ ਵਿੱਚ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਿਆ ਜਾਵੇ। ਉਨ੍ਹਾਂ ਨੇ ਔਰਤਾਂ ਨੂੰ ਕਿਹਾ ਕਿ ਉਹ ਆਪਣੇ ਪਰਵਾਰ ਦੇ ਪੁਰਸ਼ ਮੈਂਬਰਾਂ ਦਾਦਿਆਂ, ਭਰਾਵਾਂ, ਪਤੀਆਂ ਅਤੇ ਬੱਚਿਆਂ ਨਾਲ ਧਰਨਿਆਂ ਵਿੱਚ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਕਿਸਾਨ ਘਰਾਂ ਦੇ ਸਮਾਗਮ ਅਤੇ ਹੋਰ ਖੁਸ਼ੀਆਂ ਗਮੀਆਂ ਛੱਡ ਕੇ ਸਿਰਫ ਕਿਸਾਨੀ ਨੂੰ ਬਚਾਉਣ ਖਾਤਰ ਕਹਿਰ ਦੀ ਇਸ ਠੰਢ ਵਿੱਚ ਡਟੇ ਹੋਏ ਹਨ। ਉਹ ਆਪਣੀ ਜੇਠਾਣੀ ਕਿਰਨ ਕੌਰ ਵਿਰਕ ਤੇ ਨਨਾਣ ਸ੍ਰੀਮਤੀ ਰਾਣਾ ਭੱਟੀ ਨਾਲ ਇੱਥੇ ਪਹੁੰਚੀ। ਉਨ੍ਹਾਂ ਗੁਰੂ ਨਾਨਕ ਵੱਲੋਂ ਆਪਣੇ ਹੱਥੀਂ ਖੇਤੀ ਕਰਨ ਦੇ ਸੰਕਲਪ ਨੂੰ ਬਿਆਨਦਿਆਂ ਤੇ ਹਰੀਆਂ ਪੱਗਾਂ ਰਾਹੀਂ ਦਸਤਾਰ ਦੀ ਅਹਿਮੀਅਤ ਵੀ ਦਰਸਾਈ।

## ਸ਼ਾਹ ਨਾਲ ਪ੍ਰਸ਼ਾਂਤ ਕਿਸ਼ੋਰ ਭਿੜੇ; ਬੰਗਾਲ ਵਿੱਚ 200 ਤੋਂ ਵੱਧ ਸੀਟਾਂ ਜਿੱਤਣ ਦੇ ਭਾਜਪਾਈ ਦਾਅਵੇ ਨੂੰ ਪੀ ਕੇ ਦੀ ਚੁਣੌਤੀ

ਕੋਲਕਾਤਾ, 23 ਦਸੰਬਰ (ਪੋਸਟ ਬਿਊਰੋ)- ਚੋਣਾਂ ਦੇ ਪ੍ਰਸਿੱਧ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਟਵਿੱਟਰ ਉੱਤੇ ਦਾਅਵਾ ਕੀਤਾ ਹੈ ਕਿ ਪੱਛਮੀ ਬੰਗਾਲ ਵਿੱਚ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਦਹਾਈ ਦਾ ਅੰਕੜਾ ਪਾਰ ਕਰਨ ਲਈ ਵੀ ਜੱਦੋਜਹਿਦ ਕਰਨੀ ਪਵੇਗੀ ਅਤੇ ਇਹ ਕਰ ਨਹੀਂ ਸਕੇਗੀ।

ਵਰਨਣ ਯੋਗ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੱਛਮੀ ਬੰਗਾਲ ਦੇ ਤਾਜ਼ਾ ਦੌਰੇ ਦੌਰਾਨ ਤ੍ਰਿਣਮੂਲ ਕਾਂਗਰਸ(ਟੀ ਐਮ ਸੀ) ਦੇ ਕਈ ਨੇਤਾ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਅਤੇ ਅਮਿਤ ਸ਼ਾਹ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ 200 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਸੀ। ਪ੍ਰਸ਼ਾਂਤ ਕਿਸ਼ੋਰ ਨੇ ਸਾਲ 2014 ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਦੇ



ਲਈ ਨਰਿੰਦਰ ਮੋਦੀ ਦੀ ਮੁਹਿੰਮ ਦਾ ਸਫਲਤਾਪੂਰਵਕ ਪ੍ਰਬੰਧ ਕੀਤਾ ਸੀ ਤੇ ਅਗਲੇ ਸਾਲ ਅਪ੍ਰੈਲ-ਮਈ ਵਿੱਚ ਹੋ ਰਹੀਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸਦੀ ਜਿੱਤ ਦੀਆਂ ਸੰਭਾਵਨਾਵਾਂ ਵੱਧ ਸਫਲ ਬਣਾਉਣ ਲਈ ਟੀ ਐਮ ਸੀ ਦੀ ਮੁਖੀ ਮਮਤਾ ਬੈਨਰਜੀ ਨੇ ਉਨ੍ਹਾਂ ਦੀਆਂ ਸੇਵਾਵਾਂ ਲਈਆਂ ਹਨ। ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਜੇ ਭਾਜਪਾ ਦੋਡਿਜਿਟਸ ਤੋਂ ਵੱਧ ਸੀਟਾਂ ਜਿੱਤ ਲੈਂਦੀ ਹੈ ਤਾਂ ਉਹ ਟਵਿੱਟਰ ਛੱਡ ਦੇਣਗੇ। ਉਨ੍ਹਾਂ ਦੇ ਇਸ ਬਿਆਨ ਦੇ ਬਾਅਦ ਮਾਈਕ੍ਰੋ ਬਲਾਗਿੰਗ ਵੈਬਸਾਈਟ 'ਤੇ ਭਾਜਪਾ ਨੇਤਾਵਾਂ ਨਾਲ ਜ਼ੁਬਾਨੀ ਜੰਗ ਸ਼ੁਰੂ ਹੋ ਗਈ ਹੈ।ਭਾਜਪਾ ਨੂੰ ਬੰਗਾਲ ਵਿੱਚ ਓਦੋਂ ਬਲ ਮਿਲਿਆ, ਜਦੋਂ ਸ਼ਨੀਵਾਰ ਨੂੰ ਸੂਬੇ ਦੀ ਰਾਜਨੀਤੀ ਵਿੱਚ ਅਹਿਮ ਕੱਦ ਰੱਖਣ ਵਾਲੇ ਸ਼ੁਭੇਂਦੂ ਅਧਿਕਾਰੀ, ਨੌਂ ਵਿਧਾਇਕ ਅਤੇ ਟੀ ਐਮ ਸੀ ਦੇ ਇੱਕ ਪਾਰਲੀਮੈਂਟ ਮੈਂਬਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਗਏ। ਅਮਿਤ ਸ਼ਾਹ ਨੇ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਆਉਂਦੀਆਂ ਚੋਣਾਂ ਵਿੱਚ 200 ਤੋਂ ਵੱਧ ਸੀਟਾਂ 'ਤੇ ਚੋਣਾਂ ਜਿੱਤੇਗੀ। ਪ੍ਰਸ਼ਾਂਤ ਕਿਸ਼ੋਰ ਦੇ ਟਵੀਟ ਦੇ ਜਵਾਬ ਵਿੱਚ ਭਾਜਪਾ ਦੇ ਰਾਸ਼ਟਰੀ ਜਨਰਲ ਸੈਕਟਰੀ ਕੈਲਾਸ਼ ਵਿਜੈਵਰਗੀਯ ਨੇ ਕਿਹਾ ਕਿ 'ਬੰਗਾਲ ਵਿੱਚ ਭਾਜਪਾ ਦੀ ਸੁਨਾਮੀ ਨੂੰ ਦੇਖਦੇ ਹੋਏ ਇੱਕ ਵਾਰ ਨਵੀਂ ਸਰਕਾਰ ਬਣ ਗਈ, ਤਾਂ ਦੇਸ਼ ਇੱਕ ਚੋਣ ਰਣਨੀਤੀਕਾਰ ਨੂੰ ਗੁਆ ਦੇਵੇਗਾ।'

## ਹੋਟਲ 'ਚੋਂ ਪੰਜ ਪਿਸਤੌਲਾਂ ਅਤੇ ਇੱਕ ਜ਼ਿੰਦਾ ਕਾਰਤੂਸ ਸਣੇ ਇੱਕ ਜਣਾ ਗ੍ਰਿਫ਼ਤਾਰ

ਸਿਰਸਾ, 23 ਦਸੰਬਰ (ਪੋਸਟ ਬਿਊਰੋ)- ਸਿਰਸਾ ਸੀ ਆਈ ਏ ਪੁਲਸ ਨੇ ਨਾਜਾਇਜ਼ ਹਥਿਆਰਾਂ ਦਾ ਜਖੀਰਾ ਫੜੇ ਜਾਣ ਦੇ ਕੇਸ 'ਚ ਕਾਰਵਾਈ ਕਰਦੇ ਹੋਏ ਇੱਕ ਹੋਰ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਅਵਤਾਰ ਸਿੰਘ ਲਾਡੀ ਪੁੱਤਰ ਨਿਸ਼ਾਨ ਸਿੰਘ ਹਾਸੂਵਾਲ ਜ਼ਿਲ੍ਹਾ ਗੁਰਦਾਸਪੁਰ ਦਾ ਵਸਨੀਕ ਹੈ। ਪੁਲਸ ਨੇ ਅਵਤਾਰ ਸਿੰਘ ਤੋਂ ਪੰਜ ਪਿਸਤੌਲਾਂ, ਇੱਕ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਸੀ ਆਈ ਏ ਇੰਚਾਰਜ ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ ਉੱਤੇ ਕਾਰਵਾਈ ਕਰ ਕੇ ਹਿਸਾਰ ਦੇ ਇੱਕ ਹੋਟਲ ਤੋਂ ਦੋਸ਼ੀ ਨੂੰ ਫੜਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਦੀ ਪੁੱਛਗਿੱਛ 'ਚ ਦਾਰਾ ਸਿੰਘ ਨੇ ਦੱਸਿਆ ਕਿ ਉਸ ਨੇ ਪੰਜਾਬ ਦੇ ਕਈ ਲੋਕਾਂ ਨੂੰ ਨਾਜਾਇਜ਼ ਹੱਥਿਆਰਦਿੱਤੇ ਹਨ। ਇਸ ਕੇਸ 'ਚ ਅਗਲੀ ਕਾਰਵਾਈ ਹੇਠ ਪੁਲਸ ਨੇ



ਹਿਸਾਰ ਦੇ ਇੱਕ ਹੋਟਲ 'ਚ ਛਾਪੇਮਾਰੀ ਕਰ ਕੇ ਗੁਰਦਾਸਪੁਰ ਵਾਸੀ ਅਵਤਾਰ ਨੂੰ ਫੜਿਆ ਹੈ। ਵਰਨਣ ਯੋਗ ਹੈ ਕਿ ਇਸ ਮਾਮਲੇ 'ਚ ਸਿਰਸਾ ਪੁਲਸ ਨੇ ਪਹਿਲਾਂ ਵੀ 2 ਦੋਸ਼ੀਆਂ ਦਾਰਾ ਸਿੰਘ ਤੇ ਅਮਰਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਸ ਨੇ ਉਨ੍ਹਾਂ ਦੋਵਾਂ ਕੋਲੋਂ ਨਾਜਾਇਜ਼ ਪਿਸਤੌਲ ਤੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਸਨ। ਪੁਲਸ ਨੇ ਦੋਵਾਂ ਦਾ ਅਦਾਲਤ ਕੋਲੋਂ ਸੱਤ ਦਿਨ ਦਾ ਰਿਮਾਂਡ ਹਾਸਲ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੁਲਸ ਦੀ ਕਾਰਵਾਈ ਜਾਰੀ ਹੈ ਅਤੇ ਜਲਦੀ ਹੀ ਇਸ ਮਾਮਲੇ 'ਚ ਹੋਰ ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

## ਰਿਜ਼ੋਰਟ ਵਿੱਚ ਪਾਰਟੀ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ, ਔਰਤ ਸਣੇ 9 ਗ੍ਰਿਫ਼ਤਾਰ

ਇਡੁੱਕੀ, 23 ਦਸੰਬਰ (ਪੋਸਟ ਬਿਊਰੋ)- ਕੇਰਲਾ ਦੇ ਇਡੁੱਕੀ ਦੇ ਇੱਕ ਪ੍ਰਾਈਵੇਟ ਰਿਜ਼ੋਰਟ ਵਿਖੇ ਰੱਖੀ ਪਾਰਟੀ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਦੋਸ਼ ਵਿੱਚ ਇੱਕ ਔਰਤ ਸਣੇ 9 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਸ ਨੇ ਇਸ ਬਾਰੇ ਦੱਸਿਆ ਕਿ ਕੱਲ੍ਹ ਰਾਤ ਘੱਟੋ ਘੱਟ 60 ਲੋਕ ਪਾਰਟੀ ਵਿੱਚ ਸ਼ਾਮਲ ਹੋਏ ਸਨ। ਇਹ ਰਿਜ਼ੋਰਟ ਸੀ ਪੀ ਆਈ ਨੇਤਾ ਅਤੇ ਇਲਾਪਾਰਾ ਦੇ ਸਾਬਕਾ ਪੰਚ-ਾਇਤ ਪ੍ਰਧਾਨ ਸ਼ਾਜੀ ਕੁਟੀਕਿਟ ਦਾ ਹੈ।ਕੁਟੀਕਿਟ ਨੇ ਖਬਰ ਚੈਨਲਾਂ ਨੂੰ ਦੱਸਿਆ ਕਿ ਜਨਮ ਦਿਨ ਪਾਰਟੀ ਲਈ ਕਮਰੇ ਬੁੱਕ ਕੀਤੇ ਗਏ ਸਨ। ਪ੍ਰਬੰਧਕਾਂ ਨੇ ਭਰੋਸਾ ਦਿੱਤਾ ਸੀ ਕਿ ਪਾਰਟੀ ਰਾਤ ਅੱਠ ਵਜੇ ਤੱਕ ਹੋਵੇਗੀ ਅਤੇ ਉਸ ਤੋਂ ਬਾਅਦ ਉਹ ਚਲੇ ਜਾਣਗੇ। ਪਾਰਟੀ ਲਈ 11 ਕਮਰੇ ਬੁੱਕ ਕੀਤੇ ਸਨ। ਕਾਂਗਰਸ ਤੇ ਭਾਜਪਾ ਵਰਕਰਾਂ ਨੇ ਰਿਜ਼ੋਰਟ ਅੱਗੇ ਵੱਖ-ਵੱਖ ਰੈਲੀਆਂ ਕੀਤੀਆਂ ਅਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਕਾਂਗਰਸ ਨੇ ਦੋਸ਼ ਲਾਇਆ ਕਿ ਅਜਿਹੀਆਂ ਪਾਰਟੀਆਂ ਅਕਸਰ ਰਿਜ਼ੋਰਟ ਵਿਖੇ ਹੁੰਦੀਆਂ ਹਨ ਅਤੇ ਪੁਲਸ ਨੇ ਉਨ੍ਹਾਂ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ। ਪੁਲਸ ਨੇ ਦੱਸਿਆ ਕਿ ਨਾਰਕੋਟਿਕਸ ਕੰਟਰੋਲ ਉਤੇ ਐਨ ਡੀ ਪੀ ਐਸ ਐਕਟ ਦੇ ਤਹਿਤ 9 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵਧੀਕ ਪੁਲਸ ਸੁਪਰਡੈਂਟ ਸੁਰੇਸ਼ ਕੁਮਾਰ ਨੇ ਕਿਹਾ ਕਿ ਪਾਰਟੀ ਵਿੱਚ ਹਿੱਸਾ ਲੈਣ ਵਾਲੇ 60 ਲੋਕਾਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਨਸ਼ੀਲੀਆਂ ਦਵਾਈਆਂ ਵੀ ਜ਼ਬਤ ਕਰ ਲਈਆਂ ਗਈਆਂ ਹਨ।

## ਸ਼ਿਵ ਸੈਨਾ ਬੋਲੀ; ਰਾਮ ਮੰਦਰ ਦੀ ਚੰਦਾ ਮੁਹਿੰਮ ਦੇ ਪਰਦੇ ਹੇਠ ਚੋਣ ਪ੍ਰਚਾਰ ਹੋਵੇਗਾ

ਮੁੰਬਈ, 23 ਦਸੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਨੇ ਦੋਸ਼ ਲਾਇਆ ਹੈ ਕਿ ਅਯੋਧਿਆ ਵਿੱਚ ਰਾਮ ਮੰਦਰ ਬਣਾਉਣ ਦੇ ਲਈ ਲੋਕਾਂ ਤੋਂ ਚੰਦਾ ਇਕੱਠਾ ਕਰਨ ਲਈ ਚਲਾਈ ਜਾਣ ਵਾਲੀ ਸੰਪਰਕ ਮੁਹਿੰਮ ਭਗਵਾਨ ਰਾਮ ਦੇ ਮੰਦਰ ਦੀ ਉਸਾਰੀ ਦੇ ਪਰਦੇ ਹੇਠ 2024 ਦੀਆਂ ਆਮ ਚੋਣਾਂ ਲਈ ਪ੍ਰਚਾਰ ਕਰਨ ਵਰਗਾ ਹੈ।

ਇਸ ਬਾਰੇ ਸ਼ਿਵ ਸੈਨਾ ਨੇ ਆਪਣੇ ਮੁੱਖ ਪੱਤਰ 'ਸਾਮਨਾ' ਵਿੱਚ ਕਿਹਾ ਕਿ ਇਹ ਕਦੇ ਤੈਅ ਨਹੀਂ ਹੋਇਆ ਸੀ ਕਿ ਮੰਦਰ ਉਸਾਰੀ ਲੋਕਾਂ ਦੇ ਚੰਦੇ ਨਾਲ ਕੀਤੀ ਜਾਵੇਗੀ। ਉਸ ਨੇ ਕਿਹਾ ਕਿ ਭਗਵਾਨ ਰਾਮ ਦੇ ਨਾਮ 'ਤੇ ਪ੍ਰਚਾਰ ਮੁਹਿੰਮ ਇੱਕ ਨੁਕਤੇ 'ਤੇ ਬੰਦ ਹੋ ਜਾਣੀ ਚਾਹੀਦੀ ਹੈ ਪਰ ਇਹ ਹੁੰਦਾ ਨਹੀਂ ਲੱਗਦਾ। ਉਸ ਨੇ ਦੋਸ਼ ਲਾਇਆ ਕਿ ਲੋਕਾਂ ਤੋਂ ਚੰਦਾ ਇਕੱਠਾ ਕਰਨ ਦਾ ਮਾਮਲਾ ਸਿੱਧਾ-ਸਰਲ ਨਹੀਂ, ਇਹ ਰਾਜਨੀਤਕ ਹੈ।

ਸ਼ਿਵ ਸੈਨਾ ਦੇ ਨੇਤਾ ਅਤੇ ਪਾਰਲੀਮੈਂਟ ਸੰਜੈ ਰਾਊਤ ਨੇ ਪੱਤਰਕਾਰਾਂ ਨੂੰ ਕਿਹਾ ਕਿ ''ਘਰ-




ਘਰ ਜਾ ਕੇ ਭਗਵਾਨ ਦੇ ਨਾਂ 'ਤੇ ਚੰਦਾ ਮੰਗਣਾ ਰਾਮ ਮੰਦਰ ਅਤੇ ਹਿੰਦੁਤਵ ਦਾ ਨਿਰਾਦਰ ਹੈ।'' ਉਨ੍ਹਾਂ ਕਿਸੇ ਪਾਰਟੀ ਦਾ ਨਾਂ ਲਏ ਬਿਨਾਂ ਕਿਹਾ ਕਿ ਭਗਵਾਨ ਰਾਮ ਦੇ ਨਾਂ 'ਤੇ ਰਾਜਨੀਤਕ ਡਰਾਮਾ ਬੰਦ ਹੋਣਾ ਚਾਹੀਦਾ ਹੈ। ਰਾਊਤ ਨੇ ਕਿਹਾ ਕਿ ਅਦਾਲਤ ਦੇ ਹੁਕਮ ਪਿੱਛੋਂ ਮੰਦਰ ਦੀ ਉਸਾਰੀ ਕਰਨੀ ਚਾਹੀਦੀ ਹੈ ਅਤੇ ਪ੍ਰਧਾਨ ਮੰਤਰੀ ਨੇ ਇਸ ਦਾ ਭੂਮੀ ਪੂਜਨ ਕੀਤਾ ਹੈ। ਕਈ ਪਤਵੰਤੇ ਲੋਕ ਵੀ ਇਸ ਟਰੱਸਟ ਦੇ ਬੈਂਕ ਖਾਤੇ 'ਚ ਚੰਦਾ ਦੇ ਰਹੇ ਹਨ ਅਤੇ ਸ਼ਿਵ ਸੈਨਾ ਨੇ ਵੀ ਇੱਕ ਕਰੋੜ ਰੁਪਏ ਦਾ ਚੰਦਾ ਦਿੱਤਾ ਹੈ। ਫਿਰ ਤੁਸੀਂ ਕਿਸ ਪ੍ਰਚਾਰ ਲਈ ਇਨ੍ਹਾਂ ਚਾਰ ਲੱਖ ਸਵੈਂ-ਸੇਵਕਾਂ ਨੂੰ ਭੇਜ ਰਹੇ ਹੋ।

## ਸੰਸਾਰ ਭਰ ਦੇ ਪ੍ਰਾਹੁਣਾਚਾਰੀ, ਸੈਰ-ਸਪਾਟਾ ਖੇਤਰ ਨੂੰ ਸਾਲ 2020 ਦਾ ਝਟਕਾ

ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਸਾਲ 2020 'ਚ ਕੋਰੋਨਾ ਵਾਇਰਸ ਵਰਗੇ ਬਿਨਾਂ ਬੁਲਾਏ ਮਹਿਮਾਨ ਨੇ ਨਾ ਸਿਰਫ ਭਾਰਤ, ਸਗੋਂ ਪੂਰੀ ਦੁਨੀਆ 'ਚ ਮਹਿਮਾਨਾਂ ਦੀ ਆਓ-ਭਗਤ ਕਰਨ ਵਾਲੇ ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ ਖੇਤਰ ਨੂੰ ਝਟਕਾ ਦਿੱਤਾ ਹੈ।ਚਾਲੂ ਸਾਲ 'ਚ ਤਿੰਨ ਤਿਮਾਹੀਆਂ 'ਚ ਘਰੇਲੂ ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ ਖੇਤਰ ਨੂੰ 15 ਲੱਖ ਕਰੋੜ ਰੁਪਏ ਤੱਕ ਦੇ ਨੁਕਸਾਨ ਦਾ ਅੰਦਾਜ਼ਾ ਹੈ। ਸਾਲ 2021 'ਚ ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ ਖੇਤਰ ਨੂੰ ਹਾਲਾਤ 'ਚ ਸੁਧਾਰ ਅਤੇ ਸਰਕਾਰ ਤੋਂ ਮਦਦ ਮਿਲਣ ਦੀ ਬਹੁਤ ਉਮੀਦ ਹੈ।

ਲਾਕਡਾਊਨ ਖੁੱਲ੍ਹਣ ਤੋਂ ਬਾਅਦ ਅਰਥਵਿਵਸਥਾ ਦੇ ਬਹੁਤੇ ਖੇਤਰ ਸੁਧਾਰ ਦੇ ਰਾਹ 'ਤੇ ਹਨ, ਪਰ ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ ਖੇਤਰ 'ਚ ਅਜੇ ਸਥਿਤੀ ਜਿਓਂ ਦੀ ਤਿਓਂ ਬਣੀ ਹੋਈ ਹੈ। ਅਜਿਹੇ 'ਚ ਖੇਤਰ ਦੇ ਮਾਹਿਰਾਂ ਨੇ ਸਰਕਾਰ ਨੂੰ ਉਦੋਂ ਤੱਕ ਤੈਅ ਕੀਤਾ ਹੋਇਆ



ਸਮਰਥਨ ਦੇਣ ਦੀ ਅਪੀਲ ਕੀਤੀ ਹੈ ਜਦੋਂ ਤੱਕ ਟੀਕੇ ਬਾਰੇ ਲੋਕਾਂ 'ਚ ਵਿਸ਼ਵਾਸ ਪੈਦਾ ਨਹੀਂ ਹੋ ਜਾਂਦਾ। ਇਸ ਨਾਲ ਉਨ੍ਹਾਂ ਨੂੰ ਆਪਣੇ ਕਾਰੋਬਾਰ ਚਾਲੂ ਰੱਖਣ ਤੇ ਲੋਕਾਂ ਦੀਆਂ ਨੌਕਰੀਆਂ ਬਚਾਈ ਰੱਖਣ 'ਚ ਮਦਦ ਮਿਲੇਗੀ।ਫੈਡਰੇਸ਼ਨ ਆਫ ਐਸੋਸੀਏਸ਼ਨਸ ਇਨ ਇੰਡੀਅਨ ਟੂਰਿਜ਼ਮ ਐਂਡ ਹਾਸਪਿਟੈਲਿਟੀ (ਫੇਥ) ਦੇ ਚੇਅਰਮੈਨ ਨਕੁਲ ਆਨੰਦ ਨੇ ਕਿਹਾ, ''ਬੀਤੀ ਇੱਕ ਸਦੀ ਤੋਂ ਵੀ ਵੱਧ ਸਮੇਂ 'ਚ ਇਹ ਤਿੰਨ ਤਿਮਾਹੀਆਂ ਉਦਯੋਗ ਲਈ ਸਭ ਤੋਂ ਬੁਰੀਆਂ ਰਹੀਆਂ ਹਨ।ਇਸ ਸਥਿਤੀ ਦੀਆਂ ਅਗਲੀਆਂ ਦੋ ਤਿਮਾਹੀਆਂ 'ਚ ਉਦੋਂ ਤੱਕ ਬਣੇ ਰਹਿਣ ਦੀ ਉਮੀਦ ਹੈ ਜਦੋਂ ਤੱਕ ਸਾਰੇ ਟੀਚੇ ਵਾਲੇ ਬਾਜ਼ਾਰਾਂ ਅਤੇ ਸੂਤਰਾਂ ਤੱਕ ਟੀਕਾ ਨਹੀਂ ਪਹੁੰਚ ਜਾਂਦਾ।''

ਮਹਾਮਾਰੀ ਦੀ ਸ਼ੁਰੂਆਤ ਸਮੇਂ ਫੇਥ ਨੇ ਇਸ ਨਾਲ ਤਿੰਨ ਤਿਮਾਹੀਆਂ 'ਚ ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ ਖੇਤਰ 'ਚ 10 ਲੱਖ ਕਰੋੜ ਰੁਪਏ ਤੱਕ ਦੇ ਨੁਕਸਾਨ ਦਾ ਮੁਲਾਂਕਣ ਕੀਤਾ ਸੀ।ਆਨੰਦ ਨੇ ਕਿਹਾ ਕਿ ਇਕਹਿਰੇ ਆਧਾਰ ਉੱਤੇ ਪਹਿਲੀ ਅਤੇ ਦੂਜੀ ਤਿਮਾਹੀ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਅੰਕੜਿਆਂ ਅਨੁਸਾਰ ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ ਖੇਤਰ 'ਚ ਅਰਥਵਿਵਸਥਾ ਦੇ ਮੁਕਾਬਲੇ ਦੁਗਣੀ ਗਿਰਾਵਟ ਵੇਖੀ ਗਈ ਹੈ।

## ਨੇਪਾਲੀ ਹੋਟਲ ਵਿੱਚ ਔਰਤਾਂ ਨਾਲ ਫੜੇ ਬਿਹਾਰ ਦੇ ਤਿੰਨ ਜੱਜ ਨੌਕਰੀ ਤੋਂ ਬਰਤਰਫ

ਪਟਨਾ, 23 ਦਸੰਬਰ (ਪੋਸਟ ਬਿਊਰੋ)- ਕੁਝ ਸਾਲ ਪਹਿਲਾਂਨੇਪਾਲ ਦੇ ਇੱਕ ਹੋਟਲ ਵਿੱਚ ਔਰਤਾਂ ਨਾਲ ਇਤਰਾਜ਼ਯੋਗ ਹਾਲਤ ਵਿੱਚ ਫੜੇ ਗਏ ਬਿਹਾਰ ਦੇ ਤਿੰਨ ਜੱਜਾਂ ਹਰੀ ਨਿਵਾਸ ਗੁਪਤਾ, ਜਤਿੰਦਰ ਨਾਥ ਸਿੰਘ ਅਤੇ ਕੋਮਲ ਰਾਮ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਉਨ੍ਹਾਂ ਦੀ ਬਰਤਰਫੀ 12 ਫਰਵਰੀ 2014 ਤੋਂ ਲਾਗੂ ਮੰਨੀ ਜਾਏਗੀ ਅਤੇ ਉਹ ਪੈਨਸ਼ਨ ਸਮੇਤ ਸੇਵਾਮੁਕਤੀ ਦੇ ਸਾਰੇ ਲਾਭਾਂ ਤੋਂ ਵੀ ਵਾਂਝੇ ਕਰ ਦਿੱਤੇ ਗਏ ਹਨ।

ਵਰਨਣ ਯੋਗ ਹੈ ਕਿ ਹਰੀ ਨਿਵਾਸ ਗੁਪਤਾ ਉਸ ਘਟਨਾ ਸਮੇਂ ਸਮਸਤੀਪੁਰ ਵਿੱਚ ਇੱਕ ਫੈਮਿਲੀ ਕੋਰਟ ਦੇ ਚੀਫ ਜੱਜ ਸਨ। ਜਤਿੰਦਰ ਨਾਥ ਸਿੰਘ ਅਤੇ



ਕੋਮਲ ਰਾਮ ਕ੍ਰਮਵਾਰ ਐਡੀਸ਼ਨਲ ਜ਼ਿਲ੍ਹਾ ਜੱਜ ਅਤੇ ਐਡੀਸ਼ਨਲ ਜੱਜ ਸਨ। ਨੇਪਾਲ ਪੁਲਸ ਨੇ ਵਿਰਾਟ ਨਗਰ ਦੇ ਇੱਕ ਹੋਟਲ ਵਿੱਚੋਂ ਤਿੰਨਾਂ ਨੂੰ ਛਾਪੇ ਦੌਰਾਨ ਫੜਿਆ ਤੇ ਫਿਰ ਛੱਡ ਦਿੱਤਾ ਸੀ। ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਨੇਪਾਲ ਦੀ ਇੱਕ ਅਖ਼ਬਾਰ ਨੇ ਇਸ ਦੀ ਖ਼ਬਰ ਛਾਪੀ। ਉਸ ਪਿੱਛੋਂ ਪਟਨਾ ਹਾਈ ਕੋਰਟ ਨੇ ਜਾਂਚ ਕੀਤੀ ਅਤੇ ਤਿੰਨੇ ਦੋਸ਼ੀ ਪਾਏ ਗਏ। ਸੁਪਰੀਮ ਕੋਰਟ ਨੇ ਪਿਛਲੇ ਸਾਲ ਉਨ੍ਹਾਂ ਦੀ ਅਪੀਲ ਰੱਦ ਕਰ ਦਿੱਤੀ ਸੀ।




# ਏਅਰਲਾਈਨ ਨੇ 69 ਮੁਸਾਫਰਾਂ ਨੂੰ 255 ਕਿਲੋਮੀਟਰ ਦੂਰ ਕਿਸੇ ਥਾਂ ਜਾ ਪਹੁੰਚਾਇਆ

ਕਾਠਮੰਡੂ, 23 ਦਸੰਬਰ (ਪੋਸਟ ਬਿਊਰੋ)- ਨੇਪਾਲ ਦੀ ਇੱਕ ਨਿੱਜੀ ਏਅਰਲਾਈਨ ਬੁੱਧ ਏਅਰ ਦੇ ਇੱਕ ਜਹਾਜ਼ ਵਿੱਚ ਜਨਕਪੁਰ ਜਾਣ ਲਈ ਮੁਸਾਫਰ ਸਵਾਰ ਹੋਏ, ਪਰ ਪਹੁੰਚ ਗਏ ਪੋਖਾਰਾ, ਅਸਲ ਮੰਜ਼ਿਲ ਤੋਂ 255 ਕਿਲੋਮੀਟਰ ਦੂਰ, ਜਿਸ ਦੀ ਖਬਰ ਸੁਣਨ ਦੇ ਬਾਅਦ ਹਰ ਕੋਈ ਹੈਰਾਨ ਹੋ ਰਿਹਾ ਹੈ।



ਕਾਠਮੰਡੂ ਟਾਈਮਜ਼ ਦੀ ਰਿਪੋਰਟ ਮੁਤਾਬਕ ਮੌਸਮ ਦੀਆਂ ਪ੍ਰੇਸ਼ਾਨੀਆਂ ਕਾਰਨ ਪੋਖਰਾ ਜਾਣ ਲਈ ਤਿੰਨ ਵਜੇ ਤੱਕ ਉਡਾਣ ਦੀ ਮਨਜ਼ੂਰੀ ਦਿੱਤੀ ਗਈ ਸੀ। ਫਲਾਈਟਸ ਦੇ ਆਪਰੇਸ਼ਨ ਵਿੱਚ ਉਂਵ ਵੀ ਦੇਰ ਹੋ ਰਹੀ ਸੀ, ਅਜਿਹੇ ਵਿੱਚ ਬੁੱਧ ਏਅਰ ਦੇ ਅਧਿਕਾਰੀਆਂ ਨੇ ਪਹਿਲਾਂ ਪੋਖਰਾ ਦੀ ਫਲਾਈਟ ਰਵਾਨਾ ਕਰਨ ਦਾ ਫੈਸਲਾ ਕੀਤਾ। ਇਸ ਕਾਰਨ ਫਲਾਈਟਸ ਦੇ ਨੰਬਰ ਚੇਂਜ ਕਰ ਦਿੱਤੇ ਗਏ। ਗਰਾਊਂਡ ਸਟਾਫ ਨੇ ਆਨ ਪੇਪਰ ਪੋਖਰਾ ਜਾਣ ਵਾਲੇ 69 ਮੁਸਾਫਰਾਂ ਦੀ ਲਿਸਟ ਫਲਾਈਟ ਯੂ-4505 ਤੋਂ ਬਦਲ ਕੇ ਫਲਾਈਟ ਯੂ-4607 ਕਰ ਦਿੱਤੀ, ਪਰ ਇਸ ਬਾਰੇ ਫਲਾਈਟ ਕੈਪਟਨ ਅਤੇ ਕੋ-ਪਾਇਲਟ ਨੂੰ ਜਾਣਕਾਰੀ ਨਾ ਦੇਣ ਦੀ ਗਲਤੀ ਕਰ ਦਿੱਤੀ। ਫਲਾਈਟ ਅਟੈਂਡੈਂਟ ਨੇ ਵੀ ਪਲੇਨ ਵਿੱਚ ਅਨਾਊਂਸਮੈਂਟ ਕੀਤੀ ਕਿ ਫਲਾਈਟ ਜਨਕਪੁਰ ਲਈ ਉਡਾਣ ਭਰ ਰਹੀ ਹੈ। ਅਜਿਹੇ ਵਿੱਚ ਮੁਸਾਫਰ ਕੁਝ ਨਹੀਂ ਕਰ ਸਕਦੇ ਤੇ ਜਹਾਜ਼ ਉਡਾਣ ਭਰ ਚੁੱਕਾ ਸੀ। ਜਨਕਪੁਰ ਤੇ ਪੋਖਰਾ ਦੀਆਂ ਉਡਾਣਾਂ ਵਿੱਚ 15-20 ਮਿੰਟ ਦਾ ਫਰਕ ਸੀ। ਏਅਰਲਾਈਨ ਦੇ ਮੈਨੇਜਿੰਗ ਡਾਇਰੈਕਟਰ ਬੀਰੇਂਦਰ ਬਹਾਦਰ ਬਸੰਤ ਨੇ ਕਿਹਾ ਕਿ ਉਨ੍ਹਾਂ ਵੱਲੋਂ ਵੱਡੀ ਗਲਤੀ ਹੋਈ ਹੈ। ਇਸ ਦੀ ਜਾਂਚ ਲਈ ਕਮੇਟੀ ਬਣਾਈ ਹੈ।

# ਟਰੇਨ ਚਲਾਉਂਦੀ ਪ੍ਰੇਮਿਕਾ ਨੂੰ ਪ੍ਰੇਮੀ ਨੇ ਸਟੇਸ਼ਨ ਉਤੇ ਪਹੁੰਚ ਕੇ ਇੰਝ ਪ੍ਰਪੋਜ਼ ਕੀਤਾ

ਡਬਲਿਨ, 23 ਦਸੰਬਰ (ਪੋਸਟ ਬਿਊਰੋ)- ਕੁਝ ਪ੍ਰਪੋਜ਼ਲ ਇੰਨੇ ਸ਼ਾਨਦਾਰ ਹੁੰਦੇ ਹਨ ਕਿ ਪਬਲਿਕ ਉਨ੍ਹਾਂ ਦੇ ਵੀਡੀਓਜ਼ ਨੂੰ ਵਾਰ-ਵਾਰ ਦੇਖਣਾ ਚਾਹੁੰਦੀ ਹੈ। ਤਾਜ਼ਾ ਵੀਡੀਓ ਵੀ ਕੁਝ ਅਜਿਹਾ ਹੀ ਹੈ।

ਇਹ ਮਾਮਲਾ ਆਇਰਲੈਂਡ ਦੀ ਰਾਜਧਾਨੀ ਡਬਲਿਨ ਦਾ ਹੈ, ਜਿੱਥੋਂ ਦੇ ਪੀਅਰਸ ਸਟੇਸ਼ਨ ਉਤੇ ਇੱਕ ਲੇਡੀ ਲੋਕੋ ਪਾਇਲਟ (ਟ੍ਰੇਨ ਡਰਾਈਵਰ) ਨੂੰ ਉਸ ਦੇ ਪ੍ਰੇਮੀ ਨੇ ਬੜੇ ਗਜ਼ਬ ਦੇ ਅੰਦਾਜ਼ ਵਿੱਚ ਪ੍ਰਪੋਜ਼ ਕੀਤਾ। ਇਸ ਮੌਕੇ ਦਾ ਵੀਡੀਓ ਸੋਸ਼ਲ ਮੀਡੀਆ ਉਤੇ ਛਾ ਚੁੱਕਾ ਹੈ। ਇਹ ਵੀਡੀਓ ਟਵਿੱਟਰ ਯੂਜ਼ਰ ਨੇ 16 ਦਸੰਬਰ ਨੂੰ ਸ਼ੇਅਰ ਕੀਤਾ। ਉਨ੍ਹਾਂ ਨੇ ਕੈਪਸ਼ਨ ਵਿੱਚ ਲਿਖਿਆ, ਮੈਨੂੰ ਨਹੀਂ ਲੱਗਦਾ ਕਿ 13 ਘੰਟੇ ਦੀ ਥਕਾ ਦੇਣ



ਵਾਲੀ ਸ਼ਿਫਟ ਪਿੱਛੋਂ ਇਸ ਤੋਂ ਸ਼ਾਨਦਾਰ ਕੁਝ ਹੋ ਸਕਦਾ ਹੈ। ਸ਼ਖਸ ਨੇ ਆਪਣੀ ਪ੍ਰੇਮਿਕਾ ਨੂੰ ਪੀਅਰਸ ਸਟੇਸ਼ਨ 'ਤੇ ਪ੍ਰਪੋਜ਼ ਕੀਤਾ, ਜੋ ਟਰੇਨ ਦੀ ਡਰਾਈਵਰ ਸੀ। ਇਸ ਵੀਡੀਓ ਨੂੰ ਚਾਰ ਲੱਖ ਤੋਂ ਵੱਧ ਵਿਊਜ਼ ਅਤੇ 13 ਲੱਖ ਤੋਂ ਵੱਧ ਲਾਈਕਸ ਮਿਲ ਚੁੱਕੇ ਹਨ।ਦੇਖਿਆ ਗਿਆ ਹੈ ਕਿ ਇੱਕ ਟ੍ਰੇਨ ਪੀਅਰਸ ਸਟੇਸ਼ਨ 'ਤੇ ਆ ਕੇ ਰੁਕਦੀ ਹੈ। ਉਸ ਵਿੱਚੋਂ ਸ਼ਖਸ ਦੀ ਪ੍ਰੇਮਿਕਾ (ਲੇਡੀ ਡਰਾਈਵਰ) ਹੇਠਾਂ ਉਤਰਦੀ ਹੈ। ਉਹ ਸਿੱਧਾ ਬੰਦੇ ਵੱਲ ਵਧਦੀ ਹੈ, ਜੋ ਗਰਲਫਰੈਂਡ ਦੇ ਕਰੀਬ ਪਹੁੰਚਦੇ ਸਾਰ ਗੋਡਿਆਂ 'ਤੇ ਪਹੁੰਚ ਜਾਂਦਾ ਹੈ। ਸ਼ਖਸ ਦੇ ਹੱਥਾਂ ਵਿੱਚ ਫੁੱਲਾਂ ਦਾ ਇੱਕ ਗੁਲਦਸਤਾ ਅਤੇ ਸਾਹਮਣੇ ਇੱਕ ਵੱਡਾ ਜਿਹਾ ਬੋਰਡ ਰੱਖਿਆ ਨਜ਼ਰ ਆਉਂਦਾ ਹੈ ਜਿਸ ਉਤੇ 'ਮੇਰੇ ਨਾਲ ਵਿਆਹ ਕਰੇਂਗੀ' ਲਿਖਿਆ ਹੈ ਅਤੇ ਹਾਂ, ਬੈਕਗਰਾਊਂਡ ਵਿੱਚ ਤੁਸੀਂ ਜੇਮਸ ਬਲੰਟ ਦਾ ਗਾਣਾ 'ਯੂ ਮੇਕ ਮੀ ਬੈਟਰ' ਵੀ ਸੁਣ ਸਕਦੇ ਹੋ। ਖੈਰ, ਵੀਡੀਓ ਦੀ ਸਮਾਪਤੀ ਮਹਿਲਾ ਪਾਉਲਾ ਕਾਰਬੋ ਜਿਆ ਦੇ ਹਾਂ ਕਹਿਣ ਦੇ ਨਾਲ ਹੁੰਦੀ ਹੈ।

## ਅਮਰੀਕਾ 'ਚ ਭਾਰਤੀ ਮੂਲ ਦੇ ਇੰਜੀਨੀਅਰ ਨੂੰ 2 ਸਾਲ ਦੀ ਸਜ਼ਾ

ਸੈਕਰਾਮੈਂਟੋ, 23 ਦਸੰਬਰ (ਪੋਸਟ ਬਿਊਰੋ)- ਸਿਸਕੋ ਦੇ ਸਾਬਕਾ ਇੰਜੀਨੀਅਰ ਅਤੇ ਭਾਰਤੀ ਮੂਲ ਦੇ ਅਮਰੀਕੀ ਸੁਧੀਸ਼ ਕਸਾਬਾ ਰਮੇਸ਼ ਨੂੰ ਕੰਪਨੀ ਛੱਡਣ ਤੋਂ ਬਾਅਦ ਅਣ-ਧਿਕਾਰਤ ਤੌਰ 'ਤੇ ਕੰਪਨੀ ਦਾ ਨੈਟਵਰਕ ਵਰਤਣ (ਹੈਕ ਕਰਨ) ਦੇ ਦੋਸ਼ 'ਚ 2 ਸਾਲ ਦੀ ਸਜ਼ਾ ਹੋਈ ਹੈ। ਰਮੇਸ਼ 'ਤੇ ਇਹ ਵੀ ਦੋਸ਼ ਹੈ ਕਿ ਉਸ ਨੇ ਨੈਟਵਰਕ ਦੀ ਵਰਤੋਂ ਕਰਨ ਦੇ ਬਾਅਦ ਇਸ ਸਰਵਰ ਨੂੰ ਨਸ਼ਟ ਕਰ ਦਿੱਤਾ ਸੀ, ਜਿਸ ਦਾ ਭੇਦ ਖੁੱਲ੍ਹ ਗਿਆ।

ਮਿਲੀ ਜਾਣਕਾਰੀ ਅਨੁਸਾਰ 31 ਸਾਲਾ ਰਮੇਸ਼, ਜਿਹੜਾ ਸੈਨਹੋਜ਼ੇ (ਕੈਲੀਫੋਰਨੀਆ) ਦਾ ਵਸਨੀਕ ਹੈ, ਦੇ ਵਿਰੁੱਧ ਰਸਮੀ ਤੌਰ 'ਤੇ ਇਸ ਸਾਲ ਜੁਲਾਈ 'ਚ ਦੋਸ਼ ਲਾਗੂ ਕੀਤੇ ਗਏ ਸਨ ਅਤੇ ਅਗਸਤ 'ਚ ਉਸ ਨੇ ਆਪਣਾ ਗੁਨਾਹ ਮੰਨ ਲਿਆ ਸੀ। ਰਮੇਸ਼ ਨੇ ਸਿਸਕੋ 'ਚ ਜੁਲਾਈ 2016 ਤੋਂ ਅਪ੍ਰੈਲ 2018 ਤੱਕ ਕੰਮ ਕੀਤਾ ਸੀ। ਉਸ ਨੇ ਅਸਤੀਫ਼ਾ ਦੇ ਕੇ ਹੋਰ ਕੰਪਨੀ ਵਿੱਚ ਨੌਕਰੀ ਕਰ ਲਈ ਸੀ। ਇਸ ਤੋਂ 5 ਮਹੀਨੇ ਬਾਅਦ ਸਤੰਬਰ 2018 ਵਿੱਚ ਉਹ ਸਿਸਕੋ ਦੇ 'ਕਲਾਊਡ ਇਨਫਰਾਸਟਰਕਚਰ' ਡੋ ਐਮਾਜ਼ੋਨ ਦੀ ਵੈਬ ਸਰਵਿਸ ਉਪਰ ਸੀ। ਜਾਂਚਕਾਰਾਂ ਅਨੁਸਾਰ ਰਮੇਸ਼ ਵੱਲੋਂ ਕੰਪਨੀ ਦੇ ਨੈਟਵਰਕ ਦੀ ਕੀਤੀ ਗਈ ਵਰਤੋਂ ਨਾਲ 456 ਤਕਨੀਕੀ ਨੁਕਤੇ ਖ਼ਤਮ ਹੋ ਗਏ ਜੋ ਸਿਸਕੋ ਦੇ ਵੀਡੀਓ ਕਾਨਫਰੰਸਿੰਗ ਸਾਫ਼ਟਵੇਅਰ ਸਨ। ਨਤੀਜੇ ਵਜੋਂ ਆਰਜ਼ੀ ਤੌਰ 'ਤੇ 16000 ਤੋਂ ਵੱਧ ਵੈਬਐਕਸ ਅਕਾਊਂਟਸ ਸਾਫ਼ ਹੋ ਗਏ ਸਨ।

# ਪਾਕਿਸਤਾਨੀ ਲੋਕ ਨਵੇਂ ਸਾਲ ਵਿੱਚ ਗੈਸ ਦੇ ਮਹਾਂ ਸੰਕਟ ਨਾਲ ਜੂਝਣਗੇ

ਇਸਲਾਮਾਬਾਦ, 23 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਜਨਤਾ ਲਈ ਨਵਾਂ ਸਾਲ ਖ਼ੁਸ਼ੀਆਂ ਨਹੀਂ, ਸਗੋਂ ਔਖ ਦਾ ਸਮਾ ਲੈ ਕੇ ਆ ਰਿਹਾ ਹੈ। ਜਨਵਰੀ 'ਚ ਪਾਕਿਸਤਾਨ ਭਿਆਨਕ ਗੈਸ ਸੰਕਟ ਨਾਲ ਜੂਝਣ ਵਾਲਾ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ 'ਚ ਗੈਸ ਸਪਲਾਈ ਕਰਨ ਵਾਲੀ ਵੱਡੀ ਕੰਪਨੀ ਸੁਈ ਨਾਰਦਰਨ 500 ਮਿਲੀਅਨ ਸਟੈਂਡਰਡ ਕਿਊਬਿਕ ਫੁੱਟ ਰੋਜ਼ ਗੈਸ ਦੀ ਕਮੀ ਨਾਲ ਜੂਝੇਗੀ। ਗੈਸ ਦੀ ਇਸ ਭਾਰੀ ਕਿੱਲਤ ਕਾਰਨ ਕੰਪਨੀ ਕੋਲ ਪਾਵਰ ਸੈਕਟਰ ਨੂੰ ਗੈਸ ਦੀ ਸਪਲਾਈ ਰੋਕਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੋਵੇਗਾ।ਅਖ਼ਬਾਰ ਦਿ ਨਿਊਜ਼ ਮੁਤਾਬਕ ਬਿਜਲੀ ਸੈਕਟਰ ਤੋਂ



ਐਲ ਐਨ ਜੀ ਦੀ ਕਮੀ ਕਰਕੇ ਉਸ ਨੂੰ ਘਰੇਲੂ ਖਪਤਕਾਰਾਂ ਨੂੰ ਦੇਣ ਦੇ ਨਾਲ ਸੰਕਟ ਘੱਟ ਨਹੀਂ ਹੋਣ ਵਾਲਾ। ਇਸ ਦੇ ਬਾਅਦ ਵੀ 250 ਮਿਲੀਅਨ ਸਟੈਂਡਰਡ ਕਿਬਿਊਕ ਫੁੱਟ ਰੋਜ਼ਾਨਾ ਗੈਸ ਦੀ ਕਮੀ ਬਣੀ ਰਹੇਗੀ। ਅਧਿਕਾਰੀਆਂ ਨੂੰ ਉਦਯੋਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਆਰ ਐਲ ਐਨ ਜੀ 'ਚ ਵੀ ਹਫ਼ਤੇ ਦੇ ਇੱਕ ਦਿਨ ਕਟੌਤੀ ਕਰਨੀ ਪਵੇਗੀ। ਮੰਨਿਆ ਜਾ ਰਿਹਾ ਹੈ ਕਿ 4 ਤੋਂ 20 ਜਨਵਰੀ ਦਰਮਿਆਨ ਗੈਸ ਦੀ ਕਮੀ ਸਭ ਤੋਂ ਵੱਧ ਰਹੇਗੀ।ਪਾਕਿਸਤਾਨ ਦੀ ਇਮਰਾਨ ਖ਼ਾਨ ਸਰਕਾਰ ਨੇ ਸਮੇਂ ਸਿਰ ਗੈਸ ਨਹੀਂ ਖਰੀਦੀ, ਜਿਸ ਦਾ ਖਾਮਿਆਜ਼ਾ ਦੇਸ਼ ਦੀ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਦੱਸਿਆ ਕਿ ਖ਼ੁਰਾਕ ਉਦਯੋਗ ਲਈ ਪਹਿਲਾਂ ਹੀ ਗੈਸ ਦੀ ਸਪਲਾਈ ਰੋਕ ਦਿੱਤੀ ਗਈ ਹੈ। ਇਸ ਦੌਰਾਨ ਗੈਸ ਦੀ ਸਪਲਾਈ ਰੁਕਣ ਨਾਲ ਪੰਜਾਬ ਅਤੇ ਹੋਰ ਰਾਜਾਂ 'ਚ ਲੋਕਾਂ ਨੂੰ ਘੱਟ ਸੇਕ 'ਤੇ ਖਾਣਾ ਪਕਾਉਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਸਰਕਾਰ ਉਦਯੋਗਾਂ ਨੂੰ ਗੈਸ ਰੋਕ ਕੇ ਲੋਕਾਂ ਦੇ ਘਰਾਂ 'ਚ ਸਪਲਾਈ ਦੇ ਰਹੀ ਹੈ

# ਅਫਗਾਨਿਸਤਾਨ ਵਿੱਚ ਚੀਨ ਅਤੇ ਪਾਕਿਸਤਾਨ ਦੀ ਜਾਸੂਸੀ ਦਾ ਖੁਲਾਸਾ

ਕਾਬੁਲ, 23 ਦਸੰਬਰ (ਪੋਸਟ ਬਿਊਰੋ)-ਚੀਨੀ ਕਮਿਊਨਿਸਟ ਪਾਰਟੀ (ਸੀ ਸੀ ਪੀ) ਦੇ ਕਰੀਬ 1.95 ਕੇਡਰਾਂ ਦੀ ਪਛਾਣ ਜ਼ਾਹਰ ਕਰਨ ਵਾਲੀ ਤਾਜ਼ਾ ਡਾਟਾ ਲੀਕ ਘਟਨਾ ਨੇ ਦੁਨੀਆ ਭਰ ਵਿਚਲੇ ਜਾਸੂਸਾਂ ਦੇ ਚੀਨ ਦੇ ਵਿਸ਼ਾਲ ਨੈਟਵਰਕ ਨੂੰ ਉਜਾਗਰ ਕੀਤਾ ਹੈ। ਇਹ ਲੋਕਤੰਤਰਿਕ ਦੇਸ਼ਾਂ ਵਿੱਚ ਦਖਲ ਲਈ ਚੀਨ ਦੀ ਗਲਤ ਫਹਿਮੀ ਪੇਸ਼ ਕਰਦਾ ਹੈ।



ਇਸੇ ਦੌਰਾਨ ਅਫਗਾਨ ਨੈਸ਼ਨਲ ਡਾਇਰੈਕਟੋਰੇਟ ਆਫ ਸਕਿਓਰਿਟੀ (ਐਨ ਡੀ ਐਸ) ਨੇ ਚੀਨੀ ਜਾਸੂਸਾਂ ਦੇ ਇੱਕ ਸੰਘਣੇ ਨੈਟਵਰਕ ਨੂੰ ਜ਼ਾਹਰ ਕੀਤਾ, ਜੋ ਇਸ ਖੇਤਰ ਵਿੱਚ ਹਾਜਰੀ ਨਾਲ ਭੂ-ਰਾਜਨੀਤਕ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਨ ਲਈ ਸੀ ਸੀ ਪੀ ਦੀਆਂ ਗਤੀਵਿਧੀਆਂ ਨੂੰ ਉਜਾਗਰ ਕਰਦਾ ਹੈ। 10 ਦਸੰਬਰ ਨੂੰ ਅਫਗਾਨ ਐਨ ਡੀ ਐਸ ਨੇ ਫੜੋ-ਫੜੀ ਸ਼ੁਰੂ ਕੀਤੀ ਅਤੇ ਇੱਕ ਚੀਨੀ ਖੁਫੀਆ ਆਪ੍ਰੇਟਿਵ ਯਾਂਗਯਾਂਗ ਨੂੰ ਗ੍ਰਿਫ਼ਤਾਰ ਕੀਤਾ ਜੋ ਇਸ ਸਾਲ ਜੁਲਾਈ ਤੋਂ ਦੇਸ਼ 'ਚ ਕੰਮ ਕਰ ਰਿਹਾ ਸੀ। ਅਫਗਾਨ ਐਨ ਡੀ ਐਸ ਨੇ ਕਾਬੁਲ 'ਚ ਇੱਕ ਥਾਈ ਨਾਗਰਿਕ ਦੇ ਨਾਲ 8 ਹੋਰ ਚੀਨੀ ਜਾਸੂਸਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਐਨ ਡੀ ਐਸ ਨੇ ਉਸ ਦੇ ਘਰ ਤੋਂ ਕੇਟਾਮਾਈਨ ਪਾਊਡਰ ਸਹਿਤ ਹਥਿਆਰ, ਗੋਲਾ-ਬਾਰੂਦ ਅਤੇ ਵਿਸਫੋਟਕ ਵੀ ਬਰਾਮਦ ਕੀਤੇ ਸਨ। ਅਫਗਾਨ ਐਨ ਡੀ ਐਸ ਨੇ ਕਾਬੁਲ ਵਿੱਚ ਉਸੇ ਦਿਨ ਇੱਕ ਹੋਰ ਚੀਨੀ ਜਾਸੂਸ ਸ਼ਾ ਹੰਗ ਨੂੰ ਗ੍ਰਿਫ਼ਤਾਰ ਕੀਤਾ ਸੀ। ਤਲਾਸ਼ੀ ਦੌਰਾਨ ਹੰਗ ਦੇ ਘਰੋਂ ਵਿਸਫੋਟਕ ਅਤੇ ਹੋਰ ਇਤਰਾਜਯੋਗ ਸਮਗਰੀ ਮਿਲੀ। ਇਸ ਦੇ ਇਲਾਵਾ ਐਨ ਡੀ ਐਸ ਵੱਲੋਂ ਇੱਕ ਥਾਈ ਨਾਗਰਿਕ ਦੇ ਨਾਲ ਸੱਤ ਹੋਰ ਚੀਨੀ ਜਾਸੂਸਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।




ਪੰਜਾਬ ਸਰਕਾਰ ਨੇ ਕੋਰਟ ਵਿੱਚ ਕਿਹਾ

# ਬੇਅਦਬੀ ਕੇਸ ਵਿੱਚ ਸੀ ਬੀ ਆਈ ਨੂੰ ਲਿਖੇ ਪੱਤਰ ਦਾ ਸਰਕਾਰ ਨਾਲ ਕੋਈ ਸੰਬੰਧ ਨਹੀਂ

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਰਾਜ ਵਿੱਚ ਹੋਈਆਂ ਬੇਅਦਬੀ ਘਟਨਾਵਾਂ ਦੇ ਬਾਰੇ ਵਿਸ਼ੇਸ਼ ਡੀ ਜੀ ਪੀ-ਕਮ-ਡਾਇਰੈਕਟਰ, ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਸੀ ਬੀ ਆਈ ਦੇ ਡਾਇਰੈਕਟਰ ਨੂੰ ਲਿਖੇ ਗਏ ਪੱਤਰ ਦਾ ਪੰਜਾਬ ਸਰਕਾਰ ਨਾਲ ਕੋਈਲੈਣਾ ਦੇਣਾ ਨਹੀਂ ਸੀ ਅਤੇ ਇਸ ਪੱਤਰ ਬਾਰੇ ਪੰਜਾਬ ਦੇ ਗਵਰਨਰ ਤੋਂ ਕੋਈ ਸਹਿਮਤੀ ਵੀ ਨਹੀਂ ਲਈ ਗਈ ਸੀ। ਹਾਈਕੋਰਟ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਐਫੀਡੇਵਿਟ ਵਿੱਚ ਇਹ ਗੱਲ ਕਹੀ ਗਈ ਹੈ। ਇਹ ਐਫੀਡੇਵਿਟ ਪੰਜਾਬ ਦੇ ਹੋਮ ਸੈਕਟਰੀ ਨੇ ਪੇਸ਼ ਕੀਤਾ ਹੈ।




ਵਰਨਣਯੋਗ ਹੈ ਕਿ ਇਸ ਤਰ੍ਹਾਂ ਦਾ ਇੱਕ ਪੱਤਰ 29 ਜੁਲਾਈ 2019 ਨੂੰ ਪੰਜਾਬ ਪੁਲਸ ਦੇ ਸਪੈਸ਼ਲ ਡੀ ਜੀ ਪੀ ਨੇ ਲਿਖਿਆ ਸੀ, ਜਿਸ ਵਿੱਚ ਬੇਅਦਬੀ ਨਾਲ ਜੁੜੀਆਂ ਇਨ੍ਹਾਂ ਘਟਨਾਵਾਂ ਬਾਰੇ ਕੁਝ ਨਵੀਆਂ/ਸਬੰਧਤ ਜਾਣਕਾਰੀਆਂ ਦਿੱਤੀਆਂ ਗਈਆਂ ਸਨ, ਪਰ ਦੂਜੇ ਪਾਸੇ ਪੰਜਾਬ ਸਰਕਾਰ ਸੀ ਬੀ ਆਈ ਕੋਲੋਂ ਇਨ੍ਹਾਂ ਕੇਸਾਂ ਦੀ ਜਾਂਚ ਵਾਪਸ ਲੈਣ ਦੇ ਲਈਇਸ ਤੋਂ ਪਹਿਲਾਂ 6 ਸਤੰਬਰ 2018 ਨੂੰਹੀ ਨੋਟੀਫਿਕੇਸ਼ਨ ਜਾਰੀ ਕਰ ਚੁੱਕੀ ਸੀ।

ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਵਿੱਚੋਂ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਚੋਰੀ ਕਰਨ ਦੇ ਕੇਸ ਵਿੱਚ ਛੇਤੀ ਕਾਰਵਾਈ ਕਰ ਕੇ ਇਨਸਾਫ਼ ਦੀ ਮੰਗ ਕੀਤੀ ਗਈ ਹੈ। ਇਸ ਕੇਸ ਦੇ ਦੋਸ਼ੀਆਂ ਵੱਲੋਂ ਸੀ ਬੀ ਆਈ ਜਾਂਚ ਦੀ ਮੰਗ ਕਰਕੇ ਜਾਂਚ ਵਿੱਚ ਦੇਰੀ ਕੀਤੀ ਜਾ ਰਹੀ ਹੈ, ਜਦ ਕਿ ਪੰਜਾਬ ਪੁਲਸ ਦੇ ਡੀ ਆਈ ਜੀ, ਆਰ ਐਸ ਖੱਟੜਾ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਇਸ ਕੇਸ ਵਿੱਚ ਆਪਣੀ ਸਿਲਸਿਲੇਵਾਰ ਜਾਂਚ ਕਰਕੇ ਚਾਲਾਨ ਪੇਸ਼ ਕਰ ਚੁੱਕੀ ਹੈ ਤੇ ਇਸ ਕੇਸ ਵਿੱਚ ਛੇਤੀ ਫ਼ੈਸਲਾ ਸੁਣਾਇਆ ਜਾਣਾ ਚਾਹੀਦਾ ਹੈ। ਜਿਹੜੇ ਗੁਰਦੁਆਰਾ ਸਾਹਿਬ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਚੋਰੀ ਹੋਈ ਸੀ, ਉਸ ਦੇ ਗ੍ਰੰਥੀ (ਸ਼ਿਕਾਇਤਕਰਤਾ) ਗੋਰਾ ਸਿੰਘ ਵੱਲੋਂ ਇਸ ਕੇਸ ਦੀ ਪੈਰਵੀ ਦੌਰਾਨ ਇਹ ਗੱਲ ਐਡਵੋਕੇਟ ਗਗਨ ਪ੍ਰਦੀਪ ਸਿੰਘ ਬੱਲ ਨੇ ਕੇਸ ਦੀ ਸੁਣਵਾਈ ਦੌਰਾਨ ਕਹੀ ਹੈ। ਇਸ ਕੇਸ ਵਿੱਚ ਐਸ ਆਈ ਟੀ ਜਾਂਚ ਰਿਪੋਰਟ ਰੱਦ ਕਰਨ ਅਤੇ ਸੀ ਬੀ ਆਈ ਜਾਂਚ ਦੀ ਮੰਗ ਵਾਲੀ ਦੋਸ਼ੀਆਂ ਦੀ ਮੰਗ 'ਤੇ ਹਾਈਕੋਰਟ ਨੇ ਆਪਣਾ ਫ਼ੈਸਲਾ ਰਾਖਵਾਂ ਕਰ ਲਿਆ ਹੈ ਅਤੇ ਇਸ ਕੇਸ ਵਿੱਚ ਸਬੰਧਤ ਧਿਰਾਂ ਨੂੰ ਲਿਖਤੀ ਦਲੀਲਾਂ ਦੇਣ ਲਈ ਕਿਹਾ ਹੈ। ਦੋਸ਼ੀਆਂ ਦੇ ਵਕੀਲ ਨੇ ਦਲੀਲ ਦਿੱਤੀ ਹੈ ਕਿ ਐਸ ਆਈ ਟੀ ਕੋਲ ਕੇਸ ਦੀ ਮੁੜ-ਜਾਂਚ ਕਰਨ ਦੀ ਪਾਵਰ ਨਹੀਂ ਸੀ। ਦੂਜੇ ਪਾਸੇ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਐਸ ਆਈ ਟੀ ਨੂੰ ਹਾਈਕੋਰਟ ਦੇ ਜਸਟਿਸ ਰਾਜਨ ਗੁਪਤਾ ਨੇ ਆਪਣੇ ਜਨਵਰੀ 2019 ਦੇ ਫ਼ੈਸਲੇ ਵਿੱਚ ਜਾਂਚ ਕਰਨ ਦੀ ਪਾਵਰ ਦਿੱਤੀ ਸੀ। ਗਗਨ ਪ੍ਰਦੀਪ ਸਿੰਘ ਬੱਲ ਨੇ ਕਿਹਾ ਕਿ ਸੀ ਬੀ ਆਈ ਨੂੰ ਤਿੰਨ ਕੇਸਾਂ ਦੀ ਜਾਂਚ ਦਾ ਜ਼ਿੰਮਾ ਸੌਂਪਿਆ ਗਿਆ ਸੀ ਅਤੇ ਉਸ ਨੇ ਤਿੰਨਾਂਕੇਸਾਂ ਨੂੰ ਇਕੱਠਾ ਕਰ ਦਿੱਤਾ ਅਤੇ ਹੇਠਲੀ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੀ ਬੀ ਆਈ ਨੇ ਮਾਮਲੇ ਵਿੱਚ ਢੰਗ ਨਾਲ ਜਾਂਚ ਨਹੀਂ ਕੀਤੀ ਅਤੇ ਪਾਵਨ ਸਰੂਪਾਂ ਦੀ ਚੋਰੀ ਦੇ ਕੇਸ ਵਿੱਚ ਅਪਰਾਧਕ ਸਾਜਿਸ਼ ਰਚਣ ਦੀ ਧਾਰਾ ਤੱਕ ਨਹੀਂ ਲਾਈ, ਜਦਕਿ ਸੀ ਬੀ ਆਈ ਵੱਲੋਂ ਕਿਹਾ ਗਿਆ ਕਿ ਉਨ੍ਹਾਂ ਨੇ ਆਪਣੀ ਜਾਂਚ ਪੂਰੀ ਕਰ ਲਈ ਹੈ। ਉਨ੍ਹਾਂ ਇੱਕ ਜੱਜਮੈਂਟ ਦਾ ਹਵਾਲਾ ਦਿੰਦੇ ਹੋਏ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕੇਸ ਵਿੱਚ ਕੀਤੀ ਜਾਂਚ ਗਲਤ ਅਤੇ ਨੁਕਸਦਾਰ, ਗ਼ੈਰ ਕਾਨੂੰਨੀ ਅਤੇ ਅਧਿਕਾਰ ਖੇਤਰ ਤੋਂ ਬਾਹਰ ਹੋਵੇ ਤਾਂ ਇਸ ਨੂੰ ਗੈਰ ਟਿਕਾਊ ਮੰਨਣਾ ਚਾਹੀਦਾ ਹੈ। ਇਸਦੇ ਨਾਲ ਹੀ ਕਿਹਾ ਕਿ ਪਾਵਨ ਸਰੂਪਾਂ ਦੀ ਚੋਰੀ ਦੇ ਮਾਮਲੇ ਵਿੱਚ ਅੱਗੇ ਜਾਂਚ ਕਰਵਾਉਣ ਦੀ ਲੋੜ ਨਹੀਂ ਹੈ।

# ਸੈਂਟਰਲ ਵਿਸਟਾ ਪ੍ਰੋਜੈਕਟ ਦੇ ਖ਼ਿਲਾਫ਼ 69 ਸਾਬਕਾ ਅਫਸਰਾਂ ਵੱਲੋਂ ਮੋਦੀ ਨੂੰ ਚਿੱਠੀ



ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- 'ਕਾਂਸਟੀਚਿਊਸ਼ਨਲ ਕੰਡਕਟ ਗਰੁੱਪ' ਦੇ ਬੈਨਰ ਹੇਠ ਭਾਰਤ ਸਰਕਾਰ ਦੇ 69 ਸੇਵਾਮੁਕਤ ਅਫਸਰਾਂ ਨੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਸੈਂਟਰਲ ਵਿਸਟਾ ਪ੍ਰੋਜੈਕਟ ਦੀ ਜ਼ਰੂਰਤ 'ਤੇ ਸਵਾਲ ਉਠਾਇਆ ਹੈ। ਇਸ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਇਨ੍ਹਾਂ ਅਫਸਰਾ ਨੇ ਦੋਸ਼ ਲਾਇਆ ਕਿ 'ਸ਼ੁਰੂ ਤੋਂ ਹੀ ਗੈਰ-ਜ਼ਿੰਮੇਦਾਰਾਨਾ ਰਵੱਈਆ' ਦਿਖਾਇਆ ਜਾ ਰਿਹਾ ਹੈ, ਜੋ ਸ਼ਾਇਦ ਇਸ ਤੋਂ ਪਹਿਲਾਂ ਕਦੀ ਦਿਸਿਆ ਹੋਵੇ।

ਇਸ ਗਰੁੱਪ ਦੇ ਅਫਸਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕੀਤਾ ਹੈ ਕਿ 'ਸਿਹਤ ਤੇ ਸਿੱਖਿਆ ਵਰਗੀ ਸਮਾਜਿਕ ਪਹਿਲਦੀ ਥਾਂ ਇਸ ਬੇਕਾਰ ਅਤੇ ਗੈਰ ਜਰੂਰੀ ਪ੍ਰਾਜੈਕਟ ਨੂੰ ਅਗੇਤ ਕਿਉਂ ਦਿੱਤੀ ਗਈ ਹੈ।' ਉਨ੍ਹਾਂ ਨੇ ਕਿਹਾ ਕਿ "ਪਾਰਲੀਮੈਂਟ ਦੇ ਨਵੇਂ ਭਵਨ ਲਈ ਕੋਈ ਖਾਸ ਕਾਰਨ ਨਾ ਹੋਣ ਦੇ ਬਾਵਜੂਦ ਇਹ ਬੜੀ ਚਿੰਤਾ ਦੀ ਗੱਲ ਹੈ ਕਿ ਜਦੋਂ ਦੇਸ਼ ਵਿੱਚ ਅਰਥਵਿਵਸਥਾ ਗਿਰਾਵਟ ਦਾ ਸਾਹਮਣਾ ਕਰ ਰਹੀ ਹੈ, ਜਿਸ ਨੇ ਲੱਖਾਂ ਲੋਕਾਂ ਦੀ ਬਦਹਾਲੀ ਸਾਹਮਣੇ ਲਿਆ ਦਿੱਤੀ ਹੈ, ਓਦੋਂ ਸਰਕਾਰ ਨੇ ਧੂਮਧਾਮ ਨਾਲ ਇਸ 'ਤੇ ਨਿਵੇਸ਼ ਕਰਨ ਦਾ ਰਾਹ ਚੁਣਿਆ ਹੈ।" ਇਸ ਪੱਤਰ ਉਤੇ ਸਾਬਕਾ ਆਈ ਏ ਐਸ ਅਧਿਕਾਰੀ ਜਵਾਹਰ ਸਰਕਾਰ, ਜਾਵੇਦ ਉਸਮਾਨੀ, ਐਨ ਸੀ ਸਕਸੇਨਾ, ਅਰੁਣਾ ਰਾਏ, ਹਰਸ਼ ਮੰਦਰ ਅਤੇ ਰਾਹੁਲ ਖੁੱਲਰ ਅਤੇ ਸਾਬਕਾ ਆਈ ਪੀ ਐਸ ਅਧਿਕਾਰੀ ਏ ਐਸ ਦੁਲੱਤ, ਅਮਿਤਾਭ ਮਾਥੁਰ ਅਤੇ ਜੁਲੀਓ ਰਿਬੈਰੋ ਦੇ ਦਸਤਖਤ ਹਨ।ਪੱਤਰ ਵਿੱਚ ਸਾਬਕਾ ਅਫਸਰਾਂ ਨੇ ਕਿਹਾ, "ਖਾਸ ਚਿੰਤਾ ਦੀ ਗੱਲ ਇਹ ਹੈ ਕਿ ਜਿਸ ਢੰਗ ਨਾਲ ਯੋਜਨਾ ਦੀ ਮਨਜ਼ੂਰੀ ਲਈ ਗਈ, ਉਸ ਵਿੱਚ ਸੈਂਟਰਲ ਵਿਸਟਾ ਦੇ ਨਰੋਏ ਸਥਾਨਾਂ ਅਤੇ ਵਿਰਾਸਤੀ ਭਵਨਾਂ ਦੀ ਅਣਦੇਖੀ ਹੋਈ ਹੈ।"

# ਰਿਲਾਇੰਸ ਦੇ ਟਾਵਰਾਂ ਤੋਂ ਸਿਆਸੀ ਨੇਤਾਵਾਂ ਨੇ ਹੱਥ ਰੰਗੇ

* ਕੰਪਨੀ ਵੱਲੋਂ ਸਿਰਫ ਨੇਤਾਵਾਂ ਦੀ ਜ਼ਮੀਨ ਚੁਣਨ 'ਤੇ ਸਵਾਲ ਉੱਠੇ

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਮੋਬਾਈਲ ਫੋਨ ਦੇ ਟਾਵਰਾਂ ਲਈ ਰਿਲਾਇੰਸ ਕੰਪਨੀ ਨੂੰ ਕਿਰਾਏ ਉਤੇ ਜ਼ਮੀਨਾਂ ਦੇਣ ਵਾਲੇ ਸਿਆਸੀ ਨੇਤਾਵਾਂ ਬਾਰੇ ਇਸ ਵਕਤ ਚੱਲਦੇ ਕਿਸਾਨ ਘੋਲ ਦੌਰਾਨ ਫਿਰ ਉਂਗਲ ਉਠ ਰਹੀ ਹੈ। ਪਤਾ ਲੱਗਾ ਹੈ ਕਿ ਕਈ ਸਿਆਸੀ ਆਗੂ ਇਸ ਕੰਪਨੀ ਤੋਂ ਇਨ੍ਹਾਂ ਟਾਵਰਾਂ ਬਦਲੇ ਹਰ ਮਹੀਨੇ ਚੰਗਾ ਕਿਰਾਇਆ ਲੈ ਰਹੇ ਹਨ।



ਮਿਲੀ ਜਾਣਕਾਰੀ ਅਨੁਸਾਰ ਰਿਲ-ਾਇੰਸ ਕੰਪਨੀ ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂਵਾਲੀ ਨੂੰ 10 ਮੋਬਾਈਲ ਟਾਵਰਾਂ ਲਈ ਦਿੱਤੀ ਗਈ ਜ਼ਮੀਨ ਦਾ ਕਿਰਾਇਆ ਦਿੱਤਾ ਜਾਂਦਾ ਹੈ। ਜਦੋਂ ਵਿਜੀਲੈਂਸ ਵੱਲੋਂ ਕੋਲਿਆਂਵਾਲੀ 'ਤੇ ਕੇਸ ਦਰਜ ਕੀਤਾ ਗਿਆ ਸੀ, ਉਦੋਂ ਉਸ ਨੇ ਖੁਦ ਕਬੂਲ ਕੀਤਾ ਸੀ ਕਿ ਉਸ ਨੂੰ 11 ਮੋਬਾਈਲ ਟਾਵਰਾਂ ਲਈ ਦਿੱਤੀ ਗਈ ਜ਼ਮੀਨ ਦੇ ਬਦਲੇ ਕਿਰ-ਾਇਆ ਦਿੱਤਾ ਜਾ ਰਿਹਾ ਹੈ। ਵਿਜੀਲੈਂਸ ਰਿਪੋਰਟ ਅਨੁਸਾਰ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂਵਾਲੀ ਦੀ ਪਤਨੀ ਦੇ ਨਾਂ ਵਾਲੀ ਜ਼ਮੀਨ 'ਤੇ ਪਿੰਡ ਬੋਦੀਵਾਲਾ, ਕਿੱਲਿਆਂਵਾਲੀ, ਭਲਾਈਆਣਾ, ਭੈਣੀ ਚੂਹੜ ਵਿੱਚ ਰਿਲਾਇੰਸ ਕੰਪਨੀ ਦੇ ਟਾਵਰ ਹਨ। ਇਸੇ ਤਰ੍ਹਾਂ ਕੋਲਿਆਂਵਾਲੀ ਦੇ ਪੁੱਤਰ ਦੇ ਨਾਂਅ ਵਾਲੀ ਜ਼ਮੀਨ 'ਤੇ ਪਿੰਡ ਕਬਰਵਾਲਾ, ਅਰਨੀਵਾਲਾ ਮੰਡੀ, ਸ਼ਾਮ ਖੇੜਾ, ਜੱਸੀ ਬਾਗਵਾਲੀਅਤੇ ਕੋਲਿਆਂਵਾਲੀ ਦੀ ਧੀ ਦੇ ਨਾਂਅ ਵਾਲੀ ਜ਼ਮੀਨ ਉਤੇ ਪਿੰਡ ਦਾਨੇਵਾਲਾ, ਗੁਰੂਸਰ ਵਿੱਚ ਰਿਲਾਇੰਸ ਦੇ ਟਾਵਰ ਹਨ। ਇਨ੍ਹਾਂ ਟਾਵਰਾਂ ਦੇ ਲਈ ਕਿਰਾਏ ਉਤੇ ਜ਼ਮੀਨ ਦਿੱਤੀ ਗਈ ਹੈ। ਖੁਦ ਦਿਆਲ ਸਿੰਘ ਕੋਲਿਆਂਵਾਲੀ ਦੇ ਨਾਂਅ ਉੱਤੇ ਵੀ ਇੱਕ ਟਾਵਰ ਏਅਰਟੈਲ ਕੰਪਨੀ ਦਾ ਹੈ। ਕਾਨੂੰਨੀ ਤੌਰ 'ਤੇ ਇਸ ਵਿੱਚ ਕੁਝ ਗਲਤ ਨਹੀਂ, ਪਰ ਰਿਲਾਇੰਸ਼ ਵੱਲੋਂ ਸਿਰਫ ਨੇਤਾਵਾਂ ਦੀ ਜ਼ਮੀਨ ਦੀ ਚੋਣ ਕਰਨਾ ਸ਼ੰਕੇ ਖੜ੍ਹੇ ਕਰਦਾ ਹੈ। ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਸਰਕਾਰ ਵੇਲੇ ਰਿਲਾਇੰਸ ਨੂੰ ਅਕਾਲੀ ਆਗੂਆਂ ਨੇ ਮੋਬਾਈਲ ਟਾਵਰਾਂ ਲਈ ਜ਼ਮੀਨ ਦਿੱਤੀ ਸੀ। ਜਾਣਕਾਰ ਸੂਤਰਾਂ ਅਨੁਸਾਰ ਨੇਤਾਵਾਂ ਨੇ ਪਹਿਲਾਂ ਰਿਲ-ਾਇੰਸ ਤੋਂ ਟਾਵਰ ਲਾਏ ਜਾਣ ਵਾਲੀ ਥਾਂ ਦੀ ਸੂਚੀ ਲੈਕੇ ਫਿਰ ਸ਼ਨਾਖਤ ਕੀਤੇ ਪਿੰਡਾਂ ਦੀ ਥੋੜ੍ਹੀ-ਥੋੜ੍ਹੀ ਜ਼ਮੀਨ ਖਰੀਦ ਲਈ। ਇਸ ਖਰੀਦ ਕੀਤੀ ਜ਼ਮੀਨ ਉਤੇ ਰਿਲਾਇੰਸ ਨੇ ਮੋਬਾਈਲ ਟਾਵਰ ਖੜ੍ਹੇ ਕਰ ਦਿੱਤੇ ਅਤੇ ਆਗੂਆਂ ਨੂੰ ਹਰ ਮਹੀਨੇ ਕਿਰਾਇਆ ਮਿਲਣ ਲੱਗ ਪਿਆ। ਪੇਂਡੂ ਖੇਤਰ ਵਿੱਚ ਪ੍ਰਤੀ ਟਾਵਰ 20 ਹਜ਼ਾਰ ਰੁਪਏ ਤੱਕ ਪ੍ਰਤੀ ਮਹੀਨਾ ਕਿਰਾਇਆ ਮਿਲਦਾ ਹੈ।

ਜ਼ਿਲ੍ਹਾ ਮਾਨਸਾ ਦੇ ਇੱਕ ਵਿਧਾਇਕ ਤੇ ਉਸ ਦੇ ਪਰਵਾਰ ਵੱਲੋਂ ਕਰੀਬ 11 ਪਿੰਡਾਂ ਵਿੱਚ ਪਹਿਲਾਂ ਥੋੜ੍ਹੀ-ਥੋੜ੍ਹੀ ਜਗ੍ਹਾ ਖਰੀਦੀ ਗਈ ਅਤੇ ਫਿਰ ਰਿਲਾਇੰਸ ਕੰਪਨੀ ਨੇ ਟਾਵਰ ਖੜ੍ਹੇ ਕਰ ਦਿੱਤੇ। ਇਹ ਥਾਂ ਮਾਨਸਾ ਦੇ ਖੈਰਾ ਖੁਰਦ, ਸਰਦੂਲਗੜ੍ਹ, ਕਾਹਨ ਸਿੰਘ ਵਾਲਾ, ਕਾਹਨੇਵਾਲਾ, ਮੁਕਤਸਰ ਵਿੱਚ ਲੱਖੇਵਾਲੀ ਅਤੇ ਥਾਂਦੇਵਾਲਾ, ਸੰਗਰੂਰ ਵਿੱਚ ਪਿੰਡ ਬੰਗਾ, ਲੁਧਿਆਣਾ ਵਿੱਚ ਪਿੰਡ ਹਠੂਰ ਅਤੇ ਫਾਜ਼ਿਲਕਾ ਦੇ ਪਿੰਡ ਸ਼ੇਰ ਮੁਹੰਮਦ ਮਾਹੀਗੀਰ ਆਦਿ ਵਿੱਚ ਖਰੀਦੀ ਗਈ ਸੀ।

ਪਤਾ ਲੱਗਾ ਹੈ ਕਿ ਬਠਿੰਡਾ ਜ਼ਿਲ੍ਹੇ ਵਿੱਚ ਬਾਦਲ ਪਰਵਾਰ ਦੇ ਅਤਿ ਨੇੜਲੇ ਇਕ ਯੂਥ ਅਕਾਲੀ ਆਗੂ ਦੀ ਜ਼ਮੀਨ

ਉੱਤੇ ਵੀ ਦਰਜਨਾਂ ਮੋਬਾਈਲ ਟਾਵਰ ਲੱਗੇ ਹੋਏ ਹਨ ਜਿਨ੍ਹਾਂ ਤੋਂ ਚੰਗਾ ਕਿਰਾਇਆ ਮਿਲ ਰਿਹਾ ਹੈ। ਇੱਕ ਵੱਡੇ ਘਰਾਣੇ ਦੀ ਕੰਪਨੀ ਵਿੱਚ ਹਿੱਸੇਦਾਰ ਦੇ ਨਾਂਅ ਵਾਲੀ ਸ਼ਹਿਰੀ ਥਾਂ ਉਤੇ ਰਿਲਾਇੰਸ ਟਾਵਰ ਹਨ। ਇਸੇ ਘਰਾਣੇ ਦੇ ਇੱਕ ਨੇੜੂ ਦੇ ਨਾਂਅ ਵਾਲੀ ਜਗ੍ਹਾ 'ਤੇ ਟਾਵਰ ਹਨ। ਮੁਕਤਸਰ ਤੇ ਫਾਜ਼ਿਲਕਾ ਜ਼ਿਲ੍ਹੇ ਦੇ ਕਈ ਨੇਤਾਵਾਂ ਦੇ ਬੰਦਿਆਂ ਦੀ ਜ਼ਮੀਨ 'ਤੇ ਰਿਲਾਇੰਸ ਦੇ ਟਾਵਰ ਹਨ। ਰਾਮਪੁਰਾ ਦੇ ਵੀ ਇੱਕ ਸ਼ਹਿਰੀ ਆਗੂ ਦੇ ਨਾਂਅ ਵਾਲੀ ਜ਼ਮੀਨ 'ਤੇ ਟਾਵਰ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਂਅ ਉੱਤੇ ਤਾਂ ਰਿਲਾਇੰਸ ਦੇ ਦੋ ਤੇਲ ਪੰਪ ਹਨ, ਜੋਪਿੰਡ ਰੁਪਾਣਾ ਅਤੇ ਡੂਮਵਾਲੀ ਵਿੱਚ ਹਨ।

# ਜਾਅਲੀ ਡੀ ਐਸ ਪੀ ਬਣਕੇ ਲੁੱਟਣ ਗਿਆ ਥਾਣੇਦਾਰ ਫੜ੍ਹਿਆ ਗਿਆ

ਐਸ ਏ ਐਸ ਨਗਰ, 23 ਦਸੰਬਰ (ਪੋਸਟ ਬਿਊਰੋ)- ਕੱਲ੍ਹ ਦੇਰ ਰਾਤ ਮੋਹਾਲੀ ਦੇ ਸੈਕਟਰ-71 ਵਿੱਚ ਇੱਕ ਕੰਪਨੀ ਦੇ ਮੀਤ ਪ੍ਰਧਾਨ ਨਰੇਸ਼ ਕੁਮਾਰ ਖੰਨਾ ਦੀ ਕੋਠੀ 'ਚ ਡਾਕਾ ਮਾਰਨ ਦੀ ਨੀਤ ਨਾਲ ਆਪਣੇ ਆਪ ਨੂੰ ਐਕਸਾਈਜ਼ ਵਿਭਾਗ ਦਾ ਡੀ ਐਸ ਪੀ ਦੱਸ ਕੇ ਅੰਦਰ ਵੜੇ ਪੁਲਸ ਮੁਲਾਜ਼ਮਾਂ ਵੱਲੋਂ ਨਰੇਸ਼ ਕੁਮਾਰ ਖੰਨਾ ਦੀ ਕੁੱਟਮਾਰ ਕਰਨ ਦਾ ਪਤਾ ਲੱਗਾ ਹੈ। ਇਸ ਬਾਰੇ ਜਦੋਂ ਪੁਲਸ ਨੇ ਜਾਂਚ ਕੀਤੀ ਤਾਂ ਪਤਾ ਲੱਗ ਗਿਆ ਕਿ ਘਰ ਵਿੱਚ ਵੜਿਆ ਜਾਅਲੀ ਡੀ ਐਸ ਪੀ ਅਸਲ ਵਿੱਚ ਮੁਹਾਲੀ ਸ਼ਹਿਰ ਦੇ ਇੱਕ ਥਾਣੇ ਵਿੱਚ ਏ ਐਸ ਆਈ ਅਤੇ ਦੂਜਾ ਵਿਅਕਤੀ ਸਿਪਾਹੀ ਹੈ। ਥਾਣੇਦਾਰ ਦੀ ਪਛਾਣ ਰਸ਼ਪ੍ਰੀਤ ਸਿੰਘ ਅਤੇ ਸਿਪਾਹੀ ਦੀ ਪਛਾਣ ਦਵਿੰਦਰ ਸਿੰਘ ਵਜੋਂ ਹੋਈ ਹੈ। ਪੁਲਸ ਨੇ ਇਸ ਬਾਰੇ ਰਸ਼ਪ੍ਰੀਤ ਸਿੰਘ, ਦਵਿੰਦਰ ਸਿੰਘ ਤੇ ਇੱਕ ਪ੍ਰਾਈਵੇਟ ਵਿਅਕਤੀ ਦੇ ਖ਼ਿਲਾਫ਼ ਵੱਖ-ਵੱਖ ਧਾਰਾਵਾਂਦਾ ਕੇਸ ਦਰਜ ਕਰ ਲਿਆ ਹੈ।



ਜ਼ਿਲ੍ਹਾ ਪੁਲਸ ਮੁਖੀ ਸਤਿੰਦਰ ਸਿੰਘ ਦਾ ਕਹਿਣਾ ਹੈ ਕਿ ਦੋਵਾਂ ਪੁਲਸ ਕਰਮਚਾਰੀਆਂ ਰਸ਼ਪ੍ਰੀਤ ਸਿੰਘ ਤੇ ਦਵਿੰਦਰ ਸਿੰਘ ਨੂੰ ਪੁਲਸ ਵਿਭਾਗ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ ਅਤੇ ਤਿੰਨੇ ਜਣੇ ਜਲਦੀ ਹੀ ਗ੍ਰਿਫ਼ਤਾਰ ਕਰ ਲਏ ਜਾਣਗੇ।

ਹਸਪਤਾਲ 'ਚ ਦਾਖ਼ਲ ਨਰੇਸ਼ ਕੁਮਾਰ ਖੰਨਾ ਨੇ ਪੁਲਸ ਨੂੰ ਦੱਸਿਆ ਕਿ ਉਹ ਜੇ ਟੀ ਪੀ ਐਲ ਸਿਟੀ ਕੰਪਨੀ ਵਿੱਚ ਨੌਕਰੀ ਕਰਦਾ ਹੈ। ਰਾਤ ਨੂੰ ਉਨ੍ਹਾਂ ਦੇ ਘਰ ਦਾ ਇਨ-ਵਰਟਰ ਖ਼ਰਾਬ ਹੋਣ ਕਰਕੇ ਜਦੋਂ ਬਿਜਲੀ ਬੰਦ ਹੋ ਗਈ ਤਾਂ ਉਸ ਦਾ ਲੜਕਾ ਪ੍ਰਣਵ ਇਨਵਰਟਰ ਚੈਕ ਕਰਨ ਲਈ ਆਇਆ ਸੀ। ਇਸੇ ਦੌਰਾਨ ਪੁਲਸ ਵਰਦੀ 'ਚ 2 ਜਣੇ, ਜਿਨ੍ਹਾਂ ਦੇ ਮਾਸਕ ਪਹਿਨੇ ਹੋਏ ਸਨ, ਕੋਠੀ ਦੇ ਅੰਦਰ ਆਣ ਵੜੇ ਅਤੇ ਉਨ੍ਹਾਂ 'ਚੋਂ ਇੱਕ ਜਣੇ ਨੇ ਆਪਣੇ ਆਪ ਨੂੰ ਐਕਸਾਈਜ਼ ਵਿਭਾਗ ਦਾ ਡੀ ਐਸ ਪੀ ਦੱਸ ਕੇ ਉਸ ਉਤੇ ਪਿਸਤੌਲ ਤਾਣਦੇ ਹੋਏ ਕਿਹਾ ਕਿ ਘਰ ਅੰਦਰ ਜੋ ਵੀ ਨਕਦੀ ਅਤੇ ਸੋਨੇ ਦੇ ਗਹਿਣੇ ਹਨ, ਉਨ੍ਹਾਂ ਦੇ ਹਵਾਲੇ ਕਰ ਦੇਵੇ। ਨਰੇਸ਼ ਕੁਮਾਰ ਦੇ ਮੁਤਾਬਕ ਉਸ ਨੇ ਉਨ੍ਹਾਂ ਪੁਲਸ ਕਰਮਚਾਰੀਆਂ ਤੋਂ ਜਦੋਂ ਸਰਚ ਵਾਰੰਟ ਅਤੇ ਉਨ੍ਹਾਂ ਦੇ ਸ਼ਨਾਖਤੀ ਕਾਰਡ ਮੰਗੇ ਤਾਂ ਉਨ੍ਹਾਂ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਸਿਰ 'ਤੇ ਪਿਸਤੌਲ ਦੇ ਬੱਟ ਨਾਲ ਕਈ ਵਾਰ ਕੀਤੇ। ਉਕਤ ਪੁਲਸ ਕਰਮਚਾਰੀ ਜਾਣ ਸਮੇਂ ਉਨ੍ਹਾਂ ਦੇ ਮੋਬਾਈਲ ਫ਼ੋਨ ਖੋਹ ਕੇ ਕਾਰ 'ਚ ਬੈਠ ਕੇ ਫ਼ਰਾਰ ਹੋ ਗਏ। ਪੁਲਸ ਸੂਤਰਾਂ ਅਨੁਸਾਰ ਹੱਥੋਪਾਈ ਦੌਰਾਨ ਸਿਪਾਹੀ ਦੀ ਪੱਗ ਮੌਕੇ 'ਤੇ ਡਿੱਗ ਗਈ ਅਤੇ ਇੱਕ ਥਾਣੇ ਦੀ ਮਿਸਲ ਵੀ ਉਥੇ ਹੀ ਰਹਿ ਗਈ। ਉਕਤ ਸਾਰੀ ਘਟਨਾ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਈ ਹੈ।

## ਦਿੱਲੀ ਦੇ ਸਾਰੇ ਉਦਯੋਗ 31 ਜਨਵਰੀ ਤੱਕ ਪਾਈਪਡ ਕੁਦਰਤੀ ਗੈਸ ਨਾਲ ਚੱਲਣ ਲੱਗ ਪੈਣਗੇ



ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਹਵਾ ਦੀ ਗੁਣਵੱਤਾ ਬਾਰੇ ਪ੍ਰਬੰਧਕੀ ਕਮਿਸ਼ਨ ਨੇ ਕਿਹਾ ਹੈ ਕਿ ਭਾਰਤ ਦੀ ਰਾਜਧਾਨੀ ਦੇ ਖੇਤਰ (ਐਨ ਸੀ ਆਰ) ਦਿੱਲੀ ਦੇ ਹਵਾ ਪ੍ਰਦੂਸ਼ਣ ਨੂੰ ਵਧਾਉਣ ਵਾਲੇ ਕੁਝ ਅਹਿਮ ਕਾਰਕਾਂ 'ਚੋਂ ਉਦਯੋਗਿਕ ਖੇਤਰ ਵੀ ਇੱਕ ਹੈ ਅਤੇ ਰਾਜਧਾਨੀ ਦੇ ਕਈ ਉਦਯੋਗਾਂ ਨੂੰ 31 ਜਨਵਰੀ 2021 ਤੱਕ ਪਾਈਪਡ ਕੁਦਰਤੀ ਗੈਸ (ਪੀ ਐਨ ਜੀ) ਵਰਤਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਹੈ ।

ਰਾਸ਼ਟਰੀ ਰਾਜਧਾਨੀ ਖੇਤਰ ਅਤੇ ਆਲੇ-ਦੁਆਲੇ ਦੇ ਹਿੱਸਿਆਂ 'ਚ ਹਵਾ ਗੁਣਵੱਤਾ ਪ੍ਰਬੰਧਾਂ ਲਈ ਬਣੇ ਕਮਿਸ਼ਨ ਨੇ ਇੱਕ ਬੈਠਕ ਦੌਰਾਨ ਦਿੱਲੀ 'ਚ ਚਲਦੇ ਉਦਯੋਗਾਂ ਨੂੰ ਪੀ ਐਨ ਜੀ 'ਤੇ ਲਿਜਾਣ ਦੇ ਕੰਮਾਂ ਦੀ ਸਮੀਖਿਆ ਕੀਤੀ ਹੈ। ਇਸ ਬੈਠਕ 'ਚ ਦਿੱਲੀ ਸਰਕਾਰ, ਜੀ ਏ ਆਈ ਐਲ ਅਤੇ ਇੰਦਰਪ੍ਰਸਥ ਗੈਸ ਲਿਮਟਿਡ (ਆਈ ਜੀ ਐਲ) ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। ਦਿੱਲੀ ਦੇ ਸਾਬਕਾ ਮੁੱਖ ਸਕੱਤਰ ਏ ਐਮ ਕੁੱਟੀ ਦੀ ਅਗਵਾਈ ਵਾਲੇ ਕਮਿਸ਼ਨ ਨੇ ਆਈ ਜੀ ਐਲ ਨੂੰ ਨਿਰਦੇਸ਼ ਦਿੱਤਾ ਹੈ ਕਿ 31 ਜਨਵਰੀ 2021 ਤੱਕ ਉਨ੍ਹਾਂ ਸਾਰੇ ਉਦਯੋਗਾਂ ਨੂੰ ਪੀ ਐਨ ਡੀ ਦੀ ਸਪਲਾਈ ਯਕੀਨੀ ਕਰਨ, ਜਿਨ੍ਹਾਂ ਦੀ ਪਛਾਣ ਕੀਤੀ ਗਈ ਹੈ। ਕਮਿਸ਼ਨ ਨੇ ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ (ਡੀ ਪੀ ਸੀ ਸੀ) ਨੂੰ ਵੀ ਨਿਰਦੇਸ਼ ਦਿੱਤਾ ਕਿ ਉਹ ਉਨ੍ਹਾਂ ਪਛਾਣ ਕੀਤੇ ਗਏ ਉਦਯੋਗਾਂ ਦੀ ਜਾਂਚ ਕਰਨ, ਜੋ ਗੈਰ-ਮਨਜ਼ੂਰਸ਼ੁਦਾ ਫਿਊਲ ਵਰਤਦੇ ਹਨ ਅਤੇ ਅਜਿਹੇ ਉਦਯੋਗਾਂ ਦੇ ਖ਼ਿਲਾਫ਼ ਕਾਰਵਾਈ ਕਰਨ।ਆਈ ਜੀ ਐਲ, ਡੀ ਪੀ ਸੀ ਸੀ ਅਤੇ ਦਿੱਲੀ ਸਰਕਾਰ ਨੂੰ ਕਿਹਾ ਗਿਆ ਹੈ ਕਿ ਉਹ ਉਦਯੋਗਿਕ ਇਕਾਈਆਂ ਦੇ ਨਾਲ ਕਰੀਬੀ ਤਾਲਮੇਲ ਦਾ ਕੰਮ ਕਰਨ ਤਾਂ ਕਿ ਮਿੱਥੀ ਤਾਰੀਕ ਤੱਕ ਬੁਨਿਆਦੀ ਢਾਂਚਾ ਅਤੇ ਉਦਯੋਗਾਂ ਨੂੰ ਪੀ ਐਨ ਜੀ 'ਚ ਬਦਲਣ ਦਾ ਟੀਚਾ ਪੂਰਾ ਹੋ ਜਾਏ।

## ਮਕਾਨ ਮਾਲਕਾਂ ਤੋਂ ਪਰੇਸ਼ਾਨ ਨੌਜਵਾਨ ਨੇ ਵੀਡੀਓ ਬਣਾ ਕੇ ਖੁਦਕੁਸ਼ੀ ਕਰ ਲਈ




ਖੰਨਾ, 23 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਜਟਾਣਾ ਵਿੱਚ ਇੱਕ 40 ਸਾਲਾ ਨੌਜਵਾਨ ਪਰਮਿੰਦਰ ਸਿੰਘਨੇ ਕੱਲ੍ਹ ਆਪਣੇ ਮਕਾਨ ਮਾਲਕਾਂ ਤੋਂ ਪਰੇਸ਼ਾਨ ਹੋ ਕੇ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ ਹੈ। ਇਸ ਤੋਂ ਪਹਿਲਾਂ ਉਸ ਨੇ ਕਾਰ ਵਿੱਚ ਬੈਠ ਕੇ ਬਣਾਈ ਵੀਡੀਓ ਵਿੱਚ ਮਕਾਨ ਮਾਲਕ ਅਤੇ ਉਸ ਦੇ ਪਰਵਾਰ ਨੂੰ ਮੌਤ ਦਾ ਜ਼ਿੰਮੇਦਾਰ ਦੱਸਿਆ ਹੈ।

ਪੁਲਸ ਨੇ ਮ੍ਰਿਤਕ ਦੀ ਪਤਨੀ ਹਰਜੀਤ ਕੌਰ ਦੇ ਬਿਆਨਾਂ ਉਤੇ ਮਕਾਨ ਮਾਲਕ ਹਰਮੇਲ ਸਿੰਘ, ਉਸਦੀ ਪਤਨੀ ਨਰਿੰਦਰਪਾਲ ਕੌਰ ਵਾਸੀ ਜਟਾਣਾ ਮੌਜੂਦਾ ਵਾਸੀ ਦੋਰਾਹਾ, ਪਰਵਿੰਦਰ ਸਿੰਘ ਤੇ ਪ੍ਰਦੀਪ ਸਿੰਘ ਵਾਸੀ ਜਟਾਣਾ ਦੇ ਖ਼ਿਲਾਫ਼ ਧਾਰਾ 306 ਦਾ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਵਿੱਚ ਹਰਜੀਤ ਕੌਰ ਨੇ ਦੱਸਿਆ ਕਿ ਉਹ ਜਟਾਣਾ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਸਨ। ਘਟਨਾ ਵਾਲੇ ਦਿਨ ਘਰ ਵਿੱਚ ਉਸਦਾ ਬੇਟਾ ਸੀ ਤਾਂ ਡਿਪ੍ਰੈਸ਼ਨ ਵਿੱਚ ਆਏ ਪਰਮਿੰਦਰ ਸਿੰਘ ਨੇ ਜ਼ਹਿਰ ਨਿਗਲ ਲਿਆ, ਉਸ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ।ਹਰਜੀਤ ਕੌਰ ਨੇ ਦੱਸਿਆ ਕਿ ਮਕਾਨ ਮਾਲਕ ਪਿਛਲੇ ਕਈ ਦਿਨਾਂ ਤੋਂ ਘਰ ਖਾਲੀ ਕਰਨ ਦਾ ਦਬਾਅ ਬਣਾ ਰਹੇ ਸੀ। ਮਕਾਨ ਮਾਲਕ ਨਾਲ ਮਕਾਨ ਦਾ ਸੌਦਾ ਹੋ ਗਿਆ ਸੀ, ਜਿਸ ਬਾਰੇ ਉਸ ਦੇ ਪਤੀ ਨੇ ਮਕਾਨ ਮਾਲਕ ਦੇ ਬੇਟੇ ਪੱਪੂ ਨੂੰ ਪੰਜ ਲੱਖ ਰੁਪਏ ਦਿੱਤੇ ਸੀ, ਪਰ ਪੱਪੂ ਦੀ ਮੌਤ ਹੋ ਗਈ ਅਤੇ ਉਸ ਦੇ ਬਾਅਦ ਮਕਾਨ ਮਾਲਕ ਆਪਣੇ ਦੂਸਰੇ ਬੇਟੇ ਅਤੇ ਪਤਨੀ ਨਾਲ ਉਨ੍ਹਾਂ ਨੂੰਤੰਗ ਕਰ ਰਿਹਾ ਸੀ ਤੇ ਉਨ੍ਹਾਂ ਦਾ ਸਾਮਾਨ ਵੀ ਬਾਹਰ ਸੁੱਟ ਦਿੱਤਾ ਸੀ। ਇਸ ਪਿੱਛੋਂ ਉਸਦਾ ਪਤੀ ਡਿਪ੍ਰੈਸ਼ਨ ਵਿੱਚ ਸ, ਜਿਸ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ। ਪੁਲਸ ਨੇ ਚਾਰ ਲੋਕਾਂ 'ਤੇ ਕੇਸ ਦਰਜ ਕੀਤਾ ਹੈ।

ਨਰਿੰਦਰ ਮੋਦੀ ਵੱਲੋਂ ਦਾਅਵਾ

# ਭਾਰਤ ਵਿੱਚ ਵਿਕਾਸ ਦੇ ਲਈ ਕੋਈ ਧਾਰਮਿਕ ਵਿਤਕਰਾ ਨਹੀਂ

ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਸਿਆਸਤ 'ਚ ਵਿਚਾਰਕ ਮਤਭੇਦ ਹੁੰਦੇ ਹਨ, ਪਰ ਜਦੋਂ ਦੇਸ਼ ਦਾ ਉਦੇਸ਼ ਹਾਸਲ ਕਰਨ ਦੀਗੱਲ ਹੋਵੇ ਤਾਂ ਸਭ ਕੁਝ ਲਾਂਭੇ ਰੱਖ ਦੇਣਾ ਚਾਹੀਦਾ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਵਿਚਾਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਸ਼ਤਾਬਦੀ ਸਮਾਗਮ 'ਚ ਪ੍ਰਗਟਾਏ ਹਨ। ਉਨ੍ਹਾਂ ਨੇ ਵਿਕਾਸ ਨੂੰ ਸਿਆਸਤ ਦੇ ਚਸ਼ਮੇ ਨਾਲ ਵੇਖਣ ਤੋਂ ਗੁਰੇਜ ਕਰਨ ਦੀ ਨਸੀਹਤ ਕਰਦਿਆਂ ਕਿਹਾ ਕਿ ਸਿਆਸਤ ਸਮਾਜ ਦਾ ਅਹਿਮ ਹਿੱਸਾ ਹੈ, ਪਰ ਸਮਾਜ 'ਚ ਹੋਰ ਵੀ ਅਹਿਮ ਮਸਲੇ ਹਨ। ਉਨ੍ਹਾਂ ਵਿਸ਼ਵਾਸ ਦਿੱਤਾ ਕਿ ਕਿਸੇ ਨੂੰ ਵੀ ਉਨ੍ਹਾਂ ਦੇ ਧਰਮ ਕਾਰਨ ਤਰੱਕੀ ਦੇ ਰਾਹ 'ਚ ਪਿੱਛੇ ਨਹੀਂ ਹਟਣ ਦਿੱਤਾ ਜਾਵੇਗਾ। ਸਮਾਜ ਦੇ ਵੱਡੇ ਉਦੇਸ਼ ਦੇ ਲਈ ਜਦੋਂ ਅਸੀਂ ਇਕੱਠੇ ਹੁੰਦੇ ਹਾਂ ਤਾਂ ਹੋ ਸਕਦਾ ਹੈ ਕਿ ਕੁਝ ਲੋਕ ਪ੍ਰਸ਼ਾਨ ਹੋਣ ਅਤੇ ਆਪਣੇ ਸਵਾਰਥ ਲਈ ਹੱਥਕੰਡੇ ਅਪਨਾਉਣ, ਪਰ ਸਿਆਸਤ ਇੰਤਜ਼ਾਰ ਕਰ ਸਕਦੀ ਹੈ, ਵਿਕਾਸ ਇੰਤਜ਼ਾਰ ਨਹੀਂ ਕਰ ਸਕਦਾ।

ਪ੍ਰਧਾਨ ਮੰਤਰੀ ਮੋਦੀ ਦੀ ਸਿਆਸਤ ਤੇ ਵਿਕਾਸ ਦੀ ਟਿੱਪਣੀ ਓਦੋਂ ਆਈ ਹੈ ਜਦੋਂ ਦਿੱਲੀ ਦੇ ਸਿੰਘੂ ਬਾਰਡਰ 'ਤੇ ਲੱਖਾਂ ਕਿਸਾਨ ਸਰਕਾਰ ਵੱਲੋਂ ਲਿਆਂਦੇ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਬੈਠੇ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਜਦੋਂ ਸਾਡਾ ਧਿਆਨ ਨਵੇਂ ਭਾਰਤ ਦੀ ਉਸਾਰੀ 'ਤੇ ਕੇਂਦਰਿਤ ਹੋਵੇ ਤਾਂ ਅਜਿਹੇ ਸੁਆਰਥੀ ਅਨਸਰਾਂ ਦਾ ਸਥਾਨ ਖ਼ਤਮ ਹੁੰਦਾ ਜਾਪਦਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਦੀ 'ਚ ਅਸੀਂ ਮਤਭੇਦਾਂ ਕਾਰਨ ਕਾਫ਼ੀ ਸਮਾਂ ਗੁਆਇਆ ਹੈ। ਹੋਰ ਸਮਾਂ ਗੁਆਉਣ ਦਾ ਵਕਤ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 56 ਸਾਲ ਪਹਿਲਾਂ ਲਾਲ ਬਹਾਦੁਰ ਸ਼ਾਂਸਤਰੀ ਤੋਂ ਬਾਅਦ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਭਾਸ਼ਣ ਦੇਣ ਵਾਲੇ ਦੇਸ਼ ਦੇ ਦੂਜੇ ਪ੍ਰਧਾਨ ਮੰਤਰੀ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਨੇ ਚਾਰ ਵਾਰ ਯੂਨੀਵਰਸਿਟੀ ਦਾ ਦੌਰਾ ਕੀਤਾ ਸੀ।

## ਦਿੱਲੀ ਧਰਨੇ ਤੋਂ ਮੁੜ ਰਹੇ ਲੁਧਿਆਣਾ ਦੇ ਨੌਜਵਾਨ ਕਿਸਾਨ ਦੀ ਸੜਕ ਹਾਦਸੇ ਵਿੱਚ ਮੌਤ

ਲੁਧਿਆਣਾ, 23 ਦਸੰਬਰ (ਪੋਸਟ ਬਿਊਰੋ)- ਦਿੱਲੀ ਤੋਂ ਕਿਸਾਨ ਅੰਦੋਲਨ ਤੋਂ ਮੁੜਦੇ ਪਿੰਡ ਜਾਂਗਪੁਰ ਦੇ ਇੱਕ 31 ਸਾਲਾ ਨੌਜਵਾਨ ਹਰਮਿੰਦਰ ਸਿੰਘ ਦੀ ਧਨੌਲਾ ਨੇੜੇ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਹ ਨੌਜਵਾਨ ਕਈ ਦਿਨਾਂ ਤੋਂ ਕਿਸਾਨ ਅੰਦੋਲਨ ਵਿੱਚ ਲੱਕੜੀਆਂ ਅਤੇ ਰਾਸ਼ਨ ਅਤੇ ਹੋਰ ਸਾਮਾਨ ਪੁਚਾਉਣ ਦੀ ਸੇਵਾ ਵਿੱਚ ਲੱਗਾ ਹੋਇਆ ਸੀ। ਨੌਜਵਾਨ ਹਰਮਿੰਦਰ ਸਿੰਘ ਕੱਲ੍ਹ ਜਦੋਂ ਆਪਣੇ ਪਿੰਡ ਦੇ ਹੀ ਦੋਸਤ ਗੁਰਜੀਤ ਸਿੰਘ ਨਾਲ ਬਾਈਕ 'ਤੇ ਵਾਪਸ ਆ ਰਿਹਾ ਸੀ ਤਾਂ ਰਾਤ ਕਰੀਬ ਅੱਠ ਵਜੇ ਧਨੌਲਾ ਨੇੜੇ ਬਾਈਕ ਦੇ ਅੱਗੇ ਇੱਕ ਆਵਾਰਾ ਪਸ਼ੂ ਆ ਗਿਆ, ਜਿਸ ਨਾਲ ਟਕਰਾ ਕੇ ਹਰਮਿੰਦਰ ਸਿੰਘ ਦੇ ਸਿਰ 'ਤੇ ਸੱਟ ਲੱਗੀ। ਉਸ ਨੂੰ ਪਹਿਲਾਂ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਸ ਨੂੰ ਸੀ ਐਮ ਸੀ ਰੈਫਰ ਕਰ ਦਿੱਤਾ ਗਿਆ, ਪਰ ਓਥੇ ਉਸਨੇ ਦਮ ਤੋੜ ਦਿੱਤਾ। ਹਰਮਿੰਦਰ ਸਿੰਘ 26 ਨਵੰਬਰ ਨੂੰ ਪਿੰਡ ਤੋਂ ਦੋ ਟਰਾਲੀਆਂ ਵਿੱਚ ਗਏ ਜਥੇ ਵਿੱਚ ਸ਼ਾਮਲ ਸੀ। 12 ਦਿਨ ਟਿਕਰੀ ਬਾਰਡਰ 'ਤੇ ਰਹਿਣ ਪਿੱਛੋਂ ਉਹ ਕੁਝ ਦੋਸਤਾਂ ਦੇ ਨਾਲ ਵਾਪਸ ਆ ਗਿਆ ਅਤੇ ਦੋ-ਤਿੰਨ ਦਿਨ ਬਾਅਦ ਅੰਦੋਲਨ ਵਿੱਚ ਸ਼ਾਮਲ ਲੋਕਾਂ ਲਈ ਕਾਰ ਵਿੱਚ ਕੱਪੜੇ ਤੇ ਰਾਸ਼ਨ ਦਾ ਕੁਝ ਸਾਮਾਨ ਲੈ ਕੇ ਚਲਾ ਗਿਆ। ਪੰਜ ਦਿਨ ਰਹਿਣ ਪਿੱਛੋਂ ਉਹ ਫਿਰ ਵਾਪਸ ਆਇਆ। ਉਨ੍ਹਾਂ ਨੇ ਪਿੰਡ ਤੋਂ ਲੱਕੜੀਆਂ ਲੈ ਕੇ ਜਾਣਾ ਸੀ, ਪਰ ਪਿਛਲੇ ਹਫਤੇ ਕੋਈ ਕੰਮ ਪੈਣ ਕਾਰਨ ਉਹ ਲੱਕੜੀਆਂ ਦੇ ਟਰੱਕ ਨਾਲ ਰਵਾਨਾ ਨਹੀਂ ਹੋ ਸਕਿਆ।ਅਗਲੇ ਦਿਨਉਹ ਬਾਈਕ 'ਤੇ ਟਿਕਰੀ ਬਾਰਡਰ ਚਲਾ ਗਿਆ ਤੇ ਦੋਬਾਰਾ ਲੱਕੜੀਆਂ ਲੈਣ ਕੱਲ੍ਹ ਆਪਣੇ ਦੋਸਤ ਜਗਜੀਤ ਸਿੰਘ ਦੇ ਨਾਲ ਬਾਈਕ 'ਤੇ ਵਾਪਸ ਪਿੰਡ ਲਈ ਨਿਕਲਿਆ ਸੀ, ਪਰ ਧਨੌਲਾ ਨੇੜੇ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ।



# ਚਮਕੌਰ ਦੀ ਗੜ੍ਹੀ ਵਿਚ ਸਤਿਗੁਰਾਂ ਮੋਰਚੇ ਬਣਾਏ



ਕਰਨੈਲ ਸਿੰਘ ਟੋਰਾਂਟੋ
416-746-7642

ਚੌਧਰੀ ਗੜ੍ਹੀ ਦੇਣ ਤੋਂ ਟਾਲ ਵੱਟਦਾ ਸੀ, ਚੌਧਰੀ ਦੇ ਭਾਈ ਗਰੀਬੂ ਨੇਂ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ, ਸਚੇ ਪਾਤਿਸ਼ਾਹ ਅੱਧੀ ਗੜ੍ਹੀ ਮੇਰੀਐ, ਆਪ ਏਥੇ ਠਹਿਰੋ। ੪੦ ਸਿੰਘਾਂ ਅਤੇ ਦੋਵੇਂ ਸਾਹਿਬਜ਼ਾਦਿਆਂ ਸਮੇਤ ਸਤਿਗੁਰੂ ਜੀ ਗੜ੍ਹੀ ਵਿਚ ਠਹਿਰੇ, ਚੌਧਰੀ ਤੋਂ ਰਸਦ ਪਾਣੀ ਲੈਕੇ ਲੰਗਰ ਛੱਕਕੇ, ਰਾਤ ਨੂੰ ਸਤਿਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਕੁਝ ਆਰਾਮ ਕੀਤਾ। ਸਿੰਘਾਂ ਨੇਂ ਚਾਰੀ ਪਾਸੀਂ ਗੜ੍ਹੀ ਦੇ ਸਸ਼ਤ੍ਰਬੱਧ ਹੋਕੇ ਪਹਿਰਾ ਦਿੱਤਾ। ਦਿਨ ਚੜ੍ਹਦੇ ਸਾਰ ਮੁਗਲ ਫੌਜਾਂ ਨੇਂ ਗੜ੍ਹੀ ਤੇ ਧਾਵਾ ਬੋਲ ਦਿੱਤਾ। ਸ਼ੈਦ ਖਾਂ, ਉਸਮਾਨ ਖਾਂ, ਹੈਬਤ ਖਾਂ, ਇਸ਼ਮਾਈਲ ਖਾਂ, ਚਾਰੇ ਮਹਾਂਰਥੀ ਸੂਰਮੇ ਸਨ। ਖਵਾਜ਼ਾ ਖਿਜ਼ਰ ਗੁਲਸ਼ੇਰ ਖਾਂ, ਨਾਹਰ ਖਾਂ, ਇਹ ਤਿੰਨੇ ਭਾਈ ਮਲੇਰੀਏ ਸਨ। ਨਜੀਬ ਖਾਂ, ਜਹਾਨ ਖਾਂ, ਮੀਆਂ ਖਾਂ, ਜਬਰਦਸਤ ਖਾਂ, ਏਹ ਓਨਾਂ ਦੇ ਅਨਾਮੀਂ ਸੂਰਮੇਂ ਅਤੇ ਹੰਕਾਰੇ ਹੋਏ ਸਨ। ਸੂਬਾ ਸਰਹੰਦ ਵਜ਼ੀਦ ਖਾਂ, ਗੁਲਸ਼ੇਰ ਸੁਲਤਾਨ ਖਾਂ, ਤਿੰਨੇ ਸੂਬੇਦਾਰ ਅਤੇ ਹੋਰ ਬਹੁਤ ਸਾਰੇ ਹਾਕਮ ਬੁਲਾਏ ਹੋਇ ਸਨ। ਗੜ੍ਹੀ ਤੇ ਪੌੜੀਆਂ ਲਾਕੇ ਚੜਦੇ ਸਨ। ਅੱਤ ਰਥੀ ਸੂਰਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਰਾਂ ਨੇ ਜੇਹੜਾ ਗੜ੍ਹੀ ਨੇੜੇ ਆਇਆ, ਸਦਾ ਦੀ ਨੀਂਦ ਸੁਆ ਦਿੱਤਾ ਅਤੇ ਸਿੰਘਾਂ ਨੇ ਖੂਬ ਗੋਲੀਆਂ ਦਾ ਮੀਂਹ ਵਰਾ ਦਿੱਤਾ। ਇਕ ਪਾਸੇ ਗੁਰੂ ਸਾਹਿਬ, ੪੦ ਸਿੰਘ ਦੋਵੇਂ ਸਾਹਿਬਜ਼ਾਦੇ, ਦੂਸਰੀ ਤਰਫ ੧੦ ਲੱਖ ਫੌਜਾਂ ਦਾ ਜਮਘਟਾ ਉਤਰਿਆ ਹੈ। ਮਲੇਰੀਆਂ ਚੋਂ ਨਾਹਰ ਖਾਂ ਗੜੀ ਤੇ ਚੜ੍ਹਨ ਲਗਾ, ਯਾ ਅਲੀ, ਯਾ ਅਲੀ ਕਰਕੇ ਗਰਜ਼ਿਆ ਸ਼ੇਰ ਦੀ ਤਰਾਂ, ਗੁਰੂ ਜੀ ਨੇ ਇਕੋ ਤੀਰ ਨਾਲ ਮਾਰ ਮੁਕ-ਾਇਆ। ਦੂਜਾ ਤੀਰ ਉਸਦੇ ਭਰਾ ਗੁਲਸ਼ੇਰ ਖਾਂ ਨੂੰ ਮਾਰਿਆ, ਉਹ ਜ਼ਖਮੀ ਹੋਕੇ ਧਰਤੀ ਤੇ ਡਿੱਗ ਪਿਆ। ਦੋਵਾਂ ਭਰਾਵਾਂ ਦੀ ਉਹ ਹਾਲਤ ਦੇਖ ਕੇ ਖਵਾਜਾ ਖਿਜਰ ਆਪੇ ਤੋਂ ਬਾਹਰ ਹੋ ਗਿਆ, ਜਦੋਂ ਗੜ੍ਹੀ ਦੇ ਨੇੜੇ ਆਇਆ, ਗੁਰੂ ਜੀ ਨੇਂ ਤੀਜਾ ਤੀਰ ਖਵਾਜੇ ਨੂੰ ਮਾਰਿਆ। ਗੁਰੂ ਜੀ ਕਹਿੰਦੇ ਹਨ :- ਇਹ ਪਾਜ਼ੀ ਕੰਧ ਓਹਲੇ ਹੋਕੇ ਜਾਨ ਬਚਾ ਗਿਆ। ਧੰਨ ਹੋ ਦਸਮੇਸ਼ ਪਿਤਾ ਜੀ ਆਪ ਧੰਨ ਹੋ। ਸਤਜੁਗ ਤੋਂ ਲੈ ਕੇ ਅੱਜ ਤੱਕ ਤੁਹਾਡੀ ਬਰਾਬਰੀ ਕਿਸੇ ਸੂਰਮੇ ਨੇ ਨਹੀਂ ਕੀਤੀ।

ਜਦੋਂ ਤਿੰਨ ਪਹਿਰ ਘਮਸ਼ਾਨ ਦੀ ਜੰਗ ਹੋਈ, ਤਾਂ ਗੋਲੀਆਂ ਅਤੇ ਤੀਰਾਂ ਦੀ ਥੁੱੜ੍ਹ ਹੋ ਗਈ, ਸਿੰਘਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਖਾਲੀ ਹੱਥ ਹੋਕੇ ਫੱੜੇ ਜਾਣ ਨਾਲੋਂ ਤਾਂ, ਵੈਰੀ ਦੇ ਸਾਹਮਣੇ ਮੱਥੇ ਤੇਗਾਂ ਮਾਰਕੇ ਸ਼ਹੀਦੀਆਂ ਪਾਈਏ। ਆਪ ਆਗਿਆ ਦਿਓ ਸੱਚੇ ਪਾਤਿਸ਼ਾਹ, ਸਿੰਘਾਂ ਨੇ ਜੰਗੇ ਮੈਦਾਨ ਵਿੱਚ, ਬੇਅੰਤ ਵੈਰੀਆਂ ਨੂੰ ਮਾਰਕੇ ਸ਼ਹੀਦੀਆਂ ਪਾਈਆਂ। ਗੁਰੂ ਸਾਹਿਬ ਨੇ ਗੜ੍ਹੀ ਤੇ ਉੱਚੀ ਜਗਾ ਤੋਂ ਤੀਰਾਂ ਦਾ ਮੀਂਹ ਵਰਸਾਹ ਦਿੱਤਾ। ਪੁਰਾਤਨ ਇਤਿਹਾਸਕਾਰ ਲਿਖਦੇ ਹਨ :- ਦਸਮੇਸ਼ ਜੀ ਨੇ ਇਕ ਤੀਰ ਛੱਡਣਾਂ ਆਪਣੇ ਧਨਖ ਵਿਚੋਂ, ਇਕ ਤੀਰ ਤੋਂ 7 ਤੀਰ ਹੋ ਜਾਣੇ, ਸਤਾਂ ਤੀਰਾਂ ਤੋਂ ਫੇਰ ਸੌ-ਸੌ ਤੀਰ ਹੋ ਜਾਣੇਂ, ਜਾਣੀ ਕੇ ਸੱਤ ਸੌ ਤੀਰ ਹੋ ਜਾਣੇਂ। 700 ਸੱਤ ਸੌਂ ਤੀਰਾਂ ਨੇ 7-7 ਬੰਦੇ ਮਾਰਨੇ। ਜਾਣੀ ਕੇ ਗੁਰੂ ਜੀ ਦੇ ਧਨੁਖ ਚੋਂ ਨਿਕਲਿਆ ਇਕ ਤੀਰ 4900 ਬੰਦੇ ਮਾਰਦਾ ਸੀ ਗਿਣ ਗਿਣ ਕੇ। ਤਾਂ ਹੀ ਦੁਸ਼ਮਣਾਂ ਦੀਆਂ ਲੋਥਾਂ ਦੇ ਢੇਰ ਲੱਗੇ ਸਨ। ਚਮਕੌਰ ਦੇ ਅੰਦਰ ਲਹੂ ਦੇ ਨਾਲੇ ਵਹਿ ਗਏ ਸਨ। ਏਨਾਂ ਤੀਰਾਂ ਦੀ ਮਾਰ ਕਰਕੇ, ਸਾਰੀ ਦਿਹਾੜੀ ਗੜ੍ਹੀ ਤੇ ਕਬਜ਼ਾ ਨਹੀਂ ਸੀ ਕਰ ਸਕੀਆਂ ਦਸ ਲੱਖ ਫੌਜਾਂ, ਇਹ ਸਚਾਈ ਹੈ।

ਨੋਟ:- ਏਹੀ ਪੰਜ ਤੀਰ ਬੰਦਾ ਬਹਾਦਰ ਨੂੰ ਦਿੱਤੇ ਸੀ, ਕਿਹਾ ਸੀ ਏਨ੍ਹਾਂ ਤੀਰਾਂ ਨੂੰ ਅੱਤ ਭੀੜ ਬਣੀਂ ਤੋਂ ਚਲਾਈਂ, ਘੜੀ ਮੁੜੀ ਨਾਂ ਚਲਾਈਂ। ਤਾਂ ਹੀ ਫਤਹਿ ਪਾਉਂਦਾ ਫਿਰਦਾ ਸੀ ਬੰਦਾ ਸਿੰਘ ਬਹਾਦਰ। ਤੀਰ ਤਾਂ ਹੋਰ ਵੀ ਦਿੱਤੇ ਸਨ, ਇਹ ਪੰਜ ਤੀਰ ਲੱਖਾਂ ਦੀ ਗਿਣਤੀ ਵਿੱਚ ਫੌਜਾਂ ਨੂੰ ਮੌਤ ਦੇ ਘਾਟ ਉਤਾਰਕੇ, ਧਰਤੀ ਤੇ ਲੰਬੇ ਪਾ ਦੇਂਦੇ ਸਨ। ਜਿਵੇਂ ਹਨੇਰੀ ਆਉਣ ਤੇ ਮੱਕੀ ਦੇ ਟਾਂਡੇ, ਧਰਤੀ ਤੇ ਲੰਬੇ ਪੈ ਜਾਂਦੇ ਹਨ। ਸਿਖਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ, ਆਪ ਨੇਂ ਅਜ ਕਰਾਮਾਤ ਵਰਤ ਲਈ। ਕਰਾਮਾਤ ਵਰਤਣੀਂ ਕਹਿਰ ਹੈ, ਸੱਚੇ ਪਾਤਿਸ਼ਾਹ ਨੇ ਕਿਹਾ ਅਸੀਂ ਕਰਾਮਾਤ ਨਹੀਂ ਵਰਤੀ। ਇਹ ਤਾਂ ਸਾਡੀ ਸਸ਼ਤ੍ਰ ਵਿਦਿਆ ਅਤੇ ਅਸ਼ਤ੍ਰ ਵਿਦਿਆ ਹੈ। ਇਹੋ ਜੇਹੇ ਤੀਰ ਮਹਾਂ ਭਾਰਤ ਦੇ ਜੰਗ ਵਿਚ ਦ੍ਰੋਣਾਂਚਾਰੀਆ ਗੁਰੂ ਨੇ ਚਲਾਏ ਸਨ। ਕ੍ਰਿਸ਼ਨ ਭਗਵਾਨ ਨੇ ਵੀ ਇਹ ਤੀਰ ਚਲਾਏ ਸਨ, ਕ੍ਰੋੜਾਂ ਦੀ ਗਿਣਤੀ ਵਿਚ ਫੌਜਾਂ ਨੂੰ ਸ਼ੁਸਰੀ ਦੀ ਤਰਾਂ ਸੁਆ ਦੇਂਦੇ ਸਨ। ਕ੍ਰਿਸ਼ਨ ਜੀ ਧਰਤੀ ਦਾ ਭਾਰ ਉਤਾਨ ਆਏ ਸੀ। ਜਦੋਂ ਤਿੰਨ ਪਹਿਰ ਗੜੀ ਚੋਂ ਤੀਰਾਂ ਨਾਲ ਮੁਕਾਬਲਾ ਹੁੰਦਾ ਰਿਹਾ, ਤਾਂ ਗੋਲੀ ਛਿਕਾ ਮੁੱਕ ਗਿਆ। ਸਿੰਘਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ, ਖਾਲੀ ਹੱਥੀਂ ਫੜੇ ਜਾਣ ਨਾਲੋਂ ਬਾਹਰ ਨਿਕਲ ਕੇ ਵੈਰੀਆਂ ਦੇ ਸਾਹਮਣੇ ਮੱਥੇ ਤਲਵਾਰ ਦੀ ਜੰਗ ਕਰਕੇ ਜੌਹਰ ਦਿਖਾਕੇ ਬੇਅੰਤ ਫੌਜਾਂ ਨੂੰ ਮਾਰਕੇ, ਆਪ ਵੀ ਜੰਗੇ ਮੈਦਾਨ ਵਿੱਚ ਸ਼ਹੀਦੀਆਂ ਪਾਈਏ। ਸਤਿਗੁਰਾਂ ਤੋਂ ਆਗਿਆ ਲੈ ਕੇ, ਪਹਿਲਾ ਜੱਥਾ ਭਾਈ ਹਿੰਮਤ ਸਿੰਘ ਜੀ ਦੀ ਅਗਵਾਈ ਵਿਚ, ਤਲਵਾਰਾਂ ਧੂ ਕੇ ਇਉਂ ਪੈਗਿਆ



ਭੱਜਕੇ ਜਿਵੇਂ ਸ਼ੇਰ ਗਰਜਕੇ ਜੰਗਲੀ ਜੀਵਾਂ ਤੇ ਹੱਲਾ ਬੋਲਦਾ ਹੈ। ਸਿੰਘਾਂ ਨੇ ਤਾਂ ਆਪਣੀਂ ਮੌਤ ਹਥੇਲੀ ਤੇ ਰੱਖੀ ਹੋਈ ਸੀ। ਉਹ ਫੌਜੀ ਸਰਕਾਰੀ ਹੁਕਮ ਵਜਾਉਂਦੇ ਸਨ, ਪਿੱਛੇ ਆਪਣੇ ਬਾਲ ਬੱਚਿਆਂ ਲਈ ਸੋਚਦੇ ਸਨ। ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਕੇ, ਜਦੋਂ ਸਰੀਰ ਟੋਟੇ ਟੋਟੇ ਹੋ ਗਏ। ਆਖਰ ਆਪ ਵੀ ਸ਼ਹੀਦੀਆਂ ਪਾ ਗਏ।

(ਸਾਹਿਬਜ਼ਾਦਾ ਅਜੀਤ ਸਿੰਘ ਜਥੇ ਸਮੇਤ ਮੈਦਾਨ ਵਿੱਚ ਆਇਆ)

ਭਾਈ ਮੋਹਕਮ ਸਿੰਘ ਜੀ ਦੇ ਜਥੇ ਵਿਚ ਇਸ ਤਰਾਂ ਗੜ੍ਹੀ ਚੋਂ ਨਿਕਲਕੇ ਅਕਾਲ ਅਕਾਲ ਗਜਾ ਕੇ ਅਜੀਤ ਸਿੰਘ ਜੀ ਨੇ ਵੈਰੀਆਂ ਤੇ ਹੱਲਾ ਬੋਲ ਦਿਤਾ। ਮਾਰੋ ਮਾਰ ਕਰਕੇ ਸੱਥਰ ਲਾ ਦਿੱਤੇ, ਜਿਵੇਂ ਸਾਬਨ ਵਿਚ ਤਾਰ ਨਿਕਲਦੀ ਹੈ, ਇਸ ਤਰਾਂ ਸਾਹਿਬਜ਼ਾਦੇ ਦੀ ਸਮਸ਼ੇਰ ਗਰਦਨਾਂ ਅਤੇ ਸਿਰਾਂ ਨੂੰ ਪਾੜ ਫਿਰਦੀ ਸੀ। ਗੁਰੂ ਸਾਹਿਬ ਅਜੀਤ ਸਿੰਘ ਨੂੰ ਅਤੇ ਸਿੰਘਾਂ ਨੂੰ ਗੜ੍ਹੀ ਤੋਂ ਸ਼ਾਬਾਸ਼-ਸ਼ਾਬਾਸ਼ ਕਹਿੰਦੇ ਸਨ।

ਬੈਂਤ:- ਟੋਟੇ ਹੋ ਕੇ ਵਿਚ ਮੈਦਾਨ ਡਿਗੇ, ਜਾਂਦੇ ਵਾਰ ਦੀ ਫਤਹਿ ਗਜਾ ਕਰਕੇ।

ਇਸ ਹੱਮਨ ਦੇ ਵਿਚ ਅਜੀਤ ਸਿੰਘ ਜੀ, ਹੂਤੀ ਆਪਣੇ ਜਿਸਮ ਦੀ ਪਾ ਕਰਕੇ।

(ਵੱਡੇ ਵੀਰ ਨੂੰ ਸ਼ਹੀਦ ਹੋਇ ਦੇਖਕੇ, ਛੋਟੇ ਸਾਹਿਬਜ਼ਾਦਾ ਵੀ ਜੰਗ ਵਿਚ ਜਾਂਦੇ ਹਨ)

ਆਲਮ ਸਿੰਘ ਤੇ ਸਾਹਿਬ ਸਿੰਘ ਦੇ, ਜਥੇ ਵਿਚ ਜਾਂਦੇ ਹਨ। ਪਹਿਲਾਂ ਗੁਰੂ ਜੀ ਨੂੰ ਨਮਸ਼ਕਾਰ ਕਰਕੇ ਆਗਿਆ ਪ੍ਰਾਪਤ ਕੀਤੀ, ਇਹ ਆਖਰੀ ਦੀਦਾਰੇ ਹਨ।

ਬੈਂਤ:- ਓਹ ਫੁਲ ਗੁਲਾਬ ਦਾ ਚੰਨ ਚਿਹਰਾ, ਨਾਲ ਵੈਰੀਆਂ ਜੰਗ ਮਚਾਨ ਟੁਰਿਆ।

ਨਿੱਕੀ ਢਾਲ ਤਲਵਾਰ ਲੈ ਹਥ ਸੋਹਣੀ, ਖੰਡੇ ਅੰਮ੍ਰਿਤ ਦੀ ਸ਼ਕਤੀ ਦਿਖਾਨ ਟੁਰਿਆ।

ਜਿਸ ਵੇਲੇ ਗੜ੍ਹੀ ਚੋਂ ਬਾਹਰ ਆਏ ਜੁਝਾਰ ਸਿੰਘ ਜੀ, ਫੌਜਾਂ ਦਾ ਜਮ ਘਟਾ ਦੇਖ ਕੇ, ਘਾਣਾ ਬਚਾ ਸੀ 12 ਸਾਲ ਦਾ, ਪਿੱਛੇ ਮੁੜ ਆਇਆ ਕਹਿੰਦਾ ਪਾਣੀ ਪੀ ਆਵਾਂ। ਸਤਿਗੁਰਾਂ ਗੁੱਸੇ ਵਿਚ ਆਕੇ ਕਿਹਾ ਬੇਟਾ ਪਿਛੇ ਕਿਉਂ ਮੁੜਕੇ ਆਇਆ। ਏਥੇ ਇਸ ਸੰਸਾਰ ਵਿਚ ਤੇਰੇ ਜੋਗਾ ਪਾਣੀਂ ਨਹੀਂ ਹੈ, ਜਾਹ ਵਾਪਸ ਵੱਡੇ ਵੀਰ ਕੋਲ ਪੀ ਜਾਕੇ। ਬੇਟਾ ਛੱਤਰੀ ਸੂਰਮੇ ਦਾ ਪਿੱਛੇ ਮੁੜਨਾ ਧਰਮ ਨਹੀਂ ਹੈ। ਸਿੰਘਾ ਨੇ ਸਾਹਿਬਜ਼ਾਦਾ ਜੀ ਨੂੰ ਵਿਚਘਾਰ ਲੈ ਲਿਆ, ਖੂਬ ਤਲਵਾਰ ਦੇ ਜੌਹਰ ਦਖਾ ਕੇ ਜਿਵੇਂ ਜਵਾਰ ਦੇ ਢੇਰ ਲਈਦੇ ਨੇ ਵੱਡਕੇ ਇਸ ਤਰਾਂ ਸੱਥਰ ਵਿਛਾ ਦਿੱਤੇ ਵੈਰੀਆਂ ਦੇ। ਮਤੀਰਿਆਂ ਦੀ ਤਰਾਂ ਵੈਰੀਆਂ ਦੇ, ਸਿਰ ਵੱਡ ਕੇ ਖਲਾਰ ਦਿੱਤੇ ਮੈਦਾਨ ਵਿਚ, ਸਾਹਿਬਜ਼ਾਦਾ ਜੀ ਨੂੰ ਜੰਗ ਵਿੱਚ ਛੋਟੀ ਤਲਵਾਰ ਚਲਾਂਦਾ ਦੇਖਕੇ ਅਤੇ ਸ਼ਹੀਦੀ ਪ੍ਰਾਪਤ ਕਰਦਾ ਦੇਖਕੇ, ਵੈਰੀਆਂ ਦੇ ਮਹਾਂਵਲੀ ਬਹਾਦਰ ਤ੍ਰਾਹ-ਤ੍ਰਾਹ ਕਰ ਉਠੇ। ਕਈਆਂ ਨੇ ਨੇਤ੍ਰਾਂ ਚੋਂ ਪਾਣੀ ਵਹਿ ਤੁਰਿਆ, ਸਰੀਰ ਕੰਬਣ ਲੱਗੇ।

ਬੈਂਤ:- ਔਖੇ ਝਲਣੇ ਸ਼ੱਲ ਨੇ ਪੁਤ੍ਰਾਂ ਦੇ, ਔਖਾ ਕੰਮ ਹੈ ਵਿਚ ਜਹਾਨ ਭਾਈ।

ਵੇਖੋ ਮਰੇ ਵਸਿਸ਼ਟ ਦੇ ਪਤ੍ਰ ਜਦੋਂ, ਹੋਯਾ ਦੁਖੀ ਓਹ ਮੋਹ ਵਿਚ ਆਨ ਭਾਈ।

ਪਰ ਧੰਨ ਇਕ ਗੁਰੂ ਗੋਬਿੰਦ ਸਿੰਘ ਜੀ, ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ।

ਅਖੀਂ ਅੱਥਰੂ ਇਕ ਨ ਕੇਰਿਆ ਸੀ, ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ।

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁੱਧੁ ਬਿਚਾਰੈ॥

ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ॥

ਧੀਰਜ ਧਾਮ ਬਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ॥

ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ॥

(ਕ੍ਰਿਸ਼ਨਾਵਤਾਰ)

ਸਾਰੀ ਦਿਹਾੜੀ ਲੰਘ ਗਈ, ਗੜ੍ਹੀ ਤੇ ਕਬਜ਼ਾ ਨਹੀਂ ਕਰ ਸਕੀਆਂ ਮੁਗਲ ਫੌਜਾਂ। ਦਯਾ ਸਿੰਘ ਜੀ ਸੰਗਤ ਸਿੰਘ ਜੀ ਆਦਿਕ ਸਿੱਖਾਂ ਨੇ ਬੇਨਤੀ ਕੀਤੀ, ਸੱਚੇ ਪਾਤਿਸ਼ਾਹ ਅੱਜ ਦੀ ਦਿਹਾੜੀ ਤਾਂ ਲੰਘ ਗਈ, ਸਿੰਘ ਬਹੁਤ ਸ਼ਹੀਦੀਆਂ ਪਾ ਗਏ ਨੇ। ਗੋਲੀ ਸਿੱਕਾ ਵੀ ਖਤਮ ਹੋ ਗਿਆ ਹੈ, ਸਿੰਘ ਵੀ 5-7 ਰਹਿ ਗਏ ਹਾਂ। ਮਹਾਰਾਜ ਜੀ ਅਸੀਂ ਤਾਂ ਐਥੇ ਸ਼ਹੀਦੀਆਂ ਪਾਵਾਂਗੇ, ਅਸੀਂ ਮਰਨ ਤੋਂ ਨਹੀਂ ਡਰਦੇ। ਪਰ ਆਪ ਰਾਤ ਦੇ ਟੈਮ ਇਥੋਂ ਟੈਮ ਬਚਾਕੇ ਨਿਕਲ ਜਾਓ, ਆਪ ਅੱਗੇ ਜਾ ਕੇ, ਹੋਰ ਫੌਜਾਂ ਸਜਾ ਲਉਗੇ, ਸਤਿਗੁਰਾਂ ਸਿੰਘਾਂ ਦਾ ਗੁਰਮਤਾ ਮੰਨਕੇ, ਪੰਜਾਂ ਸਿੰਘਾਂ ਦੀ ਪੰਚੈਤ ਬਣਾ ਦਿੱਤੀ। ਭਾਈ ਸੰਗਤ ਜੀ ਨੂੰ ਆਪਣੀ ਕਲਗੀ, ਜਿਗਾ ਪਹਿਨਾ ਦਿਤੀ। ਗੁਰੂ ਖਾਲਸਾ ਖਾਲਸਾ ਗੁਰੂ ਕਹਿਕੇ ਖਾਲਸੇ ਨੂੰ ਗੁਰਤਾਗੱਦੀ ਬਖਸ਼ ਦਿੱਤੀ। ਅੱਗੇ ਤੋਂ ਜੋ ਵੀ ਗੁਰਮਤਾ ਜਾਂ ਹੁਕਮ ਨਾਮਾਂ ਕਰਨਾ ਹੈ, ਪੰਜ ਪਿਆਰੇ ਰਹਿਤਵਾਨ ਸਿੰਘਾਂ ਦੁਆਰਾ ਕਰੋ। ਸਤਿਗੁਰੂ ਦਸਮੇਸ਼ ਜੀ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਨੂੰ ਨਾਲ ਲੈ ਕੇ ਸੁਤੀਆਂ ਪਈਆਂ ਫੌਜਾਂ ਦੇ ਵਿਚ ਦੀ ਨਿਕਲ ਗਏ, ਰਾਤੋ ਰਾਤ ਨੰਗੇ ਪੈਰੀਂ ਮਾਛੀਵਾੜੇ ਪਹੁੰਚ ਜਾਂਦੇ ਹਨ। ਹੇ ਦੀਨ ਦੁਨੀਆਂ ਦੇ ਵਾਲੀ। ਧੰਨ ਹੋ ਸੱਚੇ ਪਾਤਿਸ਼ਾਹ ਜੀ ਆਪ ਧੰਨ ਹੋ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨੇਂ ਪਿੰਡ ਤੋਂ ਜ਼ਫਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ)

ਜ਼ਫਰਨਾਮੇਂ ਦੀ ੪੯ ਵੀ ਬੈਂਤ ਵਿਚ ਲਿਖਿਆ ਹੈ:- ਹੇ ਔਰੰਗਜ਼ੇਬ ਤੂੰ ਕੁਰਾਨ ਦੀ ਸੌਂਹ ਖਾਕੇ ਮੁਕਰਿਆ ਹੈਂ, ਨਾ ਤੂੰ ਈਮਾਨ ਨੂੰ ਮੰਨਣ ਵਾਲਾ ਹੈਂ। ਨਾ ਹੀ ਤੂੰ ਮੁਹਮਦ ਤੇ ਭਰੋਸਾ ਰੱਖਣ ਵਾਲਾ ਹੈਂ, ਤੇਰੇ ਜੈਸੇ ਪੁਰਸ਼ ਤੇ ਮੈਨੂੰ ਕੋਈ ਭਰੋਸਾ ਨਹੀਂ, ਜੋ ਮੁਸਲਮਾਨ ਹੋਕੇ ਪਵਿੱਤ੍ਰ ਕੁਰਾਨ ਦੀ ਕਸਮ ਖਾਕੇ ਮੁਕਰਿਆ ਹੋਵੇ। ਹੁਣ ਭਾਵੇਂ ਤੂੰ ਕੁਰਾਨ ਦੀ ਸੌ ਕਸਮ ਖਾਵੇਂ, ਮੈਂ ਰਤੀ ਭਰ ਵਿਸ਼ਵਾਸ ਨਹੀਂ ਕਰਾਂਗਾ। ਬੈਂਤ ਨੰ: ੧੯ ਤੇ:- ਜੇ ਕਿਤੇ ਅਸੀਂ ਲੁਕਕੇ ਵੀ ਆਪਣੇ ਪਵਿੱਤ੍ਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾਦੀ ਹੁੰਦੀ ਤਾਂ ਮੈਂ ਆਪ ਤਾਂ ਕੀ ਉਲੰਘਣਾ ਕਰਨੀ ਸੀ, ਆਪਣੇ ਕਿਸੇ ਬੰਦੇ ਨੂੰ ਵੀ ਉਲੰਘਣਾਂ ਨਾ ਕਰਨ ਦਿੰਦਾ।

ਨੋਟ:- ਦਸਮੇਸ਼ ਪਿਤਾ ਜੀ ਹੁਣ ਤਾਂ ਤੇਰੇ ਪਿਆਰੇ ਪੁਤ੍ਰ ਖਾਲਸੇ ਦੇ ਪਹਿਰਾਵੇ ਵਿੱਚ, ਗੁਰੂ ਗ੍ਰੰਥ ਦੇ ਸਾਹਮਣੇ ਖੜ੍ਹਕੇ, ਝੂਠੀਆਂ ਸੋਹਾਂ ਖਾਂਦੇ ਹੈ, ਅਰਦਾਸਾਂ ਕਰਦਾ ਫਰਜ਼ੀ ਲਾਵਾਂ ਪੜ੍ਹਦੇ ਹਨ। ਝੂਠੇ ਵਿਆਹ ਕਰਵਾਕੇ ਭੈਣ-ਭਾਈ, ਪਤੀ ਪਤਨੀ ਕਹਿਕੇ ਵਿਆਹ ਕਰਵਾ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠਕੇ, ਮਖੌਲ ਠੱਠੇ ਕਰਦੇ ਹਨ। ਆਪ ਕਹਿੰਦੇ ਹੋ ਅਸੀਂ ਸੌਂਹ ਖਾਕੇ ਮੁੱਕਰਨ ਦੀ ਆਗਿਆ ਨਹੀਂ ਦਿੰਦੇ, ਆਪਦੇ ਖਾਲਸੇ ਨੂੰ ਆਕੇ ਦੇਖ ਲਓ, ਹੁਣ ਤੁਹਾਡੇ ਸੱਚੇ ਧਰਮ ਨੂੰ ਝੂਠ ਵਿਚ ਬਦਲ ਦਿੱਤਾ। ਹੁਣ ਨਿਹ ਕਲੰਕ ਅਵਤਾਰ ਧਾਰਕੇ ਆਓ, ਪਾਪੀਆਂ ਨੂੰ ਡੰਡ ਦੇਵੋ, ਧਰਮੀਆਂ ਦੀ ਮਦਦ ਕਰੋ ਜੀ। ਇਹ ਕੀਟ ਦੀ ਬੇਨਤੀ ਨੂੰ ਪ੍ਰਵਾਨ ਕਰੋ ਜੀ।



# ਫੈਡਰਲ ਸਰਕਾਰ ਨੇ ਦੇਸ਼ ਭਰ 'ਚ ਕੋਵਿਡ-19 ਦੌਰਾਨ ਹੋਏ ਖਰਚੇ 'ਚੋਂ 87 ਫੀਸਦੀ ਯੋਗਦਾਨ ਪਾਇਆ : ਸੋਨੀਆ ਸਿੱਧੂ

## 'ਓਨਟਾਰੀਓ 'ਚ ਕੋਵਿਡ-19 ਖਰਚੇ ਦਾ 97 ਫੀਸਦੀ ਹਿੱਸਾ ਫੈਡਰਲ ਸਰਕਾਰ ਵੱਲੋਂ ਖਰਚ ਕੀਤਾ ਗਿਆ'

ਬਰੈਂਪਟਨ - ਕੈਨੇਡਾ ਫੈਡਰਲ ਸਰਕਾਰ ਵੱਲੋਂ ਕੋਵਿਡ-19 ਦੀ ਸ਼ੁਰੂਆਤ ਤੋਂ ਹੀ ਕੈਨੇਡੀਅਨਜ਼ ਦੀ ਸਿਹਤ ਅਤੇ ਸੁਰੱਖਿਆ ਲਈ ਮਹੱਤਵਪੂਰਨ ਅਤੇ ਲੋੜੀਂਦੇ ਕਦਮ ਚੁੱਕੇ ਜਾਂਦੇ ਰਹੇ ਹਨ।

ਸਰਕਾਰੀ ਅੰਕੜਿਆਂ ਮੁਤਾਬਕ, ਕੋਵਿਡ-19 ਦੌਰਾਨ ਹੋਏ ਕੁੱਲ ਖਰਚਿਆਂ ਦਾ 87 ਫੀਸਦੀ ਹਿੱਸਾ ਫੈਡਰਲ ਸਰਕਾਰ ਵੱਲੋਂ ਖਰਚ ਕੀਤਾ ਗਿਆ ਜਦਕਿ ਓਨਟਾਰੀਓ 'ਚ ਹੋਏ ਕੁੱਲ ਖਰਚੇ 'ਚ ਫੈਡਰਲ ਸਰਕਾਰ ਨੇ 97 ਫੀਸਦੀ ਯੋਗਦਾਨ ਪਾਇਆ ਹੈ।

ਬੱਚਿਆਂ, ਮਾਪਿਆਂ, ਅਤੇ ਸੀਨੀਅਰਜ਼ ਤੋਂ ਲੈ ਕੇ ਕਾਰੋਬਾਰਾਂ, ਐਨ.ਜੀ.ਓਜ਼, ਕਾਮਿਆਂ ਅਤੇ ਸੰਸਥਾਵਾਂ ਦੀ ਸਹਾਇਤਾ ਲਈ ਕੈਨੇਡਾ ਫੈਡਰਲ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਤੁਰੰਤ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਰਹੀ ਹੈ। ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਫੈਡਰਲ ਲਿਬਰਲ ਸਰਕਾਰ ਵੱਲੋਂ ਸਾਲ ਭਰ ਦੌਰਾਨ ਸਥਾਨਕ ਅਤੇ ਕੌਮੀ ਪੱਧਰ 'ਤੇ ਕੀਤੇ ਗਏ ਕੰਮਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ।



ਬਰੈਂਪਟਨ ਦੇ ਵੱਖੋ-ਵੱਖ ਸਥਾਨਕ ਪ੍ਰਾਜੈਕਟਾਂ ਅਧੀਨ ਫੰਡਿੰਗ ਦਾ ਐਲਾਨ

ਬਰੈਂਪਟਨ ਡਾਊਨਟਾਊਨ "ਰਿਵਰ ਵਾਲਕ" ਪ੍ਰਾਜੈਕਟ

ਮਾਣਯੋਗ ਮੰਤਰੀ ਕੈਥਰੀਨ ਮੈਕੇਨਾ, (ਇਨਫ੍ਰਾਸਟ੍ਰਕਚਰ ਅਤੇ ਕਮਿਊਨਟੀ ਮੰਤਰੀ) ਨੇ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨਾਲ ਮਿਲਕੇ ਡਾਊਨਟਾਊਨ ਬਰੈਂਪਟਨ ਹੜ੍ਹ ਸੁਰੱਖਿਆ ਪ੍ਰੋਜੈਕਟ (ਫਲੱਡ ਪ੍ਰੋਟੈਕਸ਼ਨ ਪ੍ਰੋਜੈਕਟ) ਲਈ ਫੰਡਿੰਗ ਦਾ ਐਲਾਨ ਕੀਤਾ, ਜਿਸ ਲਈ ਕੈਨੇਡਾ ਸਰਕਾਰ ਵੱਲੋਂ 38.8 ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰਨ ਦਾ ਐਲਾਨ ਕੀਤਾ ਗਿਆ। ਇਸ ਨਾਲ ਬਰੈਂਪਟਨ 'ਚ ਇਨਵੈਸਟਮੈਂਟ ਨੂੰ ਹੁਲਾਰਾ ਮਿਲੇਗਾ ਅਤੇ ਹਜ਼ਾਰਾਂ ਨੌਕਰੀਆਂ ਪੈਦਾ ਹੋਣਗੀਆਂ।

ਪੀਲ ਰੀਜ਼ਨ 'ਚ ਅਫੋਰੇਬਲ ਹਾਊਸਿੰਗ ਲਈ ਇਤਿਹਾਸਕ ਫੰਡਿੰਗ ਦਾ ਐਲਾਨ

ਕੈਨੇਡਾ ਦੀ ਫੈਡਰਲ ਲਿਬਰਲ ਸਰਕਾਰ ਵੱਲੋਂ ਪੀਲ ਖੇਤਰ ਵਿੱਚ ਨਵੇਂ ਕਿਫਾਇਤੀ ਮਕਾਨਾਂ ਦੇ ਨਿਰਮਾਣ ਲਈ ਫੈਡਰਲ ਸਰਕਾਰ ਵੱਲੋਂ $276 ਮਿਲੀਅਨ ਡਾਲਰ ਤੋਂ ਵੱਧ ਦੀ ਫੰਡਿੰਗ ਦਾ ਐਲਾਨ ਕੀਤਾ। ਪੀਲ ਰੀਜਨ ਵਿਚ ਅਫੋਰਡੇਬਲ ਹਾਊਸਿੰਗ ਲਈ 276 ਮਿਲੀਅਨ ਡਾਲਰ ਦਾ ਨਿਵੇਸ਼ ਇਸ ਖੇਤਰ 'ਚ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਹੈ।

ਇਸ ਫੰਡਿੰਗ ਨਾਲ ਰੀਜਨ ਆਫ਼ ਪੀਲ ਵੱਲੋਂ ਨਵੇਂ ਹਾਊਸਿੰਗ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ ਜਾ ਸਕੇਗੀ ਅਤੇ ਅਗਲੇ ਅੱਠ ਸਾਲਾਂ 'ਚ 2,240 ਅਫੋਰਡੇਬਲ ਰੈਂਟਲ ਯੂਨਿਟਾਂ ਤੇ ਸ਼ੈਲਟਰ ਬੈਡਾਂ ਦੇ ਪ੍ਰਾਜੈਕਟ ਨੂੰ ਪੂਰਾ ਕੀਤਾ ਜਾ ਸਕੇਗਾ।

# ਟਰੰਪ ਨੇ ਆਪਣੇ ਮਿੱਤਰ ਮੋਦੀ ਨੂੰ 'ਲੀਜ਼ਨ ਆਫ ਮੈਰਿਟ' ਐਵਾਰਡ ਨਾਲ ਨਵਾਜ਼ਿਆ

ਵਾਸ਼ਿੰਗਟਨ, 23 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਹੁਤ ਮਹੱਤਵ ਵਾਲੇ'ਲੀਜਨ ਆਫ ਮੈਰਿਟ' ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਨਰਿੰਦਰ ਮੋਦੀ ਨੂੰ ਇਹ ਐਵਾਰਡਆਪਣੀ ਲੀਡਰਸ਼ਿਪ ਵਿਚ ਭਾਰਤ-ਅਮਰੀਕਾ ਦੀ ਰਣਨੀਤਕ ਸਾਂਝ ਹੋਰ ਮਜ਼ਬੂਤ ਕਰਨ ਤੇ ਭਾਰਤ ਨੂੰ ਗਲੋਬਲ ਤਾਕਤ ਦੇ ਰੂਪ ਵਿਚ ਅੱਗੇ ਵਧਾਉਣ ਲਈ ਦਿੱਤਾ ਗਿਆ ਹੈ। ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਵੱਲੋਂਐਵਾਰਡਲਿਆ ਹੈ ਅਤੇ ਉਨ੍ਹਾਂ ਨੂੰ ਇਹ ਐਵਾਰਡਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਰੌਬਰਟ ਓ 'ਬ੍ਰਾਇਨ ਨੇ ਵ੍ਹਾਈਟ ਹਾਊਸ ਵਿਚ ਇਹ ਐਵਾਰਡਦਿੱਤਾ ਹੈ।



ਇਸ ਮੌਕੇ ਰੌਬਰਟ ਓ 'ਬ੍ਰਾਇਨ ਨੇ ਟਵੀਟ ਕੀਤਾ ਕਿ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਆਪਣੀ ਅਗਵਾਈ ਵਿਚ ਅਮਰੀਕਾ ਅਤੇ ਭਾਰਤ ਵਿਚਾਲੇ ਰਣਨੀਤਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ 'ਲੀਜਨ ਆਫ ਮੈਰਿਟ'ਐਵਾਰਡਨਾਲ ਸਨਮਾਨਿਤ ਕੀਤਾ ਹੈ। ਇਹ ਐਵਾਰਡ ਕਿਸੇ ਸਰਕਾਰ ਜਾਂ ਦੇਸ਼ ਦੇ ਮੁਖੀ ਨੂੰ ਹੀ ਦਿੱਤਾ ਜਾਂਦਾ ਹੈ। ਨਰਿੰਦਰ ਮੋਦੀ ਨੂੰ ਇਹ ਐਵਾਰਡਇਸ ਲਈ ਦਿੱਤਾ ਗਿਆ ਕਿ ਉਨ੍ਹਾ ਨੇ ਭਾਰਤ ਨੂੰ ਗਲੋਬਲ ਸ਼ਕਤੀ ਵਜੋਂ ਉਭਾਰਨ ਲਈ ਤੇਜ਼ੀ ਨਾਲ ਕੰਮ ਕੀਤਾ ਅਤੇ ਗਲੋਬਲ ਚੁਣੌਤੀਆਂ ਦੇ ਮੁਕਾਬਲੇ ਲਈ ਅਮਰੀਕਾ ਤੇ ਭਾਰਤ ਦੀ ਰਣਨੀਤਕ ਸਾਂਝ ਨੂੰ ਮਜ਼ਬੂਤ ਕੀਤਾ ਹੈ। ਓ 'ਬ੍ਰਾਇਨ ਨੇ ਇਕ ਹੋਰ ਟਵੀਟ ਵਿਚ ਕਿਹਾ ਹੈ ਕਿ ਡੋਨਾਲਡ ਟਰੰਪ ਨੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਅਤੇ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੂੰ ਵੀ ਅਮਰੀਕਾ ਦੀ ਸਰਕਾਰ ਵੱਲੋਂ ਲੀਜਨ ਆਫ ਮੈਰਿਟ ਨਾਲ ਸਨਮਾਨਿਤ ਕਰਨ ਦਾ ਫੈਸਲਾ ਲਿਆ ਹੈ। ਲੀਜਨ ਆਫ ਮੈਰਿਟ ਦੀ ਸਥਾਪਨਾ 20 ਜੁਲਾਈ 1942 ਨੂੰ ਅਮਰੀਕਾ ਦੀ ਪਾਰਲੀਮੈਂਟ ਨੇ ਕੀਤੀ ਸੀ। ਇਹ ਸਰਬ ਉੱਚ ਫੌਜੀ ਮੈਡਲ ਸਿਰਫ ਵਿਦੇਸ਼ੀ ਅਧਿਕਾਰੀਆਂ ਨੂੰ ਦਿੱਤਾ ਜਾ ਸਕਦਾ ਹੈ। ਇਹ ਪੰਜ ਕਿਰਨਾਂ ਵਾਲਾ ਸਫੈਦ ਕਰਾਸ ਹੈ, ਜਿਸ ਦੇ ਕਿਨਾਰੇ ਲਾਲ ਰੰਗ ਦੇ ਹਨ ਅਤੇ ਇਸ ਵਿਚ 13 ਚਿੱਟੇ ਤਾਰਿਆਂ ਦੇ ਨਾਲ ਨੀਲੇ ਸੈਂਟਰ ਦੇ ਨਾਲ ਕਿਨਾਰਿਆਂ ਉੱਤੇ ਹਰੇ ਰੰਗ ਦੀ ਮਾਲਾ ਵਰਗੀ ਸ਼ਕਲ ਬਣੀ ਹੋਈ ਹੈ।

# ਸੇਵਾਦਲ ਵੱਲੋਂ 2021 ਦਾ ਸਮਾਰਟ ਕਲੰਡਰ ਤਿਆਰ

'ਸੀਨੀਅਰ ਸੋਸ਼ਿਲ ਸਰਵਿਸਜ਼ ਗਰੁਪ' ਵਲੋਂ ਸਮੂਹ ਭਾਈਚਾਰੇ ਨੂੰ ਨਵੇਂ ਸਾਲ ਦੇ ਆਗਮਨ ਉਪਰ ਲੱਖ ਲੱਖ ਵਧਾਈ ਹੋਵੇ। ਅਰਦਾਸ ਕਰਦੇ ਹਾਂ ਕਿ 2021 ਵਿਚ ਕੋਵਿਡ 19 ਦੀ ਮਹਾਮਾਰੀ ਸੰਸਾਰ ਵਿਚੋਂ ਲੁਪਤ ਹੋ ਜਾਏ ਅਤੇ ਫਿਰ ਮੁੜ ਆਪਸੀ ਮਿਲਣ ਜੁਲਣ ਦਾ ਰਸਤਾ ਸਾਫ ਹੋ ਜਾਵੇ। ਲੁਕਾਈ ਵਿਚ ਆਪਣੇ ਪਾਵਨ ਅਸਥਾਨਾ ਲਈ ਪਹਿਲਾ ਵਾਂਗ ਹਫਤਾਵਾਰੀ ਖੁੱਲ੍ਹੇ ਦਰਸ਼ਨ ਅਤੇ ਪੂਜਾ ਅਰਚਨਾ ਕਰਨ ਦਾ ਸੁਭਾਗ ਪ੍ਰਪਤ ਹੋਵੇ। ਸੰਸਾਰ ਵਿਚ ਲੋਕ ਪਹਿਲਾਂ ਦੀ ਤਰ੍ਹਾ ਪ੍ਰੀਵਾਰਕ ਸਮਾਗਮਾਂ ਉਪਰ ਰੌਣਕਾਂ ਦੇ ਅਨੰਦ ਲੈ ਸਕਣ ਅਤੇ ਸਰਕਾਰੀ ਅਦਾਰਿਆ ਰਾਹੀਂ ਦਿਤੀਆ ਜਾਂਦੀਆਂ ਸਹੂਲਤਾ ਦੀ ਵਰਤੋਂ ਕਰ ਸਕਣ।

ਹਰ ਸਾਲ ਦੀ ਤਰ੍ਹਾ ਸਾਡੀ ਸੰਸਥਾ ਵਲੋਂ 2021 ਦਾ ਸਮਾਰਟ ਕਲੰਡਰ ਤਿਆਰ ਹੋ ਚੁਕਾ ਹੈ। ਇਹ ਕਲੰਡਰ ਪੰਜਾਬੀ ਪੋਸਟ ਵਿਚ ਨਵੇਂ ਸਾਲ ਦੇ ਪਹਿਲੇ ਹਫਤੇ ਛਪਣ ਵਾਲੀ ਅਖਬਾਰ ਵਿਚ ਪ੍ਰਕਾਸ਼ਤ ਹੋਵੇਗਾ। ਇਸ ਤੋਂ ਇਲਾਵਾ ਚੋਣਵੇਂ ਗ੍ਰੋਸਰੀ ਸਟੋਰਾਂ ਉਪਰ ਇਸਦੀ ਹਾਰਡ ਕਾਪੀ ਵੀ ਰੱਖੀ ਜਾਵੇਗੀ। ਜਰੂਰਤ ਮੰਦ ਸਜਣ ਉਥੋਂ ਪ੍ਰਾਪਤ ਕਰ ਸਕਦੇ ਹਨ। ਸੀਨੀਅਰ ਕਲੱਬਾਂ ਦੇ ਸੰਚਾਲਕ ਆਪਣੇ ਸਭ ਮੈਂਬਰਾ ਲਈ ਇਕਠੀਆਂ ਕਾਪੀਆ ਪ੍ਰਪਤ ਕਰਨ ਲਈ ਸਾਨੂੰ ਫੋਨ ਕਰ ਸਕਦੇ ਹਨ। ਯਾਦ ਰਹੇ ਕਿ ਇਹ ਕਲੰਡਰ ਭਾਈਚਾਰੇ ਵਿਚ ਬੜਾ ਮਕਬੂਲ ਹੋ ਚੁਕਾ ਹੈ ਕਿਓਂ ਕਿ ਇਕੋ ਪੇਜ ਉਪਰ ਸੰਗਰਾਦ, ਮਸਿਆ ਪੁਨਿਆ ਤੋਂ ਇਲਾਵਾ ਪੰਜਾਬ ਅਤੇ ਕਨੇਡਾ ਦੀਆਂ ਛੁਟੀਆਂ ਦਾ ਵੇਰਵਾ ਅਤੇ ਬੁਧਵਾਰ ਨੂੰ ਗਾਰਬੇਜ ਪ੍ਰੋਗਰਾਮ ਦੀ ਪੂਰੀ ਤਫਸੀਲ ਦਿਤੀ ਹੁੰਦੀ ਹੈ। ਲੋਕ ਸਾਰਾ ਸਾਲ ਇਸ ਕਲੰਡਰ ਨੂੰ ਫਰਿਜ ਉਪਰ ਸਜਾਈ ਰੱਖਦੇ ਹਨ। ਹੋਰ ਜਾਣਕਾਰੀ ਲਈ ਫੋਨ ਹੈ। ਅਜੀਤ ਸਿੰਘ ਰੱਖੜਾ 905 794 7882

# ਸੋਨੀਆ ਸਿੱਧੂ ਵੱਲੋਂ ਫੈਡਰਲ ਸਰਕਾਰ ਵੱਲੋਂ ਪਾਮਾ ਆਰਟ ਗੈਲਰੀ ਲਈ 100,000 ਡਾਲਰ ਦੀ ਫੰਡਿੰਗ ਦਾ ਐਲਾਨ

ਬਰੈਂਪਟਨ ਸਾਊਥ ਦੀ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਪਿਛਲੇ ਹਫ਼ਤੇ ਕੈਨੇਡੀਅਨ ਵਿਰਾਸਤ ਦੇ ਮੰਤਰੀ ਮਾਨਯੋਗ ਸਟੀਵਨ ਗਿਲਬੌਲਟ ਦੀ ਤਰਫੋਂ ਪੀਲ ਆਰਟ ਗੈਲਰੀ ਅਜਾਇਬ ਘਰ (ਪਾਮਾ ਆਰਟ ਗੈਲਰੀ) ਲਈ $100,000 ਦਾ ਨਿਵੇਸ਼ ਕਰਨ ਦਾ ਐਲਾਨ ਕੀਤਾ। ਇਹ ਨਿਵੇਸ਼ ਇਹ ਸੁਨਿਸ਼ਚਿਤ ਕਰੇਗਾ ਕਿ ਕੈਨੇਡੀਅਨ ਵਿਰਾਸਤ ਨੂੰ ਸੁਰੱਖਿਅਤ ਰੱਖਣ ਅਤੇ ਆਪਣੇ ਮਹੱਤਵਪੂਰਨ ਕੰਮ ਨੂੰ ਜਾਰੀ ਰੱਖਣ ਲਈ ਪਾਮਾ ਕੋਲ ਲੋੜੀਂਦੇ ਸਰੋਤ ਮੌਜੂਦ ਹਨ। ਇਹ ਨਿਵੇਸ਼ ਹੈਰੀਟੇਜ ਸੰਸਥਾਵਾਂ ਲਈ ਕੋਵਿਡ -19 ਐਮਰਜੈਂਸੀ ਸਹਾਇਤਾ ਫੰਡ ਅਧੀਨ ਕੀਤਾ ਗਿਆ।

ਬਰੈਂਪਟਨ ਡਾਊਨਟਾਊਨ ਹੱਬ ਅਤੇ ਟ੍ਰਾਂਜ਼ਿਟ ਲਈ ਫੰਡਿੰਗ

ਕੈਨੇਡਾ ਫੈਡਰਲ ਸਰਕਾਰ ਵੱਲੋਂ ਬਰੈਂਪਟਨ ਡਾਊਨਟਾਊਨ ਹੱਬ ਲਈ ਫੰਡਿੰਗ ਦੇ ਪ੍ਰਾਜੈਕਟਾਂ ਲਈ $45.3 ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਦਾ ਐਲਾਨ ਕੀਤਾ ਗਿਆ, ਜੋ ਕਿ ਪਿਛਲੇ ਦਸ ਸਾਲਾਂ 'ਚ ਹੋਏ ਸਭ ਨਿਵੇਸ਼ਾਂ 'ਚੋਂ ਸਭ ਤੋਂ ਵੱਡਾ ਨਿਵੇਸ਼ ਹੈ। ਇਸ ਅਧੀਨ 32 ਬੱਸਾਂ ਦੀ ਖਰੀਦ ਤੋਂ ਇਲਾਵਾ ਅਗਲੇ ਚਾਰ ਸਾਲਾਂ ਵਿੱਚ, 300 ਹਾਈਬ੍ਰਿਡ ਅਤੇ ਰਵਾਇਤੀ ਬੱਸਾਂ ਦੀ ਮੁਰੰਮਤ ਕੀਤੀ ਜਾਏਗੀ, ਆਨ-ਬੋਰਡ ਕੈਮਰੇ ਅਤੇ ਡਿਜੀਟਲ ਵੀਡੀਓ ਰਿਕਾਰਡਰ ਪੂਰੇ ਬੱਸ ਫਲੀਟ ਵਿਚ ਨਵੀਂ ਤਕਨੀਕ ਨਾਲ ਤਬਦੀਲ ਕੀਤੇ ਜਾਣਗੇ ।

ਇਸ ਤੋਂ ਇਲਾਵਾ ਕੌਮੀ ਪੱਧਰ 'ਤੇ ਫੈਡਰਲ ਸਰਕਾਰ ਵੱਲੋਂ ਹੇਠ ਲਿਖੇ ਕਦਮ ਚੁੱਕੇ ਗਏ ਹਨ:

ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ (ਸੀਈਆਰਬੀ)/ਈਆਈ

ਕੈਨੇਡਾ ਫੈਡਰਲ ਸਰਕਾਰ ਵੱਲੋਂ ਐਂਪਲਾਇਮੈਂਟ ਇੰਸ਼ੋਰੈਂਸ (ਈ.ਆਈ.) ਪ੍ਰੋਗਰਾਮ ਅਤੇ ਨਵੇਂ ਆਮਦਨੀ ਸਹਾਇਤਾ ਲਾਭਾਂ ਵਿੱਚ ਤਬਦੀਲੀਆਂ ਅਧੀਨ ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ (ਸੀਈਆਰਬੀ) ਨੂੰ ਵਧਾਇਆ ਗਿਆ ਅਤੇ ਕੈਨੇਡਾ ਰਿਕਵਰੀ ਬੈਨੀਫਿਟ (ਸੀ.ਆਰ.ਬੀ.) ਦੀ ਸ਼ੁਰੂਆਤ ਕੀਤੀ ਗਈ।

ਕੈਨੇਡਾ ਰਿਕਵਰੀ ਬਿਮਾਰੀ ਲਾਭ (ਸੀਆਰਐਸਬੀ) ਦੋ ਹਫਤਿਆਂ ਤੱਕ ਉਹਨਾਂ ਕਾਮਿਆਂ ਨੂੰ $500/ਪ੍ਰਤੀ ਹਫਤਾ ਪ੍ਰਦਾਨ ਕਰੇਗਾ, ਜਿਹੜੇ ਕਾਮੇ ਬਿਮਾਰ ਹਨ ਜਾਂ ਉਨ੍ਹਾਂ ਨੂੰ ਕੋਵਿਡ-19 ਨਾਲ ਜੁੜੇ ਕਾਰਨਾਂ ਕਰਕੇ ਇਕਾਂਤਵਾਸ ਕਰਨਾ ਪੈ ਰਿਹਾ ਹੈ।

ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੀਫਿਟ (ਸੀਆਰਸੀਬੀ) ਲੋੜ੍ਹਵੰਦ ਪਰਿਵਾਰਾਂ ਲਈ ਪ੍ਰਤੀ ਹਫ਼ਤੇ 26 ਹਫਤਿਆਂ ਲਈ $500 ਪ੍ਰਦਾਨ ਕਰੇਗਾ, ਜੋ ਘਰ ਰਹਿ ਕੇ ਕਿਸੇ ਦੀ ਦੇਖਭਾਲ ਕਰ ਰਹੇ ਹਨ, ਜਿਵੇਂ ਕਿ: ਕੋਵਿਡ -19 ਦੇ ਕਾਰਨ ਸਕੂਲ ਜਾਂ ਡੇਅਕੇਅਰਾਂ ਦੇ ਬੰਦ ਹੋਣ ਕਾਰਨ 12 ਸਾਲ ਤੋਂ ਘੱਟ ਉਮਰ ਦਾ ਬੱਚੇ ਦੀ ਦੇਖਭਾਲ ਜਾਂ ਅਪੰਗਤਾ ਜਾਂ ਨਿਰਭਰਤਾ ਵਾਲਾ ਕੋਈ ਪਰਿਵਾਰਕ ਮੈਂਬਰ ਜਾਂ ਬਜ਼ੁਰਗ, ਜੇਕਰ ਉਨ੍ਹਾਂ ਦੇ ਸੰਭਾਲ ਕੇਂਦਰ ਦੀ ਸਹੂਲਤ ਕੋਵਿਡ-19 ਦੇ ਕਾਰਨ ਬੰਦ ਹੈ।

ਕਾਰੋਬਾਰਾਂ ਲਈ ਸਹਾਇਤਾ - ਸਰਕਾਰ ਵੱਲੋਂ ਕਾਰੋਬਾਰਾਂ ਨੂੰ ਸਹਾਇਤਾ ਕੈਨੇਡਾ ਰੈਵੀਨਿਊ ਏਜੰਸੀ ਨੇ ਕੈਨੇਡਾ ਐਮਰਜੈਂਸੀ ਕਿਰਾਇਆ ਸਬਸਿਡੀ (ਸੀਈਆਰਐਸ) ਲਈ ਅਰਜ਼ੀਆਂ ਖੋਲ੍ਹੀਆਂ, ਜਿੱਥੇ ਉਹਨਾਂ ਨੂੰ ਸਬਸਿਡੀ ਲਈ ਸਿੱਧੇ ਤੌਰ 'ਤੇ ਕੈਨੇਡਾ ਰੈਵੀਨਿਊ ਏਜੰਸੀ (ਸੀਆਰਏ) ਮਾਈ ਬਿਜ਼ਨਸ ਅਕਾਊਂਟ, ਜਾਂ ਇੱਕ ਗ੍ਰਾਹਕ ਪੋਰਟਲ ਰਾਹੀਂ ਅਪਲਾਈ ਕਰਨ ਦੀ ਸੁਵਿਧਾ ਦਿੱਤੀ ਗਈ ।ਇਸ ਪ੍ਰੋਗਰਾਮ ਤਹਿਤ ਕਾਰੋਬਾਰਾਂ, ਚੈਰਿਟੀਜ਼ ਅਤੇ ਗੈਰ-ਮੁਨਾਫਿਆਂ ਨੂੰ ਆਰਥਿਕ ਮਦਦ ਪ੍ਰਦਾਨ ਕੀਤੀ ਗਈ । ਸੀਈਆਰਐਸ ਇਸ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਦਿੱਤਾ ਗਿਆ ਸੱਤਵਾਂ ਪ੍ਰੋਗਰਾਮ ਹੈ।

ਕੈਨੇਡਾ ਐਮਰਜੈਂਸੀ ਵੇਜ ਸਬਸਿਡੀ ਨੂੰ ਜੂਨ 2021 ਤੱਕ ਵਧਾਇਆ ਗਿਆ।

ਕੈਨੇਡਾ ਐਮਰਜੈਂਸੀ ਬਿਜਨਸ ਅਕਾਊਂਟ (ਸੀਈਬੀਏ) ਲਈ ਅਰਜ਼ੀ ਦੀ ਆਖਰੀ ਮਿਤੀ 31 ਦਸੰਬਰ, 2020 ਤੱਕ ਵਧਾਈ ਗਈ।

### * ਸੀਨੀਅਰਜ਼ ਦੀ ਸਹਾਇਤਾ ਲਈ ਹੋਏ ਅਹਿਮ ਐਲਾਨ

ਫੈਡਰਲ ਸਰਕਾਰ ਵੱਲੋਂ ਅਪਰੈਲ ਵਿਚ ਵਸਤਾਂ ਅਤੇ ਸੇਵਾਵਾਂ ਕਰ (ਜੀ. ਐੱਸ. ਟੀ.) ਕ੍ਰੈਡਿਟ ਦੇ ਜ਼ਰੀਏ ਇਕ ਸਮੇਂ ਦੇ ਵਿਸ਼ੇਸ਼ ਅਦਾਇਗੀ ਵਿਚ $1.3 ਬਿਲੀਅਨ ਦਾ ਨਿਵੇਸ਼ ਕੀਤਾ ਗਿਆ ਸੀ। ਇਸ ਟਾਪ-ਅਪ ਤੋਂ 4 ਮਿਲੀਅਨ ਤੋਂ ਵੱਧ ਬਜ਼ੁਰਗਾਂ ਨੇ ਫਾਇਦਾ ਉਠਾਇਆ, ਜਿਸ ਨੇ ਇਕੱਲੇ ਬਜ਼ੁਰਗਾਂ ਨੂੰ $375 ਅਤੇ ਸੀਨੀਅਰ ਜੋੜਿਆਂ ਨੂੰ $510 ਦੀ ਸਹਾਇਤਾ ਮੁਹੱਈਆ ਕਰਵਾਈ ਗਈ ਸੀ।

### * ਨਿਊ ਹੋਰਾਈਜਨਜ਼ ਫਾਰ ਸੀਨੀਅਰਜ਼ ਪ੍ਰੋਗਰਾਮ

ਸੀਨੀਅਰਜ਼ ਪ੍ਰੋਗਰਾਮ ਫਾਰ ਹਾਰਈਜਨਜ਼ ਪ੍ਰੋਗਰਾਮ ਲਈ 20 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਗਿਆ। ਇਸ ਤਹਿਤ ਪ੍ਰੋਜੈਕਟਾਂ ਲਈ ਗ੍ਰਾਂਟ ਅਤੇ ਯੋਗਦਾਨ ਦਾ ਐਲਾਨ ਕੀਤਾ ਗਿਆ ਹੈ, ਤਾਂ ਜੋ ਬਜ਼ੁਰਗਾਂ ਦੀ ਭਲਾਈ ਨੂੰ ਬਿਹਤਰ ਬਣਾਉਣ ਅਤੇ ਉਨ੍ਹਾਂ ਦੀ ਸਮਾਜਿਕ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ।

### * ਲੌਂਗ ਟਰਮ ਕੇਅਰ ਹੋਮਾਂ ਲਈ ਨੈਸ਼ਨਲ ਸਟੈਂਡਰਡ ਦੀ ਮੰਗ

ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਵੱਲੋਂ ਪਾਰਲੀਮੈਂਟ 'ਚ ਆਪਣੇ ਹਲਕਾ ਵਾਸੀਆਂ ਦੀਆਂ ਮੁਸ਼ਕਿਲਾਂ ਸਬੰਧੀ ਮੁੱਦਾ ਉਠਾਇਆ ਗਿਆ। ਇਸ ਤੋਂ ਇਲਾਵਾ ਵੀ ਸੋਨੀਆ ਸਿੱਧੂ ਸਮੇਤ 4 ਹੋਰ ਐਮ.ਪੀਜ਼, ਜਿੰਨ੍ਹਾਂ 'ਚ ਗੈਰੀ ਅਨੰਦਸਾਂਗਰੀ, ਯਵਾਨ ਬੇਕਰ, ਜੈਨੀਫਰ ਓ'ਕਨੈਲ, ਅਤੇ ਜੁਡੀ ਸਗਰੋ ਸ਼ਾਮਲ ਹਨ, ਵੱਲੋਂ ਓਨਟਾਰੀਓ ਦੇ ਪ੍ਰੀਮੀਅਰ ਨੂੰ ਮੰਗ ਪੱਤਰ ਲਿਖ ਕੇ ਲੌਂਗ ਟਰਮ ਕੇਅਰ ਹੋਮਜ਼ 'ਚ ਜਨਤਕ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਸੀ। ਇਸਦੇ ਨਾਲ ਹੀ ਉਹਨਾਂ ਨੇ ਪ੍ਰੀਮੀਅਰ ਨੂੰ ਮੰਗ ਪੱਤਰ 'ਚ ਲਿਖੇ ਕੇਅਰ ਹੋਮਜ਼ 'ਚ ਸੁਧਾਰਾਂ ਸਬੰਧੀ ਸੁਝਾਵਾਂ ਨੂੰ ਵੀ ਜਲਦ ਤੋਂ ਜਲਦ ਲਾਗੂ ਕਰਨ ਦੀ ਗੱਲ ਕਹੀ ਸੀ।

ਉਹਨਾਂ ਦੀ ਇਸ ਮੰਗ ਨੂੰ ਮੰਨਦਿਆਂ ਪ੍ਰਧਾਨ ਮੰਤਰੀ ਨੇ ਆਪਣੀ ਥ੍ਰੋਨ ਸਪੀਚ 'ਚ ਇਸ ਅਹਿਮ ਮੁੱਦੇ ਨੂੰ ਅਹਿਮੀਅਤ ਦਿੰਦਿਆਂ ਲੌਂਗ ਟਰਮ ਕੇਅਰ ਹੋਮ ਲਈ ਨੈਸ਼ਨਲ ਸਟੈਂਡਰਡ ਬਣਾਉਣ ਦੀ ਗੱਲ ਕੀਤੀ। ਉਹਨਾਂ ਨੇ ਇਹ ਸਾਫ ਕਰ ਦਿੱਤਾ ਕਿ ਲੌਂਗ ਟਰਮ ਕੇਅਰ ਹੋਮਜ਼ ਲਈ ਨੈਸ਼ਨਲ ਸਟੈਂਡਰਡ ਬਣਨਗੇ ਅਤੇ ਦੇਖ-ਰੇਖ ਹੇਠ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਨ ਵਾਲਿਆਂ ਨੂੰ ਜ਼ੁਰਮਾਨਾ ਦੇਣ ਲਈ ਅਪਰਾਧਿਕ ਕੋਡ ਵਿਚ ਸੋਧ ਕਰਨਗੇ।

### * ਐਮਰਜੈਂਸੀ ਕਮਿਊਨਟੀ ਸਪੋਰਟ ਫੰਡ

ਫੈਡਰਲ ਸਰਕਾਰ ਨੇ 350 ਮਿਲੀਅਨ ਡਾਲਰ ਦੇ ਐਮਰਜੈਂਸੀ ਕਮਿਊਨਟੀ ਸਪੋਰਟ ਫੰਡ ਰਾਹੀਂ ਚੈਰਿਟੀਜ ਅਤੇ ਗੈਰ-ਮੁਨਾਫਾ ਸੰਗਠਨਾਂ ਨੂੰ ਵਾਧੂ ਸਹਾਇਤਾ ਪ੍ਰਦਾਨ ਕਰਨ ਦਾ ਐਲਾਨ ਕੀਤਾ ਹੈ। ਇਸ ਫੰਡਿੰਗ ਨਾਲ ਲੋੜ੍ਹਵੰਦ ਅਤੇ ਸੀਨੀਅਰਜ਼ ਕੈਨੇਡੀਅਨਜ਼ ਦੀਆਂ ਕਈ ਜ਼ਰੂਰਤਾਂ ਜਿਵੇਂ ਕਿ ਗ੍ਰੋਸਰੀ ਅਤੇ ਦਵਾਈਆਂ ਦੀ ਡਿਲੀਵਰੀ, ਬਜ਼ੁਰਗਾਂ ਜਾਂ ਅਪਾਹਜ ਵਿਅਕਤੀਆਂ ਨੂੰ ਕਿਤੇ ਆਉਣ-ਜਾਣ ਦੀ ਮਦਦ ਕਰਨੀ, ਸਰਕਾਰੀ ਲਾਭਾਂ ਲੈਣ 'ਚ ਸਹਾਇਤਾ ਕਰਨੀ, ਸੰਸਥਾਵਾਂ ਵੱਲੋਂ ਵਲੰਟੀਅਰਾਂ ਨੂੰ ਸਿਖਲਾਈ, ਸਪਲਾਈ ਅਤੇ ਹੋਰ ਲੋੜੀਂਦੇ ਸਹਾਇਤਾ ਪ੍ਰਦਾਨ ਕਰਨ ਲਈ ਮਾਲੀ ਮਦਦ ਦਿੱਤੀ ਜਾਵੇਗੀ ਤਾਂ ਜੋ ਉਹ ਕੋਵਿਡ-19 ਨੂੰ ਨਜਿੱਠਣ ਵਿੱਚ ਆਪਣਾ ਯੋਗਦਾਨ ਪਾਉਣਾ ਜਾਰੀ ਰੱਖ ਸਕਣ।

### * "ਸੇਫ਼ ਰਿਟਰਨ ਟੂ ਕਲਾਸ ਫੰਡ" ਰਾਹੀਂ $2 ਬਿਲੀਅਨ ਡਾਲਰ ਦੀ ਸਹਾਇਤਾ ਦੇਣ ਦਾ ਐਲਾਨ

ਇਸ ਤੋਂ ਇਲਾਵਾ ਕੈਨੇਡਾ ਸਰਕਾਰ ਵੱਲੋਂ ਸੁਰੱਖਿਅਤ ਢੰਗ ਨਾਲ ਸਕੂਲਾਂ ਨੂੰ ਮੁੜ ਤੋਂ ਖੋਲ੍ਹਣ ਲਈ "ਸੇਫ਼ ਰਿਟਰਨ ਟੂ ਕਲਾਸ ਫੰਡ" ਜ਼ਰੀਏ ਸੂਬਿਆਂ ਅਤੇ ਪ੍ਰਦੇਸ਼ਾਂ ਲਈ $2 ਬਿਲੀਅਨ ਡਾਲਰ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਹ ਉਨ੍ਹਾਂ ਨੂੰ ਸਥਾਨਕ ਸਕੂਲ ਬੋਰਡਾਂ ਦੇ ਨਾਲ ਕੰਮ ਕਰਕੇ ਸਕੂਲ ਦੇ ਪੂਰੇ ਸਾਲ ਦੌਰਾਨ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੋੜੀਂਦਾ ਪੂਰਕ ਫੰਡ ਮੁਹੱਈਆ ਕਰਵਾਏਗਾ।

### * ਸਾਊਥ ਏਸ਼ੀਅਨ ਹੈਲਪਲਾਈਨ

ਫੈਡਰਲ ਲਿਬਰਲ ਸਰਕਾਰ ਵੱਲੋਂ ਜੀਟੀਏ ਵਿਚ ਦੱਖਣੀ ਏਸ਼ੀਆਈ ਭਾਈਚਾਰੇ (ਸਾਊਥ ਏਸ਼ੀਅਨ) ਲਈ ਇਕ ਕੋਵਿਡ -19 ਹੈਲਪਲਾਈਨ ਜਾਰੀ ਕੀਤੀ ਗਈ, ਜਿਸ ਰਾਹੀ ਕੋਵਿਡ-19 ਦੌਰਾਨ ਸਿਹਤ ਅਤੇ ਸੁਰੱਖਿਆ, ਇਕਾਨਮੀ ਦੇ ਮੁੜ ਖੁੱਲ੍ਹਣ ਦੀਆਂ ਪ੍ਰਕਿਰਿਆਵਾਂ ਬਾਰੇ ਵੇਰਵਾ, ਸਰਕਾਰੀ ਲਾਭਾਂ ਬਾਰੇ ਜਾਣਕਾਰੀ, ਅਤੇ ਸਹਾਇਤਾ ਸੇਵਾਵਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਹੈਲਪਲਾਈਨ ਪੰਜਾਬੀ ਤੋਂ ਇਲਾਵਾ ਅੰਗ੍ਰੇਜ਼ੀ, ਹਿੰਦੀ, ਉਰਦੂ, ਤਾਮਿਲ, ਅਤੇ ਬੰਗਲਾ ਵਿਚ ਗੱਲਬਾਤ ਕਰਨ ਲਈ 24/7 ਉਪਲਬਧ ਹੈ।

ਕੋਵਿਡ-19 ਵੈਕਸੀਨ ਅਤੇ ਪੀਪੀਈ 'ਚ ਵੀ ਕੈਨੇਡਾ ਰਿਹਾ ਮੋਹਰੀ

ਦਸੰਬਰ ਵਿੱਚ ਫਾਈਜ਼ਰ-ਬਾਇਓਐਨਟੈਕ ਕੰਪਨੀ ਵੱਲੋਂ ਬਣਾਈ ਗਈ ਕੋਵਿਡ-19 ਵੈਕਸੀਨ ਦੀ ਪਹਿਲੀ ਕੈਨੇਡਾ ਪਹੁੰਚੀ ਅਤੇ ਓਨਟਾਰੀਓ ਤੇ ਕਿਊਬੈਕ ਵਿੱਚ ਪਹਿਲੇ ਗਰੁੱਪ ਨੂੰ ਡੋਜ਼ਾਂ ਦਿੱਤੀਆਂ ਗਈਆਂ ਅਤੇ ਦੇਸ਼ ਦੀ ਸਭ ਤੋਂ ਵੱਡੀ ਟੀਕਾਕਰਣ ਕੈਂਪੇਨ ਦੀ ਸ਼ੁਰੂਆਤ ਹੋਈ।

ਇਸ ਮਹੀਨੇ ਦੇ ਅੰਤ ਤੱਕ ਮੋਡਰਨਾ ਕੰਪਨੀ ਦੇ ਟੀਕੇ ਦੀਆਂ 168,000 ਖੁਰਾਕਾਂ ਕੈਨੇਡਾ ਵਿੱਚ ਪਹੁੰਚ ਜਾਣਗੀਆਂ ਅਤੇ ਪ੍ਰਵਾਨਗੀ ਮਿਲਣ ਤੋਂ ਬਾਅਦ ਇਨ੍ਹਾਂ ਨੂੰ 48 ਘੰਟਿਆਂ ਵਿੱਚ ਸੂਬਿਆਂ ਅਤੇ ਸ਼ਹਿਰਾਂ ਵਿੱਚ ਵੰਡ ਦਿੱਤਾ ਜਾਵੇਗਾ। ਨਾਲ ਹੀ, ਸਾਡੇ ਕੋਲ ਦੇਸ਼ ਭਰ ਵਿੱਚ ਇਨ੍ਹਾਂ ਡੋਜ਼ਾਂ ਦਾ ਪ੍ਰਬੰਧਨ ਕਰਨ ਲਈ 70 ਸਾਈਟਾਂ ਤਿਆਰ ਹੋ ਚੁੱਕੀਆਂ ਹਨ।

ਦੱਸ ਦੇਈਏ ਕਿ ਦਸੰਬਰ ਦੀ ਸ਼ੁਰੂਆਤੀ ਹਫਤੇ ਦੌਰਾਨ 10 ਸੂਬਿਆਂ 'ਚ ਵੱਖੋ-ਵੱਖ 14 ਸਾਈਟਾਂ ਪਹਿਲਾਂ ਬਣਾਈਆਂ ਗਈਆਂ ਸਨ, ਜਿੰਨ੍ਹਾਂ 'ਤੇ ਕੋਵਿਡ-19 ਵੈਕਸੀਨ ਦੀਆਂ 30,000 ਮੁੱਢਲੀਆਂ ਡੋਜ਼ਾਂ ਦਿੱਤੀਆਂ ਜਾਣ ਦਾ ਪ੍ਰਬੰਧ ਪਹਿਲਾਂ ਹੀ ਕਰ ਲਿਆ ਗਿਆ ਹੈ।

ਇਸ ਪੂਰੇ ਪ੍ਰੋਗਰਾਮ ਦੀ ਨਿਗਰਾਨੀ ਅਤੇ ਪ੍ਰਬੰਧਨ ਦੀ ਜ਼ਿੰਮੇਵਾਰੀ ਤਜ਼ੁਰਬੇਕਾਰ ਅਤੇ ਉੱਘੇ ਫੌਜੀ ਅਧਿਕਾਰੀ ਮੇਜਰ ਜਨਰਲ ਡੈਨੀ ਫੋਰਟਿਨ ਨੂੰ ਸੌਂਪੀ ਗਈ ਹੈ।

ਫਾਈਜ਼ਰ ਅਤੇ ਮੋਡਰਨਾ ਤੋਂ ਇਲਾਵਾ ਐਸਟਰਾਜੈਨੇਕਾ-ਆਕਸਫੋਰਡ ਅਤੇ ਜਾਨਸਨ ਐਂਡ ਜਾਨਸਨ ਵੀ ਸੰਭਾਵੀ ਵੈਕਸੀਨ ਉਮੀਦਵਾਰਾਂ ਦੀ ਸੂਚੀ 'ਚ ਸ਼ਾਮਲ ਹਨ।

### * ਐਨ-95 ਮਾਸਕ ਦੇ ਨਿਰਮਾਣ ਸਹੂਲਤ ਦਾ ਵਿਸਥਾਰ ਕਰਨ ਲਈ ਸਾਂਝੇ ਨਿਵੇਸ਼ ਦਾ ਐਲਾਨ

ਇਸ ਤਹਿਤ 3-ਐਮ ਕੰਪਨੀ ਦੇ ਨਾਲ ਸਮਝੌਤਾ ਕੀਤਾ ਗਿਆ ਹੈ, ਜਿਸਨੂੰ ਮਾਸਕ ਉਤਪਾਦ ਲਈ ਫੈਡਰਲ ਅਤੇ ਸੂਬਾ ਸਰਕਾਰਾਂ ਵੱਲੋਂ $50 ਮਿਲੀਅਨ ਡਾਲਰ ਦੇ ਕਰੀਬ ਫੰਡਿੰਗ ਮੁੱਹਈਆ ਕਰਵਾਈ ਜਾਵੇਗੀ।

ਇਸ ਸਮਝੌਤੇ ਤਹਿਤ ਅਗਲੇ ਆਉਣ ਵਾਲੇ ਪੰਜ ਸਾਲਾਂ ਦੌਰਾਨ ਹਰ ਸਾਲ ਕੁੱਲ $50 ਮਿਲੀਅਨ ਮਾਸਕ ਬਣਾਏ ਜਾਣਗੇ, ਜਿਸ ਨਾਲ ਸਿਹਤ ਮਾਹਰਾਂ, ਫਰੰਟਲਾਈਨ ਵਰਕਰਾਂ ਅਤੇ ਹੋਰ ਜ਼ਰੂਰੀ ਕਾਮਿਆਂ ਨੂੰ ਉਨ੍ਹਾਂ ਦੇ ਮਹੱਤਵਪੂਰਣ ਕੰਮ ਨੂੰ ਜਾਰੀ ਰੱਖਣ ਲਈ ਲੋੜੀਂਦੇ ਉਪਕਰਣਾਂ ਦੀ ਸਹਾਇਤਾ ਹੋ ਸਕੇਗੀ।

ਇਸ ਤੋਂ ਇਲਾਵਾ ਪੀਪੀਈ ਹੱਬ ਕੈਨੇਡਾ ਸਰਕਾਰ ਨੇ ਨਿੱਜੀ ਸੁਰੱਖਿਆ ਉਪਕਰਣ (ਪੀਪੀਈ) ਖਰੀਦਣ ਅਤੇ ਵੇਚਣ ਵਾਲੀਆਂ ਸੰਸਥਾਵਾਂ ਲਈ ਉਪਲਬਧ ਸਰੋਤਾਂ ਨੂੰ ਇਕੱਤਰ ਕਰਨ ਲਈ ਇੱਕ ਨਵਾਂ ਵੈੱਬ ਹੱਬ ਸ਼ੁਰੂ ਕੀਤਾ ਗਿਆ।


### * ਇਮੀਗ੍ਰੇਸ਼ਨ ਸਬੰਧੀ ਅਹਿਮ ਐਲਾਨ

ਕੈਨੇਡਾ ਇਮੀਗ੍ਰੇਸ਼ਨ ਵੱਲੋਂ ਸਪਾਊਸਲ ਵੀਜ਼ਾ ਅਰਜ਼ੀਆਂ ਦੀ ਪ੍ਰਾਸੈਸਿੰਗ 'ਚ 66% ਤੱਕ ਤੇਜ਼ੀ ਲਿਆਉਣ ਦਾ ਐਲਾਨ ਕੀਤਾ ਗਿਆ ਅਤੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਬੁਲਾਉਣ ਲਈ ਪੀਜੀਪੀ 2020 ਪ੍ਰੋਗਰਾਮ ਵੀ 13 ਅਕਤੂਬਰ ਤੋਂ ਸ਼ੁਰੂ ਕੀਤਾ ਗਿਆ। ਇਸ ਪ੍ਰੋਗਰਾਮ 'ਚ ਘੱਟੋ ਘੱਟ ਆਮਦਨੀ ਪਲੱਸ 30% ਦੀ ਸ਼ਰਤ 'ਚ ਢਿੱਲ ਦਿੱਤੀ ਗਈ।ਇਸ ਫੈਸਲਾ ਕੋਵਿਡ-19 ਦੌਰਾਨ ਪਏ ਵਿੱਤੀ ਨੁਕਸਾਨ ਨੂੰ ਧਿਆਨ 'ਚ ਰੱਖ ਕੇ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਨਲਾਈਨ ਸਿਖਲਾਈ ਦੀ ਸਹੂਲਤ ਲਈ ਬਦਲਾਅ ਦੀ ਘੋਸ਼ਣਾ ਕੀਤੀ ਗਈ ਹੈ। ਕੈਨੇਡਾ ਤੋਂ ਬਾਹਰ ਕਿਸੇ ਵੀ ਮੁਲਕ 'ਚ ਕੋਰੋਨਾ ਵਾਇਰਸ ਕਾਰਨ ਆਨਲਾਈਨ ਪੜ੍ਹਾਈ ਸ਼ੁਰੂ ਕਰਨ ਦੀ ਇਜਾਜ਼ਤ ਦੇਣ ਦੇ ਨਾਲ-ਨਾਲ ਡੀਐਲਆਈ ਪ੍ਰਮਾਣਿਤ ਸੰਸਥਾਵਾਂ 'ਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਕੈਨੇਡਾ ਆਉਣ ਦੀ ਆਗਿਆ ਵੀ ਦਿੱਤੀ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143




RE/MAX GOLD
realtorkamalsandhu@gmail.com
www.arearealtor.com

Looking For a Nest..? Call the Best

## ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.


House For Sale




## 3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.


House For Sale




## ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station

House For Sale



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2”, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11” ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜਟੱ ਸਿੱਖ ਲੜਕਾ, ਉਮਰ 28 ਸਾਲ, ਕੱਦ 5’10”, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5’8”, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8”, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5’11”, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5’7”, ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟੱ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3”, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5’3”, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜਟੱ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4”, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜਟੱ ਸਿੱਖ ਲੜਕੀ, ਉਮਰ 29 ਸਾਲ , ਕੱਦ 5’5”, ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654
































BRAMPTON TRUCK
REPAIR & TIRE
Merry Christmas
2021
Happy New Year
ਆਪ ਸਭ ਨੂੰ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ
Open 7 Days
FLEET MAINTENANCE | HEAVY TRUCK REPAIR |
WELDING | TIRES | TRUCK WASH
Mohinder Singh
Gurpreet Dhillon
Call: 905-790-1221 | Fax: 905-790-9889
E-mail: bramptontruckrepair@gmail.com
3 Alfred Kuehne Blvd, Unit 1 Brampton, ON L6T 4K3


HAPPY
NEW YEAR
2021
AKAL Mortgages
MORTGAGE ALLIANCE
AKAL Mortgages
Jaswinder Jajwan
Mortgage Agent
647.968.7357 CELL
416.621.1300 OFF
jjajwan@mortgagealliance.com www.jasjajwan.ca
202-120 Traders Blvd. E, Mississauga, ON L4Z 2H7
License #10845, Independently owned & Operated

# ਫੈਲਣ ਤੋਂ ਰੋਕੋ। ਕੋਵਿਡ-19 ਜਾਨਲੇਵਾ ਹੋ ਸਕਦੀ ਹੈ। ਘਰ ਵਿੱਚ ਰਹੋ। ਜੀਵਨ ਬਚਾਓ।



ontario.ca/coronavirus‘ਤੇ ਜਾਓ

ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario